Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ.ਐੱਸ.ਏ.

Chief Editor: Gurjatinder Singh Randhawa
Punjab Mail USA


FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 906, 14 to 20 May, 2026, Ph: 916-320-9444, E-mail: punjabmailusa@yahoo.com, Web: punjabmailusa.com

## ICE ਦਾ ਦਾਅਵਾ: 10 ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀ ਧੋਖਾਧੜੀ ਦੇ ਮਾਮਲੇ ਸਾਹਮਣੇ ਆਏ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਕਾਰਜਕਾਰੀ ਡਾਇਰੈਕਟਰ ਟੌਡ ਲਿਓਨਜ਼ ਨੇ ਦੱਸਿਆ ਹੈ ਕਿ ਵਿਦੇਸ਼ੀ ਵਿਦਿਆਰਥੀਆਂ ਲਈ ਬਣਾਏ ਗਏ ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ (ਓ.ਪੀ.ਟੀ.) ਪ੍ਰੋਗਰਾਮ ਨਾਲ ਜੁੜੇ 10,000 ਤੋਂ ਵੱਧ ਸੰਭਾਵਿਤ ਧੋਖਾਧੜੀ ਦੇ ਮਾਮਲੇ ਚਿੰਨ੍ਹਿਤ ਕੀਤੇ ਗਏ ਹਨ।




ਵਾਸ਼ਿੰਗਟਨ ਵਿਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ICE ਅਤੇ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਅਧਿਕਾਰੀਆਂ ਨੇ ਓ.ਪੀ.ਟੀ. ਪ੍ਰੋਗਰਾਮ ਦੀ ਜਾਂਚ ਦੇ ਨਤੀਜੇ ਸਾਂਝੇ ਕੀਤੇ। ਓ.ਪੀ.ਟੀ. ਪ੍ਰੋਗਰਾਮ ਅਧੀਨ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ 12 ਮਹੀਨੇ ਜਾਂ ਕੁਝ ਖੇਤਰਾਂ ਵਿਚ 24 ਮਹੀਨੇ ਤੱਕ ਕੰਮ ਕਰਨ ਦੀ ਇਜਾਜ਼ਤ ਮਿਲਦੀ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਨੌਕਰੀ ਰਾਹੀਂ ਐੱਚ-1ਬੀ ਵੀਜ਼ਾ ਵੱਲ ਜਾਣ ਦਾ ਮੌਕਾ ਵੀ ਦਿੰਦਾ ਹੈ।

ਟੌਡ ਲਾਇਅਨਜ਼ ਨੇ ਕਿਹਾ, "ਸਾਡਾ ਦੇਸ਼ ਵਿਦੇਸ਼ੀ ਵਿਦਿਆਰਥੀ ਪ੍ਰੋਗਰਾਮ ਤੋਂ ਪੈਦਾ ਹੋਣ ਵਾਲੇ ਸੁਰੱਖਿਆ ਖ਼ਤਰਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ।" ਅਧਿਕਾਰੀਆਂ ਮੁਤਾਬਕ ਜਾਂਚ ਦੌਰਾਨ ਕਈ ਕੰਪਨੀਆਂ ਅਤੇ ਕਾਰਜ ਸਥਾਨਾਂ 'ਤੇ ਦੌਰੇ ਕੀਤੇ ਗਏ। ਇਸ ਵਿਚ ਅਜਿਹੇ ਮਾਮਲੇ ਸਾਹਮਣੇ ਆਏ, ਜਿੱਥੇ ਓ.ਪੀ.ਟੀ. ਲਾਭਪਾਤਰੀਆਂ ਨੂੰ ਭਾਰਤ ਵਿਚ ਬੈਠੇ ਕਰਮਚਾਰੀਆਂ ਵੱਲੋਂ "ਮੈਨੇਜ" ਕੀਤਾ ਜਾ ਰਿਹਾ ਸੀ, ਜੋ ਪ੍ਰੋਗਰਾਮ ਦੇ ਉਸ ਨਿਯਮ ਦੀ ਉਲੰਘਣਾ ਮੰਨੀ ਗਈ, ਜਿਸ ਅਨੁਸਾਰ ਟ੍ਰੇਨਿੰਗ ਅਤੇ ਨਿਗਰਾਨੀ ਅਮਰੀਕਾ ਅੰਦਰ ਹੋਣੀ ਚਾਹੀਦੀ ਹੈ।

ICE ਨੇ ਇਹ ਵੀ ਦੋਸ਼ ਲਗਾਇਆ ਕਿ ਕੁਝ "ਸ਼ੈੱਲ ਕੰਪਨੀਆਂ" ਵਿੱਤੀ ਧੋਖਾਧੜੀ 'ਚ ਸ਼ਾਮਲ ਸਨ ਅਤੇ ਨਕਲੀ ਰੋਜ਼ਗਾਰ ਦੇ ਜ਼ਰੀਏ ਵਿਦੇਸ਼ੀ ਗ੍ਰੈਜੂਏਟਾਂ ਨੂੰ ਬਿਨਾਂ ਅਸਲੀ ਅਮਰੀਕੀ ਸਪਾਂਸਰਸ਼ਿਪ ਦੇ ਦੇਸ਼ ਵਿਚ ਰਹਿਣ ਵਿਚ ਮਦਦ ਕਰ ਰਹੀਆਂ ਸਨ।

■ ਬਾਕੀ ਖਬਰ ਸਫਾ 14 'ਤੇ

## USCIS ਵੱਲੋਂ ਡਿਪੋਰਟੇਸ਼ਨ ਰੋਕਣ ਲਈ ਨਵੇਂ ਸਖ਼ਤ ਨਿਯਮ ਲਾਗੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS) ਨੇ "ਡੈਫਰਡ ਐਕਸ਼ਨ" ਨਾਲ ਸੰਬੰਧਿਤ ਆਪਣੀ ਨੀਤੀ ਵਿਚ ਵੱਡਾ ਬਦਲਾਅ ਕਰਦਿਆਂ ਹੁਣ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਡਿਪੋਰਟੇਸ਼ਨ ਨੂੰ ਅਸਥਾਈ ਤੌਰ 'ਤੇ ਰੋਕਣ ਦੀ ਛੂਟ ਸਿਰਫ਼ "ਅਸਧਾਰਣ" ਮਾਮਲਿਆਂ ਵਿਚ ਹੀ ਦਿੱਤੀ ਜਾਵੇਗੀ।

ਨਵੀਂ ਪਾਲਿਸੀ ਗਾਈਡਲਾਈਨ ਮੁਤਾਬਕ, ਹੁਣ ਡੈਫਰਡ ਐਕਸ਼ਨ ਕੇਵਲ ਕੇਸ-ਦਰ-ਕੇਸ ਅਧਾਰ 'ਤੇ ਹੀ ਦਿੱਤੀ ਜਾਵੇਗੀ ਅਤੇ ਹਰ ਅਰਜ਼ੀ ਲਈ "ਮਜ਼ਬੂਤ ਜਾਂ ਅਸਧਾਰਣ ਹਾਲਾਤ" ਸਾਬਤ ਕਰਨੇ ਲਾਜ਼ਮੀ ਹੋਣਗੇ। ਇਹ ਨੀਤੀ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਈ ਹੈ।




USCIS ਨੇ ਆਪਣੇ ਬਿਆਨ ਵਿਚ ਕਿਹਾ ਕਿ ਏਜੰਸੀ ਅਮਰੀਕਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰੇਗੀ ਅਤੇ ਸਿਰਫ਼ ਵਿਲੱਖਣ ਮਾਮਲਿਆਂ ਵਿਚ ਹੀ "ਪ੍ਰੋਸੀਕਿਊਟੋਰੀਅਲ ਡਿਸਕਰੈਸ਼ਨ" ਵਰਤੀ ਜਾਵੇਗੀ।

ਨਵੀਂ ਗਾਈਡਲਾਈਨ ਨਾਲ ਹੁਣ ਵੱਡੀਆਂ ਇਮੀਗ੍ਰੈਂਟ ਸ਼੍ਰੇਣੀਆਂ ਨੂੰ ਇਕੱਠੇ ਡੈਫਰਡ ਐਕਸ਼ਨ ਦੇਣ ਦੀ ਪ੍ਰਥਾ ਖਤਮ ਹੋ ਜਾਵੇਗੀ। ਏਜੰਸੀ ਨੇ ਕਿਹਾ ਕਿ ਪਹਿਲਾਂ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਵੱਲੋਂ ਕਈ ਵੱਡੇ ਸਮੂਹਾਂ ਨੂੰ ਬਿਨਾਂ ਵਿਸਥਾਰਪੂਰਵਕ ਵਿਅਕਤੀਗਤ ਜਾਂਚ ਦੇ ਇਹ ਰਾਹਤ ਦਿੱਤੀ ਜਾਂਦੀ ਸੀ, ਪਰ ਹੁਣ ਹਰ ਕੇਸ ਦੀ ਵੱਖਰੇ ਤੌਰ 'ਤੇ ਜਾਂਚ ਕੀਤੀ ਜਾਵੇਗੀ।

USCIS ਨੇ ਇਹ ਵੀ ਸਪੱਸ਼ਟ ਕੀਤਾ ਕਿ ਡਿਪੋਰਟੇਸ਼ਨ ਦਾ ਆਮ ਡਰ, ਆਰਥਿਕ ਮੁਸ਼ਕਲਾਂ ਜਾਂ ਸਧਾਰਣ ਪਰਿਵਾਰਕ ਹਾਲਾਤ ਹੁਣ ਡੈਫਰਡ ਐਕਸ਼ਨ ਲਈ ਕਾਫ਼ੀ ਨਹੀਂ ਮੰਨੇ ਜਾਣਗੇ। ਕੇਵਲ ਕੋਈ ਇਮੀਗ੍ਰੇਸ਼ਨ ਬੇਨੀਫਿਟ ਅਰਜ਼ੀ ਲਗਾਉਣਾ ਵੀ ਇਸ ਰਾਹਤ ਲਈ ਯੋਗਤਾ ਨਹੀਂ ਬਣੇਗਾ, ਜਦ ਤੱਕ ਉਸਦਾ ਸਿੱਧਾ ਕਾਨੂੰਨੀ ਆਧਾਰ ਨਾ ਹੋਵੇ।

ਏਜੰਸੀ ਨੇ ਮੰਨਿਆ ਕਿ ਪੁਰਾਣੀਆਂ ਨੀਤੀਆਂ ਹੇਠ ਕਈ ਲੋਕਾਂ ਨੇ ਨੌਕਰੀਆਂ, ਰਹਿਣ ਲਈ ਘਰ ਅਤੇ ਸਿੱਖਿਆ ਵਰਗੇ ਮਾਮਲਿਆਂ ਵਿਚ ਆਪਣੀ ਜ਼ਿੰਦਗੀ ਸੈੱਟ ਕੀਤੀ ਹੋਈ ਹੈ। ਪਰ USCIS ਨੇ ਕਿਹਾ ਕਿ ਡੈਫਰਡ ਐਕਸ਼ਨ "ਅਸਥਾਈ" ਹੁੰਦੀ ਹੈ ਅਤੇ ਇਸ ਨਾਲ ਲੰਬੇ ਸਮੇਂ ਲਈ ਕੋਈ ਕਾਨੂੰਨੀ ਹੱਕ ਪੈਦਾ ਨਹੀਂ ਹੁੰਦਾ।

■ ਬਾਕੀ ਖਬਰ ਸਫਾ 14 'ਤੇ

## 2026 ਫੀਫਾ ਵਰਲਡ ਕੱਪ ਦੌਰਾਨ ਸਟੇਡੀਅਮਾਂ 'ਚ ICE ਦੀ ਮੌਜੂਦਗੀ ਨਹੀਂ ਹੋਵੇਗੀ

**ਵਾਸ਼ਿੰਗਟਨ, (ਪੰਜਾਬ ਮੇਲ)**- ਫੀਫਾ ਵਰਲਡ ਕੱਪ 2026 ਤੋਂ ਪਹਿਲਾਂ ਅਮਰੀਕਾ 'ਚ ਇਮੀਗ੍ਰੇਸ਼ਨ ਏਜੰਸੀ ICE ਦੀ ਭੂਮਿਕਾ ਨੂੰ ਲੈ ਕੇ ਚੱਲ ਰਹੀਆਂ ਚਿੰਤਾਵਾਂ ਵਿਚਕਾਰ ਹੁਣ ਇੱਕ ਵੱਡਾ ਅਪਡੇਟ ਸਾਹਮਣੇ ਆਇਆ ਹੈ।



ਕੁਝ ਮਹੀਨੇ ਪਹਿਲਾਂ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਡਾਇਰੈਕਟਰ ਟੌਡ ਲਿਓਨਜ਼ ਨੇ ਕਿਹਾ ਸੀ ਕਿ ICE ਅਤੇ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ ਵਰਲਡ ਕੱਪ ਦੀ ਸੁਰੱਖਿਆ ਪ੍ਰਬੰਧਾਂ ਦਾ ਇੱਕ ਅਹਿਮ ਹਿੱਸਾ ਹੋਣਗੇ। ਉਨ੍ਹਾਂ ਮੁਤਾਬਕ ਏਜੰਸੀ ਦਾ ਮਕਸਦ ਟੂਰਨਾਮੈਂਟ ਵਿਚ ਸ਼ਾਮਲ ਖਿਡਾਰੀਆਂ ਅਤੇ ਦਰਸ਼ਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ।

ਪਰ ਹੁਣ ਰੋਡਨੀ ਬੈਰੇਟੋ ਨੇ ਸਪੱਸ਼ਟ ਕੀਤਾ ਹੈ ਕਿ ਮੈਚਾਂ ਦੌਰਾਨ ਸਟੇਡੀਅਮਾਂ 'ਚ ICE ਦੀ ਮੌਜੂਦਗੀ ਨਹੀਂ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਟੂਰਨਾਮੈਂਟ ਨੂੰ ਕਿਸੇ "ਇਮੀਗ੍ਰੇਸ਼ਨ ਕਾਰਵਾਈ" ਵਿਚ ਤਬਦੀਲ ਕਰਨ ਦਾ ਕੋਈ ਇਰਾਦਾ ਨਹੀਂ ਹੈ।

ਬਾਰੇਟੋ ਨੇ ਕਿਹਾ, "ICE ਸਟੇਡੀਅਮ ਵਿਚ ਨਹੀਂ ਹੋਵੇਗੀ। ਇਹ ਕਿਸੇ ਨੂੰ ਇਕੱਠਾ ਕਰਕੇ ਗ੍ਰਿਫ਼ਤਾਰ ਕਰਨ ਵਾਲੀ ਕਾਰਵਾਈ ਨਹੀਂ ਬਣੇਗੀ। ਇਹ ਸਭ ਲਈ ਇੱਕ ਸ਼ਾਨਦਾਰ ਤਜਰਬਾ ਹੋਵੇਗਾ।"

ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਸਿੱਧੀ ਗੱਲਬਾਤ ਮਾਰਕੋ ਰੂਬੀਓ ਨਾਲ ਹੋਈ ਹੈ, ਜਿਨ੍ਹਾਂ ਨੇ ਭਰੋਸਾ ਦਿਵਾਇਆ ਕਿ ਵਿਦੇਸ਼ੀ ਦਰਸ਼ਕਾਂ ਲਈ ਪਾਸਪੋਰਟ ਅਤੇ ਯਾਤਰਾ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਬੇਵਜ੍ਹਾ ਰੁਕਾਵਟਾਂ ਜਾਂ ਦੇਰੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਬਾਰੇਟੋ ਨੇ ਕਿਹਾ ਕਿ ਆਯੋਜਕਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਦਰਸ਼ਕਾਂ ਅਤੇ ਸੈਲਾਨੀਆਂ ਲਈ ਸੁਰੱਖਿਅਤ ਅਤੇ ਸੁਚੱਜਾ ਤਜਰਬਾ ਯਕੀਨੀ ਬਣਾਇਆ ਜਾਵੇਗਾ।

## ਕੈਲੀਫੋਰਨੀਆ 'ਚ ਇੱਕ ਦਿਨ ਵਿਚ 11 ਹਜ਼ਾਰ ਤੋਂ ਵੱਧ ਸਪੀਡਿੰਗ ਟਿਕਟਾਂ ਜਾਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਕੈਲੀਫੋਰਨੀਆ ਹਾਈਵੇਅ ਪੈਟਰੋਲ ਨੇ ਇੱਕ ਵੱਡੀ 24 ਘੰਟਿਆਂ ਦੀ ਸਟੇਟਵਾਈਡ ਕਾਰਵਾਈ ਦੌਰਾਨ 11,767 ਸਪੀਡਿੰਗ ਟਿਕਟਾਂ ਜਾਰੀ ਕੀਤੀਆਂ ਹਨ। ਇਸ ਕਾਰਵਾਈ 'ਚ 200 ਡਰਾਈਵਰਾਂ ਨੂੰ 100 ਮੀਲ ਪ੍ਰਤੀ ਘੰਟਾ ਤੋਂ ਵੱਧ ਗਤੀ ਨਾਲ ਗੱਡੀ ਚਲਾਉਂਦੇ ਹੋਏ ਫੜਿਆ ਗਿਆ, ਜਿਨ੍ਹਾਂ ਵਿਚੋਂ ਕੁਝ ਦੇ ਲਾਇਸੈਂਸ ਤੁਰੰਤ ਰੱਦ ਹੋਣ ਦੀ ਸੰਭਾਵਨਾ ਹੈ।

ਇਹ ਕਾਰਵਾਈ "ਮੈਕਸੀਮਮ ਇਨਫੋਰਸਮੈਂਟ ਪੀਰੀਅਡ" ਦੇ ਤਹਿਤ ਕੀਤੀ ਗਈ, ਜੋ 28 ਅਪ੍ਰੈਲ ਸਵੇਰੇ 6 ਵਜੇ ਤੋਂ ਅਗਲੇ ਦਿਨ ਸਵੇਰੇ 5:59 ਵਜੇ ਤੱਕ ਚੱਲੀ। ਇਸ ਦੌਰਾਨ ਕੈਲੀਫੋਰਨੀਆ ਭਰ ਦੀਆਂ ਹਾਈਵੇਜ਼ 'ਤੇ ਵੱਡੇ ਪੱਧਰ 'ਤੇ ਪੁਲਿਸ ਤਾਇਨਾਤ ਰਹੀ ਅਤੇ ਸਪੀਡਿੰਗ 'ਤੇ ਖਾਸ ਧਿਆਨ ਦਿੱਤਾ ਗਿਆ।

ਅੰਕੜਿਆਂ ਮੁਤਾਬਕ, ਕੁੱਲ 23,087 ਇਨਫੋਰਸਮੈਂਟ ਕਾਰਵਾਈਆਂ ਕੀਤੀਆਂ ਗਈਆਂ ਅਤੇ 19,564 ਟਿਕਟਾਂ ਜਾਰੀ ਹੋਈਆਂ। ਇਸ ਦਾ ਮਤਲਬ ਹੈ ਕਿ ਲਗਭਗ ਹਰ ਮਿੰਟ ਵਿਚ 13 ਤੋਂ ਵੱਧ ਟਿਕਟਾਂ ਦਿੱਤੀਆਂ ਗਈਆਂ।

### ■ ਸੈਂਕੜੇ ਡਰਾਈਵਰਾਂ ਨੂੰ ਲਾਇਸੈਂਸ ਰੱਦ ਹੋਣ ਦਾ ਖਤਰਾ



ਜ਼ਿਆਦਾਤਰ ਉਲੰਘਣਾਵਾਂ 100 ਮੀਲ ਪ੍ਰਤੀ ਘੰਟਾ ਤੋਂ ਘੱਟ ਗਤੀ ਨਾਲ ਸਪੀਡਿੰਗ ਦੀਆਂ ਸਨ, ਪਰ 11,567 ਕੇਸਾਂ ਵਿਚ ਡਰਾਈਵਰਾਂ ਨੇ ਸਪੀਡ ਲਿਮਿਟ ਤੋਂ ਵੱਧ ਗਤੀ ਨਾਲ ਗੱਡੀ ਚਲਾਈ।

ਨਵੇਂ ਨਿਯਮਾਂ ਅਨੁਸਾਰ, ਗੰਭੀਰ ਸਪੀਡਿੰਗ ਜਾਂ ਰੈਸ਼ ਡ੍ਰਾਈਵਿੰਗ ਦੇ ਮਾਮਲਿਆਂ 'ਚ ਕੈਲੀਫੋਰਨੀਆ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਨੂੰ ਇਹ ਅਧਿਕਾਰ ਹੈ ਕਿ ਉਹ ਅਦਾਲਤੀ ਕਾਰਵਾਈ ਤੋਂ ਪਹਿਲਾਂ ਹੀ ਲਾਇਸੈਂਸ ਸਸਪੈਂਡ ਜਾਂ ਰੱਦ ਕਰ ਸਕਦੀ ਹੈ। ਇਸ ਨਾਲ ਡਰਾਈਵਰਾਂ ਲਈ ਨਤੀਜੇ ਹੋਰ ਗੰਭੀਰ ਹੋ ਗਏ ਹਨ।


ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਸੜਕ ਸੁਰੱਖਿਆ ਲਈ ਜ਼ਰੂਰੀ ਹੈ, ਕਿਉਂਕਿ ਉੱਚ ਗਤੀ ਨਾਲ ਗੱਡੀ ਚਲਾਉਣ ਨਾਲ ਰੀਐਕਸ਼ਨ ਸਮਾਂ ਘਟਦਾ ਹੈ ਅਤੇ ਹਾਦਸਿਆਂ ਦੀ ਸੰਭਾਵਨਾ ਵੱਧ ਜਾਂਦੀ ਹੈ।

ਪਰ ਇਸ ਨਾਲ ਇਕ ਵੱਡੀ ਚਰਚਾ ਵੀ ਸ਼ੁਰੂ ਹੋ ਗਈ ਹੈ ਕਿ ਕੀ ਸਿਰਫ਼ ਗਤੀ ਸੀਮਾ ਤੋੜਨ 'ਤੇ ਇੰਨੀ ਸਖ਼ਤ ਕਾਰਵਾਈ, ਖ਼ਾਸ ਕਰਕੇ ਬਿਨਾਂ ਅਦਾਲਤੀ ਫੈਸਲੇ ਤੋਂ ਪਹਿਲਾਂ ਲਾਇਸੈਂਸ ਰੱਦ ਕਰਨਾ, ਨਿਆਂਸੰਗਤ ਹੈ ਜਾਂ ਨਹੀਂ।

ਕਾਰ ਪ੍ਰੇਮੀ ਅਤੇ ਆਮ ਡਰਾਈਵਰਾਂ ਲਈ ਇਹ ਨੀਤੀਆਂ ਚਿੰਤਾ ਦਾ ਕਾਰਨ ਬਣ ਰਹੀਆਂ ਹਨ, ਕਿਉਂਕਿ ਕੈਲੀਫੋਰਨੀਆ ਵਰਗੇ ਰਾਜਾਂ ਵਿਚ ਗੱਡੀ ਚਲਾਉਣਾ ਰੋਜ਼ਾਨਾ ਜੀਵਨ ਦੀ ਲੋੜ ਹੈ ਅਤੇ ਲਾਇਸੈਂਸ ਰੱਦ ਹੋ ਜਾਣਾ ਵੱਡਾ ਆਰਥਿਕ ਅਤੇ ਨਿੱਜੀ ਪ੍ਰਭਾਵ ਪਾ ਸਕਦਾ ਹੈ।

## ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ਼ ਕਾਰਵਾਈ ਹੋਰ ਤੇਜ਼

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਹੋਰ ਤੇਜ਼ ਹੋਣ ਜਾ ਰਹੀ ਹੈ। ਨਵੇਂ ਫੈਡਰਲ ਰਿਕਾਰਡਾਂ ਮੁਤਾਬਕ, ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਦੇ ਸੈਂਕੜੇ ਨਵੇਂ ਅਧਿਕਾਰੀ ਅਤੇ ਸਟਾਫ਼ ਨੂੰ ਦੇਸ਼ ਭਰ ਵਿਚ ਤਾਇਨਾਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।



ਇਹ ਤਾਇਨਾਤੀਆਂ ਸਿਰਫ਼ ਨਿਊਯਾਰਕ, ਹਿਊਸਟਨ, ਮਿਆਮੀ ਅਤੇ ਅਟਲਾਂਟਾ ਵਰਗੇ ਵੱਡੇ ਸ਼ਹਿਰਾਂ ਤੱਕ ਸੀਮਤ ਨਹੀਂ ਰਹਿਣਗੀਆਂ, ਸਗੋਂ ਵਰਮਾਂਟ, ਮੇਨ ਅਤੇ ਦੱਖਣੀ ਡਕੋਟਾ ਦੇ ਛੋਟੇ ਕਸਬਿਆਂ ਤੱਕ ਵੀ ICE ਦੀ ਪਹੁੰਚ ਵਧਾਈ ਜਾ ਰਹੀ ਹੈ।

ਰਿਪੋਰਟਾਂ ਅਨੁਸਾਰ, ICE ਲਗਭਗ 330 ਅਧਿਕਾਰੀਆਂ ਨੂੰ 40 ਤੋਂ ਵੱਧ ਰਾਜਾਂ ਅਤੇ ਪਿਊਰਟੋ ਰਿਕੋ ਵਿਚ ਤਾਇਨਾਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਸਭ ਤੋਂ ਵੱਧ ਤਾਇਨਾਤੀ ਟੈਕਸਾਸ ਵਿਚ ਹੋਵੇਗੀ, ਜਿੱਥੇ ਕਰੀਬ 49 ਅਧਿਕਾਰੀ ਭੇਜੇ ਜਾਣਗੇ। ਟਰੰਪ ਪ੍ਰਸ਼ਾਸਨ ਨੇ ਪਹਿਲਾਂ ਮਿਨੀਆਪੋਲਿਸ ਅਤੇ ਲਾਸ ਏਂਜਲਸ ਵਰਗੇ ਸ਼ਹਿਰਾਂ ਵਿਚ ਵੱਡੇ ਪੱਧਰ 'ਤੇ ਛਾਪੇਮਾਰੀ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਸਨ, ਜਿਸ ਕਾਰਨ ਕਾਫ਼ੀ ਵਿਵਾਦ ਵੀ ਹੋਇਆ ਸੀ। ਹੁਣ ਸਰਕਾਰ "ਘੱਟ ਸ਼ੋਰ ਪਰ ਵੱਧ ਕਾਰਵਾਈ" ਵਾਲੀ ਰਣਨੀਤੀ 'ਤੇ ਕੰਮ ਕਰ ਰਹੀ ਹੈ।

ਨਵੇਂ ਹੋਮਲੈਂਡ ਸਕਿਓਰਿਟੀ ਸੈਕਟਰੀ ਮਾਰਕਵੇਨ ਮੁਲਿਨ ਨੇ ਕਿਹਾ ਕਿ ਕਾਰਵਾਈ ਰੁਕੀ ਨਹੀਂ ਹੈ, ਸਗੋਂ ਹੁਣ "ਵੱਖਰੇ ਢੰਗ ਨਾਲ" ਕੀਤੀ ਜਾ ਰਹੀ ਹੈ। ■ ਬਾਕੀ ਖਬਰ ਸਫਾ 14 'ਤੇ

## ਕਰੂਜ਼ ਸ਼ਿਪ 'ਤੇ ਹੰਟਾਵਾਇਰਸ ਦਾ ਕਹਿਰ: ਡਬਲਯੂ.ਐੱਚ.ਓ. ਦੀ ਚੇਤਾਵਨੀ

**ਵਾਸ਼ਿੰਗਟਨ, (ਪੰਜਾਬ ਮੇਲ)**- ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਕਿਹਾ ਹੈ ਕਿ ਹੰਟਾਵਾਇਰਸ (**hantavirus**) ਦੇ ਪ੍ਰਕੋਪ ਨਾਲ ਪ੍ਰਭਾਵਿਤ ਕਰੂਜ਼ ਸ਼ਿਪ 'ਤੇ ਸਵਾਰ ਸਾਰੇ ਲੋਕਾਂ ਨੂੰ "ਉੱਚ-ਜ਼ੋਖਮ" ਸੰਪਰਕ ਮੰਨਿਆ ਜਾਣਾ ਚਾਹੀਦਾ ਹੈ ਅਤੇ 42 ਦਿਨਾਂ ਤੱਕ ਉਨ੍ਹਾਂ ਦੀ ਸਰਗਰਮ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਵਿਸ਼ਵ ਸਿਹਤ ਸੰਗਠਨ ਦੀ ਮਹਾਂਮਾਰੀ ਦੀ ਤਿਆਰੀ ਅਤੇ ਰੋਕਥਾਮ ਵਿਭਾਗ ਦੀ ਨਿਰਦੇਸ਼ਕ, ਮਾਰੀਆ ਵਾਨ ਕੇਰਖੋਵ ਨੇ ਇੱਕ ਮੀਡੀਆ ਬ੍ਰੀਫਿੰਗ ਵਿਚ ਦੱਸਿਆ, "ਅਸੀਂ ਜਹਾਜ਼ ਵਿਚ ਸਵਾਰ ਹਰ ਵਿਅਕਤੀ ਨੂੰ 'ਉੱਚ-ਜ਼ੋਖਮ ਸੰਪਰਕ' ਵਜੋਂ ਸ਼੍ਰੇਣੀਬੱਧ ਕਰਦੇ ਹਾਂ।" ਉਨ੍ਹਾਂ ਨੋਟ ਕੀਤਾ ਕਿ ਫਿਲਹਾਲ "ਜਹਾਜ਼ 'ਤੇ ਸਵਾਰ ਕਿਸੇ ਵੀ ਵਿਅਕਤੀ ਵਿਚ ਕੋਈ ਲੱਛਣ ਨਹੀਂ ਹਨ," ਪਰ ਉਨ੍ਹਾਂ ਨੇ ਸਿਫਾਰਸ਼ ਕੀਤੀ ਕਿ "ਜਹਾਜ਼ ਤੋਂ ਉਤਰਨ ਵਾਲੇ ਸਾਰੇ ਯਾਤਰੀਆਂ ਅਤੇ ਸਟਾਫ਼ ਦੀ 42 ਦਿਨਾਂ ਦੀ ਮਿਆਦ ਲਈ ਸਰਗਰਮ ਨਿਗਰਾਨੀ ਅਤੇ ਫਾਲੋ-ਅਪ ਕੀਤਾ ਜਾਵੇ।"



ਹਾਲਾਂਕਿ, ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਮ ਲੋਕਾਂ ਅਤੇ ਕੈਨਰੀ ਟਾਪੂਆਂ ਦੇ ਲੋਕਾਂ ਲਈ ਖਤਰਾ "ਘੱਟ" ਹੈ, ਜਿੱਥੇ 10 ਮਈ ਨੂੰ ਐੱਮ.ਵੀ. ਹੋਂਡਿਅਸ ਜਹਾਜ਼ ਦੇ ਪਹੁੰਚਣ ਦੀ ਉਮੀਦ ਹੈ। ਵਿਸ਼ਵ ਸਿਹਤ ਸੰਗਠਨ ਦੀ 9 ਮਈ ਦੀ ਰਿਪੋਰਟ ਅਨੁਸਾਰ 2 ਮਈ ਨੂੰ ਕਰੂਜ਼ ਸ਼ਿਪ 'ਤੇ ਗੰਭੀਰ ਸਾਹ ਦੀ ਬਿਮਾਰੀ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਸੀ। ਉਸ ਸਮੇਂ ਜਹਾਜ਼ 'ਤੇ 147 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸਨ, ਜਦੋਂ ਕਿ 34 ਹੋਰ ਪਹਿਲਾਂ ਹੀ ਉਤਰ ਚੁੱਕੇ ਸਨ।

■ ਬਾਕੀ ਖਬਰ ਸਫਾ 14 'ਤੇ

# ਸੁਪਰਵਾਈਜ਼ਰ ਪੈਟਰਿਕ ਦੇ ਹੱਕ 'ਚ ਫੰਡਰੇਜ਼ਿੰਗ ਸਮਾਗਮ






**ਸੈਕਰਾਮੈਂਟੋ, (ਪੰਜਾਬ ਮੇਲ)**- ਸੈਕਰਾਮੈਂਟੋ ਕਾਊਂਟੀ ਦੇ ਸੁਪਰਵਾਈਜ਼ਰ ਪੈਟਰਿਕ ਦੇ ਹੱਕ ਵਿਚ ਫੰਡਰੇਜ਼ਿੰਗ ਸਮਾਗਮ ਜਸਪ੍ਰੀਤ ਸਿੰਘ ਅਟਾਰਨੀ ਦੇ ਦਫ਼ਤਰ ਵਿਖੇ ਕਰਵਾਇਆ ਗਿਆ। ਇਸ ਮੌਕੇ ਗੁਰਦੁਆਰਾ ਬਰਾਡਸ਼ਾਅ ਰੋਡ ਦੇ ਪ੍ਰਬੰਧਕਾਂ ਸਮੇਤ ਕਈ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਆਗੂ ਹਾਜ਼ਰ ਸਨ।

ਸਭ ਤੋਂ ਪਹਿਲਾਂ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਸੁਪਰਵਾਈਜ਼ਰ ਪੈਟਰਿਕ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਗੁਰਦੁਆਰਾ ਬਰਾਡਸ਼ਾਅ ਰੋਡ ਵਿਖੇ ਕਰਵਾਏ ਜਾਂਦੇ ਨਗਰ ਕੀਰਤਨ ਲਈ ਪੈਟਰਿਕ ਵੱਲੋਂ ਦਿੱਤੀ ਗਈ ਮਦਦ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜੇ ਪੈਟਰਿਕ ਦਾ ਸਾਥ ਨਾ ਮਿਲਦਾ, ਤਾਂ ਨਗਰ ਕੀਰਤਨ ਸ਼ੁਰੂ ਕਰਵਾਉਣਾ ਬਹੁਤ ਮੁਸ਼ਕਲ ਹੋ ਸਕਦਾ ਸੀ।








ਗੁਰਦੁਆਰਾ ਬਰਾਡਸ਼ਾਅ ਰੋਡ ਕਮੇਟੀ ਦੇ ਮੈਂਬਰਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਭਾਈਚਾਰੇ ਨੂੰ ਪੈਟਰਿਕ ਵਰਗੇ ਸਹਿਯੋਗੀ ਲੀਡਰਾਂ ਦੀ ਲੋੜ ਹੈ। ਸਮਾਗਮ ਦੌਰਾਨ ਹੋਰ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਸੁਪਰਵਾਈਜ਼ਰ ਪੈਟਰਿਕ ਨੇ ਸਭ ਹਾਜ਼ਰ ਸ਼ਖ਼ਸੀਅਤਾਂ ਅਤੇ ਪੰਜਾਬੀ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦੀ ਚੋਣ ਮੁਹਿੰਮ ਲਈ ਧਨ ਰਾਸ਼ੀ ਵੀ ਇਕੱਠੀ ਕੀਤੀ ਗਈ।

ਉਨ੍ਹਾਂ ਦੀਆਂ ਚੋਣਾਂ 2 ਜੂਨ ਨੂੰ ਹੋਣ ਜਾ ਰਹੀਆਂ ਹਨ। ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਗਈ ਕਿ ਉਹ ਵੱਧ ਤੋਂ ਵੱਧ ਵੋਟਾਂ ਪਾ ਕੇ ਸੁਪਰਵਾਈਜ਼ਰ ਪੈਟਰਿਕ ਨੂੰ ਜਿਤਾਉਣ ਵਿਚ ਆਪਣਾ ਯੋਗਦਾਨ ਪਾਉਣ।

## ਅਮਰੀਕੀ ਇਮੀਗ੍ਰੇਸ਼ਨ ਜੱਜਾਂ ਵੱਲੋਂ ਜਾਰੀ ਦੇਸ਼ ਛੱਡਣ ਦੇ ਹੁਕਮਾਂ ਦੀ ਗਿਣਤੀ ਲਗਭਗ ਦੋਗੁਣੀ ਹੋਈ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਇਮੀਗ੍ਰੇਸ਼ਨ ਜੱਜਾਂ ਵੱਲੋਂ ਜਾਰੀ ਕੀਤੇ ਜਾਣ ਵਾਲੇ "ਰਿਮੂਵਲ ਆਰਡਰ" ਯਾਨੀ ਦੇਸ਼ ਛੱਡਣ ਦੇ ਹੁਕਮਾਂ ਦੀ ਗਿਣਤੀ ਲਗਭਗ ਦੋਗੁਣੀ ਹੋ ਗਈ ਹੈ। ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦੇ ਚਲਦੇ ਹੁਣ ਵੱਡੀ ਗਿਣਤੀ ਵਿਚ ਪ੍ਰਵਾਸੀਆਂ ਖ਼ਿਲਾਫ਼ ਡਿਪੋਰਟੇਸ਼ਨ ਕਾਰਵਾਈ ਕੀਤੀ ਜਾ ਰਹੀ ਹੈ।

ਅੰਕੜਿਆਂ ਅਨੁਸਾਰ ਮਾਰਚ 2026 ਵਿਚ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਵੱਲੋਂ ਕਰੀਬ 47,900 ਨਵੇਂ ਰਿਮੂਵਲ ਕੇਸ ਦਰਜ ਕੀਤੇ ਗਏ, ਜਦਕਿ ਪਿਛਲੇ ਸਾਲ ਇਹ ਗਿਣਤੀ ਲਗਭਗ 24 ਹਜ਼ਾਰ ਸੀ।

ਰਿਪੋਰਟ 'ਚ ਦੱਸਿਆ ਗਿਆ ਹੈ ਕਿ ਇਮੀਗ੍ਰੇਸ਼ਨ ਅਦਾਲਤਾਂ ਵਿਚ ਇਸ ਸਾਲ ਹੁਣ ਤੱਕ 3.2 ਮਿਲੀਅਨ ਤੋਂ ਵੱਧ ਕੇਸ ਲੰਬਿਤ ਹਨ ਅਤੇ ਮਾਰਚ 2026 ਵਿਚ ਹੀ 57 ਹਜ਼ਾਰ ਤੋਂ ਵੱਧ ਲੋਕਾਂ ਨੂੰ ਦੇਸ਼ ਤੋਂ ਕੱਢਣ ਦੇ ਹੁਕਮ ਜਾਰੀ ਕੀਤੇ ਗਏ। ਇਸਦੇ ਨਾਲ ਹੀ ਕਈ ਪ੍ਰਵਾਸੀ ਲੰਬੀ ਹਿਰਾਸਤ ਅਤੇ ਕਾਨੂੰਨੀ ਮੁਸ਼ਕਲਾਂ ਕਾਰਨ ਆਪਣੇ ਕੇਸ ਵਾਪਸ ਲੈ ਕੇ ਖੁਦ ਹੀ ਅਮਰੀਕਾ ਛੱਡਣ ਲਈ ਮਜਬੂਰ ਹੋ ਰਹੇ ਹਨ। ਰਿਪੋਰਟ ਮੁਤਾਬਕ 2025 ਤੋਂ 2026 ਦਰਮਿਆਨ 80 ਹਜ਼ਾਰ ਤੋਂ ਵੱਧ ਲੋਕਾਂ ਨੇ "ਸਵੈਇੱਛਤ ਵਿਦਾਇਗੀ" ਲਈ ਅਰਜ਼ੀਆਂ ਦਿੱਤੀਆਂ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਾਰਵਾਈ ਅਮਰੀਕੀ ਸਰਹੱਦਾਂ ਨੂੰ ਸੁਰੱਖਿਅਤ ਬਣਾਉਣ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਕੀਤੀ ਜਾ ਰਹੀ ਹੈ।

## ਅਮਰੀਕੀ ਪ੍ਰਸ਼ਾਸਨ ਵੱਲੋਂ ਵਿਦੇਸ਼ਾਂ 'ਚ ਜਨਮੇ ਅਮਰੀਕੀ ਨਾਗਰਿਕਾਂ ਖਿਲਾਫ਼ "ਡੀਨੈਚਰਲਾਈਜ਼ੇਸ਼ਨ" ਮੁਹਿੰਮ ਵਧਾਉਣ ਦਾ ਐਲਾਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਪ੍ਰਸ਼ਾਸਨ ਨੇ ਵਿਦੇਸ਼ਾਂ ਵਿਚ ਜਨਮੇ ਕੁਝ ਅਮਰੀਕੀ ਨਾਗਰਿਕਾਂ ਖ਼ਿਲਾਫ਼ "ਡੀਨੈਚਰਲਾਈਜ਼ੇਸ਼ਨ" ਮੁਹਿੰਮ ਨੂੰ ਵੱਡੇ ਪੱਧਰ 'ਤੇ ਵਧਾਉਣ ਦਾ ਐਲਾਨ ਕੀਤਾ ਹੈ। ਇਸ ਕਾਰਵਾਈ ਤਹਿਤ ਉਨ੍ਹਾਂ ਲੋਕਾਂ ਦੀ ਨਾਗਰਿਕਤਾ ਰੱਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਨ੍ਹਾਂ 'ਤੇ ਧੋਖਾਧੜੀ, ਗੰਭੀਰ ਅਪਰਾਧਾਂ ਜਾਂ ਅੱਤਵਾਦ ਨਾਲ ਸੰਬੰਧਿਤ ਦੋਸ਼ ਹਨ।

ਅਮਰੀਕੀ ਨਿਆਂ ਵਿਭਾਗ ਵੱਲੋਂ ਦੇਸ਼ ਭਰ ਦੀਆਂ ਅਦਾਲਤਾਂ ਵਿਚ ਕਰੀਬ ਇੱਕ ਦਰਜਨ ਮਾਮਲੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚ ਭਾਰਤ ਸਮੇਤ ਕਈ ਦੇਸ਼ਾਂ ਤੋਂ ਆਏ ਕੁਦਰਤੀਕ੍ਰਿਤ ਅਮਰੀਕੀ ਨਾਗਰਿਕ ਸ਼ਾਮਲ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੇ ਗਲਤ ਜਾਣਕਾਰੀ ਦੇ ਕੇ ਜਾਂ ਝੂਠੇ ਦਸਤਾਵੇਜ਼ਾਂ ਰਾਹੀਂ ਨਾਗਰਿਕਤਾ ਹਾਸਲ ਕੀਤੀ ਸੀ।

ਰਿਪੋਰਟਾਂ ਮੁਤਾਬਕ 1990 ਤੋਂ 2017 ਤੱਕ ਅਜਿਹੇ ਕੇਸ ਬਹੁਤ ਘੱਟ ਰਹੇ, ਪਰ ਹੁਣ ਟਰੰਪ ਪ੍ਰਸ਼ਾਸਨ ਦੇ ਦੌਰ ਵਿਚ ਇਹ ਕਾਰਵਾਈ ਕਾਫ਼ੀ ਤੇਜ਼ ਹੋ ਰਹੀ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਨਾਗਰਿਕਤਾ ਰੱਦ ਕਰਨਾ ਇੱਕ ਲੰਬੀ ਅਤੇ ਜਟਿਲ ਕਾਨੂੰਨੀ ਪ੍ਰਕਿਰਿਆ ਹੈ ਅਤੇ ਇਸ ਲਈ ਫੈਡਰਲ ਅਦਾਲਤ ਦੀ ਮਨਜ਼ੂਰੀ ਲਾਜ਼ਮੀ ਹੁੰਦੀ ਹੈ।

ਇਸ ਫੈਸਲੇ ਤੋਂ ਬਾਅਦ ਪ੍ਰਵਾਸੀ ਭਾਈਚਾਰੇ ਵਿਚ ਚਿੰਤਾ ਦਾ ਮਾਹੌਲ ਹੈ। ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਜੇ ਕਿਸੇ ਨੇ ਨਾਗਰਿਕਤਾ ਲਈ ਅਰਜ਼ੀ ਦੌਰਾਨ ਗਲਤ ਜਾਣਕਾਰੀ ਦਿੱਤੀ ਹੋਵੇ ਜਾਂ ਗੰਭੀਰ ਅਪਰਾਧ ਛੁਪਾਏ ਹੋਣ, ਤਾਂ ਸਰਕਾਰ ਕਾਨੂੰਨੀ ਕਾਰਵਾਈ ਕਰ ਸਕਦੀ ਹੈ।

## ਅਮਰੀਕਾ ਵੱਲੋਂ ਐਂਟਰੀ-ਲੈਵਲ ਤੋਂ ਤਜ਼ਰਬੇਕਾਰ ਸ਼੍ਰੇਣੀਆਂ ਤੱਕ ਦੀਆਂ ਤਨਖਾਹਾਂ 'ਚ ਵੱਡਾ ਫੇਰਬਦਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਇਕ ਨਵੇਂ ਪ੍ਰਸਤਾਵ ਅਨੁਸਾਰ, ਐਂਟਰੀ-ਲੈਵਲ ਤੋਂ ਲੈ ਕੇ ਤਜ਼ਰਬੇਕਾਰ ਸ਼੍ਰੇਣੀਆਂ ਤੱਕ ਦੀਆਂ ਤਨਖਾਹਾਂ ਵਿਚ ਵੱਡਾ ਫੇਰਬਦਲ ਕੀਤਾ ਜਾ ਰਿਹਾ ਹੈ। ਜਿੱਥੇ ਪਹਿਲਾਂ ਸ਼ੁਰੂਆਤੀ ਪੱਧਰ ਦੇ ਕਾਮਿਆਂ ਦੀ ਪ੍ਰਚਲਿਤ ਤਨਖਾਹ ਲਗਭਗ 73,279 ਡਾਲਰ ਸਾਲਾਨਾ ਸੀ, ਉੱਥੇ ਹੀ ਹੁਣ ਇਸਨੂੰ ਵਧਾ ਕੇ 97,746 ਡਾਲਰ ਕਰਨ ਦੀ ਤਿਆਰੀ ਹੈ। ਇਸੇ ਤਰ੍ਹਾਂ ਲੈਵਲ 4 ਦੇ ਸਭ ਤੋਂ ਸੀਨੀਅਰ ਕਰਮਚਾਰੀਆਂ ਦੀ ਤਨਖਾਹ ਹੁਣ 175,464 ਡਾਲਰ ਤੱਕ ਪਹੁੰਚ ਸਕਦੀ ਹੈ। ਅਮਰੀਕੀ ਸਰਕਾਰ ਦਾ ਦਾਅਵਾ ਹੈ ਕਿ ਮੌਜੂਦਾ ਤਨਖਾਹ ਢਾਂਚਾ 20 ਸਾਲ ਪੁਰਾਣਾ ਹੈ, ਜਿਸਦਾ ਫਾਇਦਾ ਉਠਾ ਕੇ ਕੰਪਨੀਆਂ ਅਕਸਰ ਵਿਦੇਸ਼ੀ ਕਾਮਿਆਂ ਨੂੰ ਸਸਤੀ ਦਰ 'ਤੇ ਕੰਮ 'ਤੇ ਰੱਖ ਲੈਂਦੀਆਂ ਹਨ।

ਹਾਲਾਂਕਿ, ਇਸ ਫੈਸਲੇ ਨੇ ਆਈ.ਟੀ. ਇੰਡਸਟਰੀ ਅਤੇ ਛੋਟੀਆਂ ਕੰਪਨੀਆਂ (ਸਟਾਰਟਅੱਪਸ) ਵਿਚ ਇੱਕ ਬਹਿਸ ਛੇੜ ਦਿੱਤੀ ਹੈ। ਕਈ ਮਾਹਿਰਾਂ ਦਾ ਕਹਿਣਾ ਹੈ ਕਿ ਤਨਖਾਹਾਂ ਵਿਚ ਇੰਨਾ ਭਾਰੀ ਵਾਧਾ ਹੋਣ ਨਾਲ ਛੋਟੀਆਂ ਕੰਪਨੀਆਂ ਲਈ ਨਵੇਂ ਵਿਦਿਆਰਥੀਆਂ (ਫਰੈਸ਼ਰ) ਨੂੰ 'Hire' ਕਰਨਾ ਬੇਹੱਦ ਮੁਸ਼ਕਿਲ ਹੋ ਜਾਵੇਗਾ। ਯਾਦ ਰਹੇ ਕਿ ਪਿਛਲੇ ਸਾਲ ਹੀ ਪ੍ਰਸ਼ਾਸਨ ਨੇ ਐੱਚ-1ਬੀ ਉਮੀਦਵਾਰਾਂ ਲਈ 1,00,000 ਡਾਲਰ ਦੀ ਭਾਰੀ ਫੀਸ ਲਗਾਈ ਸੀ, ਜਿਸ ਤੋਂ ਬਾਅਦ ਹੁਣ ਇਹ ਤਨਖਾਹ ਵਧਾਉਣ ਵਾਲਾ ਕਦਮ ਭਾਰਤੀ ਪੇਸ਼ੇਵਰਾਂ ਲਈ ਮਿਲੇ-ਜੁਲੇ ਨਤੀਜੇ ਲੈ ਕੇ ਆ ਸਕਦਾ ਹੈ। ਫਿਲਹਾਲ ਇਹ ਨਿਯਮ 26 ਮਈ ਤੱਕ ਜਨਤਕ ਟਿੱਪਣੀਆਂ ਲਈ ਖੁੱਲ੍ਹਾ ਹੈ। ਇਸ ਤੋਂ ਬਾਅਦ ਕਿਰਤ ਵਿਭਾਗ ਇਨ੍ਹਾਂ ਪ੍ਰਤੀਕਿਰਿਆਵਾਂ ਦੀ ਜਾਂਚ ਕਰੇਗਾ ਅਤੇ ਫਿਰ ਅੰਤਿਮ ਫੈਸਲਾ ਸੁਣਾਇਆ ਜਾਵੇਗਾ। ਜੇਕਰ ਇਹ ਨਿਯਮ ਲਾਗੂ ਹੁੰਦਾ ਹੈ, ਤਾਂ ਇਹ ਐੱਚ-1ਬੀ ਦੇ ਨਾਲ-ਨਾਲ ਐੱਚ1ਬੀ1, ਈ-3 ਅਤੇ PERM ਲੇਬਰ ਪ੍ਰੋਗਰਾਮਾਂ 'ਤੇ ਵੀ ਵੱਡਾ ਪ੍ਰਭਾਵ ਪਾਵੇਗਾ। ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਅਗਲੇ ਕੁਝ ਹਫ਼ਤੇ ਬੇਹੱਦ 'ਮਹੱਤਵਪੂਰਨ' ਰਹਿਣ ਵਾਲੇ ਹਨ।

## ਸਟਾਕਟਨ ਅਧਾਰਿਤ ਪੰਜਾਬੀ ਮੋਟਰਸਾਈਕਲ ਕਲੱਬ ਦੇ ਸੰਸਥਾਪਕ ਨੂੰ 5 ਸਾਲ ਤੋਂ ਵੱਧ ਦੀ ਕੈਦ



**ਸਟਾਕਟਨ, (ਪੰਜਾਬ ਮੇਲ)**- ਲੋਡਾਈ ਨਿਵਾਸੀ ਇੱਕ 27 ਸਾਲਾ ਪੰਜਾਬੀ ਨੂੰ ਗੈਰਕਾਨੂੰਨੀ ਤੌਰ 'ਤੇ ਹਥਿਆਰਾਂ ਦੀ ਖਰੀਦ-ਫਰੋਖ਼ਤ ਕਰਨ ਅਤੇ ਮਸ਼ੀਨ ਗੰਨ ਰੱਖਣ ਦੇ ਦੋਸ਼ਾਂ ਹੇਠ 5 ਸਾਲ, 4 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ। ਇਹ ਫ਼ੈਸਲਾ ਡੇਲ ਏ. ਡ੍ਰੋਜ਼ਡ ਵੱਲੋਂ ਸੁਣਾਇਆ ਗਿਆ। ਇਹ ਜਾਣਕਾਰੀ ਅਮਰੀਕੀ ਅਟਾਰਨੀ ਐਰਿਕ ਗਰਾਂਟ ਨੇ ਦਿੱਤੀ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ, ਇਹ ਪੰਜਾਬੀ ਇੱਕ ਮੋਟਰਸਾਈਕਲ ਕਲੱਬ ਦਾ ਸੰਸਥਾਪਕ ਸੀ।

ਉਕਤ ਪੰਜਾਬੀ ਨੇ ਇੱਕ ਅੰਡਰਕਵਰ ਅਫਸਰ ਨੂੰ ਕਈ ਹਥਿਆਰ ਵੇਚਣ ਦੀ ਕੋਸ਼ਿਸ਼ ਕੀਤੀ ਸੀ, ਜਿਨ੍ਹਾਂ ਵਿਚ ਇੱਕ ਛੋਟੀ ਨਲੀ ਵਾਲੀ ਰਾਈਫ਼ਲ, ਤਿੰਨ ਅਸਾਲਟ ਹਥਿਆਰ, ਤਿੰਨ ਮਸ਼ੀਨ ਗੰਨ ਕਨਵਰਜ਼ਨ ਡਿਵਾਈਸ ਅਤੇ ਇੱਕ ਰਿਵਾਲਵਰ ਸ਼ਾਮਲ ਸਨ। ਬਾਅਦ ਵਿਚ ਉਸਦੇ ਘਰ ਦੀ ਤਲਾਸ਼ੀ ਦੌਰਾਨ ਹੋਰ ਹਥਿਆਰ ਵੀ ਬਰਾਮਦ ਹੋਏ, ਜਿਨ੍ਹਾਂ ਵਿਚ ਇੱਕ ਮਸ਼ੀਨ ਗੰਨ, ਹੋਰ ਮਸ਼ੀਨ ਗੰਨ ਕਨਵਰਜ਼ਨ ਡਿਵਾਈਸ ਅਤੇ ਇੱਕ ਸਾਇਲੈਂਸਰ ਵੀ ਸ਼ਾਮਲ ਸੀ।

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇਸ ਪੰਜਾਬੀ ਦੇ ਵਾਹਨ ਅਤੇ ਘਰ ਤੋਂ ਉੱਚ ਸਮਰੱਥਾ ਵਾਲੇ ਡਰਮ ਮੈਗਜ਼ੀਨ ਵੀ ਮਿਲੇ। ਇਸ ਤੋਂ ਇਲਾਵਾ ਇੱਕ ਪਾਈਨਐਪਲ-ਸਟਾਈਲ ਹੈਂਡ ਗ੍ਰਨੇਡ ਅਤੇ ਇੱਕ ਸੰਭਾਵਿਤ ਫੌਜੀ ਕਲੇਮੋਰ ਮਾਈਨ ਵੀ ਬਰਾਮਦ ਕੀਤੀ ਗਈ। ਸੈਨ ਜੈਕੁਇਨ ਕਾਊਂਟੀ ਸ਼ੈਰਿਫ ਦਫਤਰ ਦੀ ਬੰਬ ਟੀਮ ਨੇ ਮੌਕੇ 'ਤੇ ਹੀ ਇਹ ਧਮਾਕਾਖੇਜ਼ ਸਮੱਗਰੀ ਨਸ਼ਟ ਕਰ ਦਿੱਤੀ।

ਦੋ ਦਿਨ ਬਾਅਦ, ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵੱਲੋਂ ਜਾਣਕਾਰੀ ਮਿਲੀ ਕਿ ਉਕਤ ਪੰਜਾਬੀ ਨੇ ਭਾਰਤ ਜਾਣ ਲਈ ਟਿਕਟ ਬੁੱਕ ਕਰਵਾਈ ਹੈ ਅਤੇ ਅੰਤਰਰਾਸ਼ਟਰੀ ਏਅਰਪੋਰਟ ਤੋਂ ਉਡਾਣ ਭਰਨ ਵਾਲਾ ਹੈ। ਅਧਿਕਾਰੀਆਂ ਨੇ ਉਸਨੂੰ ਹਵਾਈ ਅੱਡੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ, ਜਿਸ ਨਾਲ ਉਹ ਦੇਸ਼ ਛੱਡਣ ਤੋਂ ਪਹਿਲਾਂ ਹੀ ਕਾਬੂ ਆ ਗਿਆ।

# ਨਿਊਯਾਰਕ ’ਚ ਬਜ਼ੁਰਗ ਸਿੱਖ ਟੈਕਸੀ ਡਰਾਈਵਰ ’ਤੇ ਹਮਲਾ!



**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਵਿਚ ਇੱਕ ਵਾਰ ਫਿਰ ਨਸਲੀ ਹਿੰਸਾ ਦਾ ਮਾਮਲਾ ਸਾਹਮਣੇ ਆਇਆ ਹੈ। ਨਿਊਯਾਰਕ ਸਿਟੀ ਵਿਚ ਇੱਕ ਬਜ਼ੁਰਗ ਸਿੱਖ ਟੈਕਸੀ ਡਰਾਈਵਰ ਨਾਲ ਕੁੱਟਮਾਰ ਦੀ ਘਟਨਾ ਵਾਪਰੀ ਹੈ। ਵਾਇਰਲ ਵੀਡੀਓ ਵਿਚ ਦਿਖਾਇਆ ਗਿਆ ਹੈ ਕਿ ਸੜਕ ਕਿਨਾਰੇ ਬਹਿਸ ਤੋਂ ਬਾਅਦ ਇੱਕ ਵਿਅਕਤੀ ਨੇ ਬਜ਼ੁਰਗ ਸਿੱਖ ਡਰਾਈਵਰ ਨੂੰ ਜ਼ੋਰ ਨਾਲ ਧੱਕਾ ਦੇ ਕੇ ਜ਼ਮੀਨ ’ਤੇ ਸੁੱਟ ਦਿੱਤਾ। ਕੈਨੇਡਾ ਅਤੇ ਅਮਰੀਕਾ ਵਿਚ ਸਿੱਖ ਭਾਈਚਾਰੇ ਦੇ ਲੋਕਾਂ ’ਤੇ ਹਮਲੇ ਲਗਾਤਾਰ ਵੱਧ ਰਹੇ ਹਨ।

ਕਥਿਤ ਤੌਰ ’ਤੇ ਹਮਲਾਵਰ ਨੇ ਡਰਾਈਵਰ ’ਤੇ ਦੂਜੀ ਗੱਡੀ ਨਾਲ ਟੱਕਰ ਮਾਰਨ ਦਾ ਦੋਸ਼ ਲਗਾਇਆ। ਬਹਿਸ ਦੌਰਾਨ ਉਸ ਨੇ ਧਮਕੀਆਂ ਵੀ ਦਿੱਤੀਆਂ ਅਤੇ ਫਿਰ ਡਰਾਈਵਰ ਨੂੰ ਧੱਕਾ ਦੇ ਕੇ ਡਿੱਗਾ ਦਿੱਤਾ। ਇਸ ਘਟਨਾ ਵਿਚ ਡਰਾਈਵਰ ਨੂੰ ਸੱਟਾਂ ਵੀ ਲੱਗੀਆਂ। ਕਥਿਤ ਤੌਰ ’ਤੇ ਬਜ਼ੁਰਗ ਸਿੱਖ ’ਤੇ ਇੱਕ ਅਫਰੀਕੀ-ਅਮਰੀਕੀ ਵਿਅਕਤੀ ਵੱਲੋਂ ਹਮਲਾ ਕੀਤਾ ਗਿਆ ਸੀ। ਘਟਨਾ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਲੋਕਾਂ ਵਿਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਕਈ ਯੂਜ਼ਰਜ਼ ਨੇ ਇਸਨੂੰ ਗੰਭੀਰ ਅਤੇ ਚਿੰਤਾਜਨਕ ਦੱਸਿਆ ਹੈ। ਸਿੱਖ ਸੰਸਥਾਵਾਂ ਅਤੇ ਭਾਈਚਾਰੇ ਦੇ ਆਗੂਆਂ ਨੇ ਇਸ ਹਮਲੇ ਦੀ ਕੜੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਖ਼ਾਸ ਕਰਕੇ ਬਜ਼ੁਰਗਾਂ ਅਤੇ ਟੈਕਸੀ ਵਰਗੀਆਂ ਜਨਤਕ ਸੇਵਾਵਾਂ ਵਿਚ ਕੰਮ ਕਰ ਰਹੇ ਸਿੱਖ ਡਰਾਈਵਰਾਂ ਦੀ ਸੁਰੱਖਿਆ ਬਾਰੇ ਚਿੰਤਾ ਜਤਾਈ ਹੈ।

ਨਿਊਯਾਰਕ ਦੇ ਅਧਿਕਾਰੀਆਂ ਨੇ ਅਜੇ ਤੱਕ ਇਸ ਘਟਨਾ ’ਤੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਜਵਾਬਦੇਹੀ ਲਈ ਵਧ ਰਹੇ ਦਬਾਅ ਦੇ ਮੱਦੇਨਜ਼ਰ ਜਾਂਚ ਸ਼ੁਰੂ ਹੋਣ ਦੀ ਉਮੀਦ ਹੈ। ਇਸ ਤੋਂ ਪਹਿਲਾਂ 22 ਅਪ੍ਰੈਲ ਨੂੰ ਵੁੱਡਸਟਾਕ ਵਿਚ ਵੀ ਇੱਕ ਬਜ਼ੁਰਗ ਸਿੱਖ ਵਿਅਕਤੀ ਨਾਲ ਕਥਿਤ ਧੱਕਾ-ਮੁੱਕੀ ਅਤੇ ਗਾਲੀ-ਗਲੌਚ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸਨੂੰ ਨਫ਼ਰਤ ਤੋਂ ਪ੍ਰੇਰਿਤ ਹਮਲਾ ਦੱਸਿਆ ਗਿਆ। ਅਮਰੀਕਾ ਵਿਚ ਸਿੱਖ ਟੈਕਸੀ ਡਰਾਈਵਰਾਂ ’ਤੇ ਪਹਿਲਾਂ ਵੀ ਗੰਭੀਰ ਅਤੇ ਘਾਤਕ ਹਮਲੇ ਹੋ ਚੁੱਕੇ ਹਨ, ਜਿਸ ਕਾਰਨ ਭਾਈਚਾਰੇ ਵਿਚ ਸੁਰੱਖਿਆ ਨੂੰ ਲੈ ਕੇ ਚਿੰਤਾ ਲਗਾਤਾਰ ਵੱਧ ਰਹੀ ਹੈ।

# ਪੈਨਸਿਲਵੇਨੀਆ ਬੰਦਰਗਾਹ ਤੋਂ ਭਾਰਤੀ ਮਰਚੈਂਟ ਨੇਵੀ ਅਫਸਰ ਲਾਪਤਾ; ਪਰਿਵਾਰ ਚਿੰਤਤ

**ਪੈਨਸਿਲਵੇਨੀਆ, (ਪੰਜਾਬ ਮੇਲ)-** ਅਮਰੀਕਾ ਦੇ ‘ਮਾਰਕਸ ਹੁੱਕ’ ਬੰਦਰਗਾਹ ’ਤੇ ਇੱਕ ਭਾਰਤੀ ਮਰਚੈਂਟ ਨੇਵੀ ਅਫਸਰ ਦੇ ਰਹੱਸਮਈ ਢੰਗ ਨਾਲ ਲਾਪਤਾ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਕਾਰਨ ਉਸਦੇ ਪਰਿਵਾਰ ’ਚ ਭਾਰੀ ਚਿੰਤਾ ਪਾਈ ਜਾ ਰਹੀ ਹੈ। ਲਾਪਤਾ ਵਿਅਕਤੀ ਦੀ ਪਹਿਚਾਣ ਮਨੀਸ਼ ਦਵੇਦੀ ਵਜੋਂ ਹੋਈ ਹੈ, ਜੋ ਭਾਰਤ ਦਾ ਨਿਵਾਸੀ ਹੈ ਅਤੇ ਮਰਚੈਂਟ ਨੇਵੀ ਵਿਚ ਸੈਕੰਡ ਅਫਸਰ ਦੇ ਅਹੁਦੇ ’ਤੇ ਤਾਇਨਾਤ ਸੀ।



ਜਾਣਕਾਰੀ ਮੁਤਾਬਕ ਮਨੀਸ਼ ਦਵੇਦੀ “Sifnos Lady” ਨਾਮਕ ਜਹਾਜ਼ ’ਤੇ ਡਿਊਟੀ ਕਰ ਰਿਹਾ ਸੀ। ਇਹ ਜਹਾਜ਼ ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਦੇ ‘ਮਾਰਕਸ ਹੁੱਕ’ ਪੋਰਟ ’ਤੇ ਪਹੁੰਚਿਆ ਹੋਇਆ ਸੀ। 7 ਮਈ ਨੂੰ ਮਨੀਸ਼ ਆਪਣੇ ਕੁਝ ਹੋਰ ਸਾਥੀ ਕਰਮਚਾਰੀਆਂ ਨਾਲ ਜਹਾਜ਼ ਤੋਂ ਬਾਹਰ ਗਿਆ ਸੀ। ਇਸ ਦੌਰਾਨ ਕਿਸੇ ਗੈਰਕਾਨੂੰਨੀ ਗਤੀਵਿਧੀ ਦੇ ਸ਼ੱਕ ’ਚ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਬਾਅਦ ਵਿਚ ਪੁਲਿਸ ਵੱਲੋਂ ਉਸ ਨੂੰ ਇੱਕ ਸਾਈਟੇਸ਼ਨ ਜਾਰੀ ਕਰਕੇ ਅਤੇ ਅਗਲੀ ਅਦਾਲਤੀ ਪੇਸ਼ੀ ਦੇ ਹੁਕਮ ਦੇ ਕੇ ਰਿਹਾਅ ਕਰ ਦਿੱਤਾ ਗਿਆ।


ਦੱਸਿਆ ਜਾ ਰਿਹਾ ਹੈ ਕਿ ਮਨੀਸ਼ ਦੇ ਹੋਰ ਸਾਥੀ ਵਾਪਸ ਜਹਾਜ਼ ’ਤੇ ਚਲੇ ਗਏ ਸਨ, ਪਰ ਮਨੀਸ਼ ਨਾ ਤਾਂ ਜਹਾਜ਼ ’ਤੇ ਵਾਪਸ ਆਇਆ ਅਤੇ ਨਾ ਹੀ ਉਸ ਨੇ ਕਿਸੇ ਨਾਲ ਸੰਪਰਕ ਕੀਤਾ। ਇਸ ਤੋਂ ਬਾਅਦ ਜਹਾਜ਼ ਆਪਣੀ ਅਗਲੀ ਮੰਜ਼ਿਲ ਵੱਲ ਰਵਾਨਾ ਹੋ ਗਿਆ। ਮਨੀਸ਼ ਦਾ ਮੋਬਾਈਲ ਫੋਨ ਲਗਾਤਾਰ ਬੰਦ ਆ ਰਿਹਾ ਹੈ ਅਤੇ ਉਸ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਰਹੀ।

ਪਰਿਵਾਰਕ ਮੈਂਬਰਾਂ ਮੁਤਾਬਕ ਮਨੀਸ਼ ਦੇ ਅਮਰੀਕਾ ਵਿਚ ਨਾ ਕੋਈ ਰਿਸ਼ਤੇਦਾਰ ਹਨ ਅਤੇ ਨਾ ਹੀ ਕੋਈ ਕਰੀਬੀ ਦੋਸਤ, ਜਿਸ ਕਾਰਨ ਚਿੰਤਾ ਹੋਰ ਵੱਧ ਗਈ ਹੈ। ਸਥਾਨਕ ਅਧਿਕਾਰੀਆਂ ਨੂੰ ਇਸ ਮਾਮਲੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਸਦੀ ਭਾਲ ਜਾਰੀ ਹੈ।

ਪਰਿਵਾਰ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਨੂੰ ਮਨੀਸ਼ ਦਵੇਦੀ ਬਾਰੇ ਕੋਈ ਜਾਣਕਾਰੀ ਮਿਲਦੀ ਹੈ ਜਾਂ ਉਹ ਕਿਤੇ ਨਜ਼ਰ ਆਉਂਦਾ ਹੈ, ਤਾਂ ਤੁਰੰਤ ਸਥਾਨਕ ਪੁਲਿਸ ਜਾਂ ਸੰਬੰਧਿਤ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ, ਤਾਂ ਜੋ ਉਸਨੂੰ ਸੁਰੱਖਿਅਤ ਤਰੀਕੇ ਨਾਲ ਲੱਭਿਆ ਜਾ ਸਕੇ।

ਇਹ ਮਾਮਲਾ ਹੁਣ ਭਾਰਤੀ ਭਾਈਚਾਰੇ ਵਿਚ ਵੀ ਚਰਚਾ ਦਾ ਵਿਸ਼ਾ ਬਣ ਗਿਆ ਹੈ ਅਤੇ ਲੋਕ ਮਨੀਸ਼ ਦੀ ਸੁਰੱਖਿਅਤ ਵਾਪਸੀ ਲਈ ਦੁਆ ਕਰ ਰਹੇ ਹਨ।

# ਅਮਰੀਕੀ ਰਾਸ਼ਟਰਪਤੀ ਟਰੰਪ ਦੀ ਦੌਲਤ ’ਚ ਹੋਇਆ ਵੱਡਾ ਵਾਧਾ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਦੌਲਤ ਵਿਚ ਪਿਛਲੇ ਇੱਕ ਸਾਲ ਦੌਰਾਨ ਕਾਫ਼ੀ ਵਾਧਾ ਹੋਇਆ ਹੈ। ਤਾਜ਼ਾ ਅੰਕੜਿਆਂ ਮੁਤਾਬਕ, ਉਨ੍ਹਾਂ ਦੀ ਕੁੱਲ ਨਿੱਜੀ ਸੰਪਤੀ ਹੁਣ 6.5 ਅਰਬ ਡਾਲਰ ਤੱਕ ਪਹੁੰਚ ਗਈ ਹੈ, ਜੋ ਪਿਛਲੇ ਸਾਲ ਨਾਲੋਂ 1.4 ਅਰਬ ਡਾਲਰ ਜ਼ਿਆਦਾ ਹੈ।

ਫੋਰਬਸ ਅਨੁਸਾਰ, ਟਰੰਪ ਦੀ ਦੌਲਤ ਵਿਚ ਇਹ ਵਾਧਾ ਸਭ ਤੋਂ ਵੱਧ ਉਨ੍ਹਾਂ ਦੇ ਕ੍ਰਿਪਟੋ ਕਾਰੋਬਾਰ ਤੋਂ ਆਇਆ। 2024 ਵਿਚ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਨੇ ਵਰਲਡ ਲਿਬਰਟੀ ਫਾਈਨਾਂਸ਼ੀਅਲ ਨਾਂ ਦੀ ਕੰਪਨੀ ਸ਼ੁਰੂ ਕੀਤੀ ਸੀ। ਇਸ ਕੰਪਨੀ ਦੇ ਡਿਜ਼ੀਟਲ ਟੋਕਨ ਵੇਚ ਕੇ ਉਨ੍ਹਾਂ ਨੇ ਲਗਭਗ 550 ਮਿਲੀਅਨ ਡਾਲਰ ਕਮਾਏ। ਇਸ ਤੋਂ ਇਲਾਵਾ, ਕੰਪਨੀ ਦਾ 49% ਹਿੱਸਾ ਇੱਕ ਯੂ.ਏ.ਈ. ਨਾਲ ਜੁੜੀ ਨਿਵੇਸ਼ ਫਰਮ ਨੂੰ ਵੇਚਣ ਨਾਲ ਹੋਰ 200 ਮਿਲੀਅਨ ਡਾਲਰ ਮਿਲੇ।

ਟਰੰਪ ਦੀ ਕ੍ਰਿਪਟੋ ਸੰਪਤੀ ਵਿਚ ਉਨ੍ਹਾਂ ਦੇ ਦੋ ਪ੍ਰਸਿੱਧ ਟੋਕਨ $WLFI ਅਤੇ $TRUMP ਵੀ ਸ਼ਾਮਲ ਹਨ। ਫੋਰਬਸ ਮੁਤਾਬਕ, ਇਨ੍ਹਾਂ ਦੀ ਮਿਲੀ-ਜੁਲੀ ਕੀਮਤ ਲਗਭਗ 570 ਮਿਲੀਅਨ ਡਾਲਰ ਹੈ। ਨਾਲ ਹੀ ਕੰਪਨੀ ਵਿਚ ਬਚੀ 38% ਹਿੱਸੇਦਾਰੀ ਦੀ ਕੀਮਤ ਵੀ ਕਰੀਬ 240 ਮਿਲੀਅਨ ਡਾਲਰ ਮੰਨੀ ਗਈ ਹੈ।

ਇੱਕ ਹੋਰ ਵੱਡਾ ਕਾਰਣ ਉਹ ਕਾਨੂੰਨੀ ਕੇਸ ਸੀ, ਜਿਸ ਵਿਚ ਨਿਊਯਾਰਕ ਅਦਾਲਤ ਵੱਲੋਂ ਲਗਾਇਆ ਗਿਆ ਜੁਰਮਾਨਾ ਅਪੀਲ ਅਦਾਲਤ ਵਿਚ ਰੱਦ ਹੋ ਗਿਆ। ਇਸ ਨਾਲ ਟਰੰਪ ਨੂੰ ਕਰੀਬ 517 ਮਿਲੀਅਨ ਡਾਲਰ ਦੀ ਵੱਡੀ ਰਕਮ ਨਹੀਂ ਦੇਣੀ ਪਈ। ਇਸ ਕਰਕੇ ਉਨ੍ਹਾਂ ਦੀ ਨੈੱਟਵਰਥ ਹੋਰ ਵਧ ਗਈ।

ਟਰੰਪ ਦੀ ਨਿੱਜੀ ਜਾਇਦਾਦਾਂ ਵਿਚ ਵੀ ਵਾਧਾ ਦਰਜ ਕੀਤਾ ਗਿਆ। ਉਨ੍ਹਾਂ ਦੀ ਮਸ਼ਹੂਰ ਜਾਇਦਾਦ ‘ਮਾਰ-ਏ-ਲਾਗੋ’ ਦੀ ਕੀਮਤ ਹੁਣ ਲਗਭਗ 560 ਮਿਲੀਅਨ ਡਾਲਰ ਮੰਨੀ ਜਾ ਰਹੀ ਹੈ। ਟਰੰਪ ਨੇ ਇਹ ਜਾਇਦਾਦ 1985 ਵਿਚ ਲਗਭਗ 10 ਮਿਲੀਅਨ ਡਾਲਰ ਵਿਚ ਖਰੀਦੀ ਸੀ।

ਇਸ ਤੋਂ ਇਲਾਵਾ, ਉਨ੍ਹਾਂ ਦੇ ਅਮਰੀਕਾ ਦੇ 6 ਰਾਜਾਂ ਵਿਚ ਸਥਿਤ 10 ਗੋਲਫ ਕੋਰਸਾਂ ਦੀ ਕੁੱਲ ਕੀਮਤ ਹੁਣ 550 ਮਿਲੀਅਨ ਡਾਲਰ ਦੇ ਨੇੜੇ ਹੈ। ਇਹ ਵਾਧਾ ਇਸ ਲਈ ਵੀ ਹੋਇਆ ਕਿਉਂਕਿ ਟਰੰਪ ਦੇ ਸਮਰਥਕ ਵੱਡੀ ਗਿਣਤੀ ’ਚ ਉਨ੍ਹਾਂ ਦੇ ਕਲੱਬਾਂ ਅਤੇ ਰਿਜ਼ੋਰਟਾਂ ਦਾ ਦੌਰਾ ਕਰਦੇ ਰਹੇ।

ਸਾਧਾਰਨ ਸ਼ਬਦਾਂ ’ਚ ਜੇ ਕਹੀਏ, ਤਾਂ ਟਰੰਪ ਦੀ ਦੌਲਤ ਵਿਚ ਇਸ ਵਾਰ ਸਭ ਤੋਂ ਵੱਡਾ ਯੋਗਦਾਨ ਕ੍ਰਿਪਟੋ ਨਿਵੇਸ਼, ਜਾਇਦਾਦ ਦੀ ਕੀਮਤ ਵਿਚ ਵਾਧਾ ਅਤੇ ਅਦਾਲਤੀ ਰਾਹਤ ਨੇ ਦਿੱਤਾ ਹੈ। ਇਹ ਸਭ ਕਾਰਕ ਉਨ੍ਹਾਂ ਨੂੰ ਦੁਨੀਆਂ ਦੇ ਸਭ ਤੋਂ ਅਮੀਰ ਨੇਤਾਵਾਂ ਵਿਚ ਹੋਰ ਉੱਪਰ ਲੈ ਗਏ ਹਨ।

## ਅਮਰੀਕਾ ’ਚ ਪੰਜਾਬੀ ਨੌਜਵਾਨ ਦੀ ਮੌਤ

**ਸ਼ਾਹਕੋਟ, (ਪੰਜਾਬ ਮੇਲ)-** ਅਮਰੀਕਾ ’ਚ ਇਕ ਪੰਜਾਬੀ ਨੌਜਵਾਨ ਦੀ ਮੌਤ ਹੋਣ ਦਾ ਦੁਖਦ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਮ੍ਰਿਤਕ ਨੌਜਵਾਨ ਰਣਜੋਧ ਸਿੰਘ ਜੋਧਾ ਦੇ ਭਰਾ ਬਬਨਦੀਪ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਰਣਜੋਧ ਸਿੰਘ ਜੋਧਾ (31) ਦਾ ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਉਹ ਆਪਣੇ ਭਰਾ ਨਾਲ ਅਮਰੀਕਾ ਵਿਚ ਪਿਛਲੇ ਕੁਝ ਸਾਲਾਂ ਤੋਂ ਪਰਿਵਾਰ ਨਾਲ ਰਹਿ ਰਿਹਾ ਹੈ। ਰਣਜੋਧ ਦੋ ਬੱਚਿਆਂ ਦਾ ਪਿਤਾ ਸੀ ਅਤੇ ਅਮਰੀਕਾ ’ਚ ਟਰਾਲਾ ਚਲਾਉਂਦਾ ਸੀ।



ਜਾਣਕਾਰੀ ਮੁਤਾਬਕ ਰਣਜੋਧ ਸਿੰਘ ਦੀ ਮਾਂ ਇਕੱਲੇ ਹੀ ਸ਼ਾਹਕੋਟ ਵਿਚ ਰਹਿੰਦੇ ਹਨ। ਜਦੋਂ ਪਰਿਵਾਰ ਨੂੰ ਇਸ ਮੰਦਭਾਗੀ ਖ਼ਬਰ ਦਾ ਪਤਾ ਲੱਗਾ ਤਾਂ ਪਰਿਵਾਰ ਦੇ ਦੁੱਖਾਂ ਦਾ ਪਹਾੜ ਟੁੱਟ ਪਿਆ।

# ਅਮਰੀਕਾ ’ਚ ਬਿਨਾਂ ਜ਼ਮਾਨਤ ਡਿਟੇਨਸ਼ਨ ਨੀਤੀ ’ਤੇ ਵੱਡਾ ਕਾਨੂੰਨੀ ਵਿਵਾਦ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਡਿਟੈਂਨਸ਼ਨ ਪਾਲਿਸੀ 2025 ਨਾਲ ਜੁੜੀ ਇੱਕ ਨਵੀਂ ਨੀਤੀ ਨੂੰ ਲੈ ਕੇ ਅਮਰੀਕਾ ਦੀਆਂ ਅਪੀਲ ਕੋਰਟਾਂ ਵਿਚ ਵੱਡਾ ਟਕਰਾਅ ਸਾਹਮਣੇ ਆਇਆ ਹੈ, ਜਿਸ ਕਾਰਨ ਹੁਣ ਇਹ ਮਾਮਲਾ ਅਮਰੀਕੀ ਸੁਪਰੀਮ ਕੋਰਟ ਤੱਕ ਜਾਣ ਦੀ ਸੰਭਾਵਨਾ ਹੈ।

ਇਹ ਨੀਤੀ, ਜੋ ਜੁਲਾਈ 2025 ਦੇ ਇੱਕ ਮੈਮੋ ਰਾਹੀਂ ਲਾਗੂ ਕੀਤੀ ਗਈ ਸੀ, ਅਨੁਸਾਰ ਉਹ ਲੱਖਾਂ ਪ੍ਰਵਾਸੀ ਜੋ ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਦੇ ਹਨ, ਉਨ੍ਹਾਂ ਨੂੰ ਬਿਨਾਂ ਜ਼ਮਾਨਤ (ਬਾਂਡ) ਰਿਹਾਈ ਦੇ ਹੱਕ ਤੋਂ ਵਾਂਝਾ ਕਰਕੇ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ, ਭਾਵੇਂ ਉਨ੍ਹਾਂ ਨੇ ਕਈ ਸਮੇਂ ਪਹਿਲਾਂ ਅਮਰੀਕਾ ’ਚ ਦਾਖ਼ਲਾ ਲਿਆ ਹੋਵੇ ਜਾਂ ਅਸਾਇਲਮ ਲਈ ਅਰਜ਼ੀ ਦਿੱਤੀ ਹੋਵੇ।

ਰਿਪੋਰਟਾਂ ਮੁਤਾਬਕ, ਕਈ ਅਪੀਲ ਕੋਰਟਾਂ ਨੇ ਇਸ ਨੀਤੀ ਨੂੰ ਗੈਰ-ਸੰਵਿਧਾਨਕ ਕਹਿ ਕੇ ਰੱਦ ਕੀਤਾ ਹੈ, ਜਦਕਿ ਕੁਝ ਹੋਰ ਕੋਰਟਾਂ ਨੇ ਇਸ ਨੂੰ ਬਰਕਰਾਰ ਰੱਖਿਆ ਹੈ। ਇਸ ਕਾਰਨ ਦੇਸ਼ ਭਰ ਵਿਚ ਕਾਨੂੰਨੀ ਸਥਿਤੀ ਇਕਸਾਰ ਨਹੀਂ ਰਹੀ। ਕੁਝ ਰਾਜਾਂ ਵਿਚ ਲੋਕਾਂ ਨੂੰ ਬਾਂਡ ਸੁਣਵਾਈ ਮਿਲ ਰਹੀ ਹੈ, ਜਦਕਿ ਕੁਝ ਥਾਵਾਂ ’ਤੇ ਉਨ੍ਹਾਂ ਨੂੰ ਅਣਮਿਆਦੀ ਸਮੇਂ ਲਈ ਡਿਟੇਨ ਕੀਤਾ ਜਾ ਰਿਹਾ ਹੈ।

ਕੁਝ ਮਹੱਤਵਪੂਰਨ ਫੈਸਲਿਆਂ ’ਚ 6ਵੀਂ ਯੂ.ਐੱਸ. ਸਰਕਟ ਕੋਰਟ ਆਫ ਅਪੀਲਜ਼ ਨੇ ਕਿਹਾ ਕਿ ਲੱਖਾਂ ਲੋਕਾਂ ਨੂੰ ਬਿਨਾਂ ਜ਼ਮਾਨਤ ਹਿਰਾਸਤ ਵਿਚ ਰੱਖਣਾ “ਅਣਉਚਿਤ” ਹੈ। ਇਸੇ ਤਰ੍ਹਾਂ 11ਵੀਂ ਯੂ.ਐੱਸ. ਸਰਕਟ ਕੋਰਟ ਆਫ ਅਪੀਲਜ਼ ਅਤੇ ਸੈਕਿੰਡ ਯੂ.ਐੱਸ. ਸਰਕਟ ਕੋਰਟ ਆਫ ਅਪੀਲਜ਼ ਨੇ ਵੀ ਨੀਤੀ ਨੂੰ ਰੱਦ ਕੀਤਾ।

**■ ਸੁਪਰੀਮ ਕੋਰਟ ਤੱਕ ਪਹੁੰਚਣ ਦੀ ਸੰਭਾਵਨਾ**

ਦੂਜੇ ਪਾਸੇ, 5ਵੀਂ ਯੂ.ਐੱਸ. ਸਰਕਟ ਕੋਰਟ ਆਫ ਅਪੀਲਜ਼ ਨੇ ਇਸ ਨੀਤੀ ਨੂੰ ਬਰਕਰਾਰ ਰੱਖਦਿਆਂ ਕਿਹਾ ਕਿ ਸਰਹੱਦ ’ਤੇ ਆਉਣ ਵਾਲਿਆਂ ਅਤੇ ਦੇਸ਼ ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿਣ ਵਾਲਿਆਂ ਵਿਚਕਾਰ ਕਾਨੂੰਨੀ ਅੰਤਰ ਮਹੱਤਵਪੂਰਨ ਹੈ।

ਇਸ ਨੀਤੀ ਦਾ ਮਕਸਦ ਪ੍ਰਸ਼ਾਸਨ ਵੱਲੋਂ ਸਾਲਾਨਾ ਵੱਡੇ ਪੱਧਰ ’ਤੇ ਹਟਾਉਣ (ਰਿਮੂਵਲਜ਼) ਦੀ ਗਿਣਤੀ ਵਧਾਉਣਾ ਦੱਸਿਆ ਗਿਆ ਹੈ, ਪਰ ਮੌਜੂਦਾ ਅੰਕੜਿਆਂ ਮੁਤਾਬਕ ਇਹ ਟਾਰਗੇਟ ਤੋਂ ਕਾਫੀ ਘੱਟ ਹੈ।

ਕਾਨੂੰਨੀ ਮਾਹਿਰ ਮੰਨਦੇ ਹਨ ਕਿ ਜਦੋਂ ਵੱਖ-ਵੱਖ ਅਪੀਲ ਕੋਰਟਾਂ ਵਿਰੋਧੀ ਫੈਸਲੇ ਦੇ ਰਹੀਆਂ ਹਨ, ਤਾਂ ਆਖ਼ਰੀ ਫੈਸਲਾ ਸੁਪਰੀਮ ਕੋਰਟ ਨੂੰ ਕਰਨਾ ਪਵੇਗਾ, ਜੋ ਅਮਰੀਕੀ ਇਮੀਗ੍ਰੇਸ਼ਨ ਨੀਤੀ ਲਈ ਇੱਕ ਮਹੱਤਵਪੂਰਨ ਮੋੜ ਹੋ ਸਕਦਾ ਹੈ।

## ਭਾਰਤੀ ਮੂਲ ਦੇ ਵਿਅਕਤੀ ’ਤੇ 25 ਲੱਖ ਅਮਰੀਕੀ ਡਾਲਰ ਦੀ ਧੋਖਾਦੇਹੀ ਕਰਨ ਦਾ ਦੋਸ਼

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਭਾਰਤੀ ਮੂਲ ਦਾ ਇਕ 62 ਸਾਲਾ ਵਿਅਕਤੀ ਨਿਵੇਸ਼ਕਾਂ ਨਾਲ ਧੋਖਾਦੇਹੀ ਕਰਨ ਕਰ ਕੇ ਅਮਰੀਕੀ ਨਾਗਰਿਕਤਾ ਰੱਦ ਕੀਤੇ ਜਾਣ ਦੀ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰ ਰਿਹਾ ਹੈ। ਉਹ 2012 ਵਿਚ ਅਮਰੀਕੀ ਨਾਗਰਿਕ ਬਣਿਆ ਸੀ ਅਤੇ ਉਸ ਨੇ ਨਿਵੇਸ਼ਕਾਂ ਨਾਲ 25 ਲੱਖ ਅਮਰੀਕੀ ਡਾਲਰ ਦੀ ਧੋਖਾਦੇਹੀ ਕਰਨ ਦੀ ਸਾਜ਼ਿਸ਼ ਰਚੀ ਸੀ ਅਤੇ ਇਸ ਜਾਣਕਾਰੀ ਨੂੰ ਅਮਰੀਕੀ ਸੰਘੀ ਅਧਿਕਾਰੀਆਂ ਤੋਂ ਛੁਪਾਇਆ ਸੀ।

ਦੇਬਾਸ਼ੀਸ਼ ਘੋਸ਼ ਜਨਮ ਤੋਂ ਅਮਰੀਕੀ ਨਾਗਰਿਕ ਨਹੀਂ ਸੀ ਪਰ ਉਸ ਨੇ ਬਾਅਦ ਵਿਚ ਕਾਨੂੰਨੀ ਪ੍ਰਕਿਰਿਆ ਪੂਰੀ ਕਰ ਕੇ ਅਮਰੀਕਾ ਦੀ ਨਾਗਰਿਕਤਾ ਪ੍ਰਾਪਤ ਕਰ ਲਈ ਸੀ। ਉਸ ਦੀ ਰਿਹਾਇਸ਼ ਇਲੀਨੋਇਸ ਵਿਚ ਕੁੱਕ ਕਾਊਂਟੀ ਦੱਸੀ ਗਈ ਹੈ। ਉਹ 1991 ਤੋਂ ਵੱਖ-ਵੱਖ ਗੈਰ-ਪ੍ਰਵਾਸੀ ਵੀਜ਼ਿਆਂ ’ਤੇ ਕਈ ਵਾਰ ਅਮਰੀਕਾ ਆਇਆ ਸੀ ਅਤੇ 2012 ’ਚ ਅਮਰੀਕੀ ਨਾਗਰਿਕ ਬਣਿਆ।

# ਅਮਰੀਕੀ ਫੌਜਾਂ ਦੀ ਵਾਪਸੀ ਅਤੇ ਇਟਲੀ ਨਾਲ ਤਣਾਅ

**ਰੋਮ/ਵਾਸ਼ਿੰਗਟਨ, (ਪੰਜਾਬ ਮੇਲ)-** ਸਥਾਨਕ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਤਾਲਵੀ ਮੀਡੀਆ ਨੂੰ ਦੱਸਿਆ ਕਿ ਉਹ ਇਟਲੀ ਦੇ ਬੇਸਾਂ ਤੋਂ ਫੌਜਾਂ ਨੂੰ ਹਟਾਉਣ ਬਾਰੇ “ਅਜੇ ਵੀ ਵਿਚਾਰ ਕਰ ਰਹੇ ਹਨ”। ਉਨ੍ਹਾਂ ਅੱਗੇ ਕਿਹਾ ਕਿ “ਜਦੋਂ ਸਾਨੂੰ ਲੋੜ ਸੀ, ਉਦੋਂ ਇਟਲੀ ਉੱਥੇ ਮੌਜੂਦ ਨਹੀਂ ਸੀ।” ਰਿਪੋਰਟ ਮੁਤਾਬਕ, ਟਰੰਪ ਨੇ ਇਹ ਟਿੱਪਣੀਆਂ ਇੱਕ ਫੋਨ ਇੰਟਰਵਿਊ ਦੌਰਾਨ ਕੀਤੀਆਂ। ਇਸ ਦੌਰਾਨ ਉਨ੍ਹਾਂ ਨੇ ਅਮਰੀਕੀ ਸ਼ਾਂਤੀ ਪ੍ਰਸਤਾਵ ’ਤੇ ਈਰਾਨ ਦੀ ਪ੍ਰਤੀਕਿਰਿਆ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਦੀ ਉਮੀਦ 8 ਮਈ ਨੂੰ ਕੀਤੀ ਜਾ ਰਹੀ ਸੀ।

ਇੱਕ ਹੋਰ ਰਿਪੋਰਟ ਅਨੁਸਾਰ, 8 ਮਈ ਨੂੰ ਰੋਮ ਦੇ ਦੌਰੇ ’ਤੇ ਆਏ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਸੀ ਕਿ ਉਮੀਦ ਹੈ ਕਿ ਈਰਾਨ ਚੱਲ ਰਹੇ ਸੰਘਰਸ਼ ਨੂੰ ਸੁਲਝਾਉਣ ਲਈ ਵਾਸ਼ਿੰਗਟਨ ਦੇ ਪ੍ਰਸਤਾਵ ’ਤੇ ਬਾਅਦ ਵਿਚ ਜਵਾਬ ਦੇਵੇਗਾ।

ਫੌਜਾਂ ਦੀ ਤਬਦੀਲੀ ਬਾਰੇ ਟਰੰਪ ਦੀਆਂ ਟਿੱਪਣੀਆਂ ਦੇ ਜਵਾਬ ਵਿਚ, ਇਟਲੀ ਦੇ ਰੱਖਿਆ ਮੰਤਰੀ ਗੁਇਡੋ ਕਰੋਸੇਟੋ ਨੇ ਕਿਹਾ ਕਿ ਉਹ ਇਸ ਦੇ ਪਿੱਛੇ ਦੇ ਤਰਕ ਨੂੰ “ਸਮਝ ਨਹੀਂ ਸਕੇ”। ਉਨ੍ਹਾਂ ਨੋਟ ਕੀਤਾ ਕਿ ਇਟਲੀ ਹੋਰ ਦੇਸ਼ਾਂ ਦੇ ਗਠਜੋੜ ਨਾਲ ਮਿਲ ਕੇ ‘ਹੋਰਮੁਜ਼ ਜਲਡਮਰੂ’ ਵਿਚ ਇੱਕ ਮਿਸ਼ਨ ਤਿਆਰ ਕਰਨ ਲਈ ਕੰਮ ਕਰ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਸਮੁੰਦਰੀ ਸੁਰੰਗਾਂ ਨੂੰ ਹਟਾਉਣਾ ਅਤੇ ਸਮੁੰਦਰੀ ਆਵਾਜਾਈ ਦੀ ਸੁਰੱਖਿਆ ਕਰਨਾ ਹੈ।

ਇਟਲੀ ਦੀ ਨਿਊਜ਼ ਏਜੰਸੀ ਨੇ 1 ਮਈ ਨੂੰ ਰਿਪੋਰਟ ਦਿੱਤੀ ਸੀ ਕਿ ਟਰੰਪ ਨੇ ਸਪੇਨ ਅਤੇ ਇਟਲੀ ਵਿਚ ਅਮਰੀਕੀ ਫੌਜੀ ਮੌਜੂਦਗੀ ਨੂੰ ਘਟਾਉਣ ਦੀ ਗੱਲ ਕਹੀ ਹੈ। ਉਨ੍ਹਾਂ ਨੇ ਈਰਾਨ ਵਿਰੁੱਧ ਅਮਰੀਕਾ-ਇਜ਼ਰਾਈਲ ਜੰਗ ਵਿਚ ਮਦਦ ਨਾ ਕਰਨ ਲਈ ਯੂਰਪੀਅਨ ਸਹਿਯੋਗੀਆਂ ਦੀ ਸਖ਼ਤ ਆਲੋਚਨਾ ਕੀਤੀ।

ਦੱਸ ਦਈਏ ਕਿ 2025 ਦੇ ਅੰਤ ਤੱਕ, ਲਗਭਗ 12,700 ਸਰਗਰਮ ਅਮਰੀਕੀ ਸੈਨਿਕ ਇਟਲੀ ਵਿਚ ਪੱਕੇ ਤੌਰ ’ਤੇ ਤਾਇਨਾਤ ਹਨ। ਜਰਮਨੀ ਤੋਂ ਬਾਅਦ ਇਟਲੀ ਵਿਚ ਯੂਰਪ ਦੀ ਦੂਜੀ ਸਭ ਤੋਂ ਵੱਡੀ ਅਮਰੀਕੀ ਫੌਜੀ ਮੌਜੂਦਗੀ ਹੈ। ਮਈ ਦੇ ਸ਼ੁਰੂ ਵਿਚ, ਟਰੰਪ ਨੇ ਕਿਹਾ ਸੀ ਕਿ ਅਮਰੀਕਾ ਜਰਮਨੀ ਵਿਚ ਆਪਣੀ ਫੌਜੀ ਮੌਜੂਦਗੀ ਨੂੰ ਉਮੀਦ ਤੋਂ ਕਿਤੇ ਜ਼ਿਆਦਾ ਘਟਾ ਦੇਵੇਗਾ। ਉਨ੍ਹਾਂ ਕਿਹਾ, “ਅਸੀਂ 5,000 ਤੋਂ ਕਿਤੇ ਜ਼ਿਆਦਾ ਦੀ ਕਟੌਤੀ ਕਰਨ ਜਾ ਰਹੇ ਹਾਂ।”

ਟਰੰਪ ਨੇ ਫੌਜੀ ਕਾਰਵਾਈਆਂ ਦੀ ਸੰਸਦੀ ਜਾਂਚ ਦੀ ਵੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਗੱਲਬਾਤ ਦੀ ਪ੍ਰਕਿਰਿਆ ਨੂੰ ਕਮਜ਼ੋਰ ਕਰਦੀ ਹੈ। ਉਨ੍ਹਾਂ ਮੁਤਾਬਕ ਅਜਿਹੇ ਕਦਮ “ਸਾਡੀ ਗੱਲਬਾਤ ਕਰਨ ਦੀ ਸਮਰੱਥਾ ਨੂੰ ਨੁਕਸਾਨ ਪਹੁੰਚਾ ਰਹੇ ਹਨ, ਜੋ ਕਿ ਇਸ ਸਮੇਂ ਬਹੁਤ ਜ਼ਿਆਦਾ ਹੈ।”

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਫਹਿਰਿਸਤ ਏਨੀ ਲੰਮੀ ਹੈ ਕਿ ਇਸ ਨੂੰ ਵਰਨਣ ਕਰਨਾ ਵੀ ਨਾ ਮੁਮਕਿਨ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 28 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਵਿੱਤੀ ਸਹਾਇਤਾ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਮਰੀਜ਼ ਲੰਮੇ ਸਮੇਂ ਤੋਂ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ ਹਨ, ਡਾਕਟਰ ਦੀ ਲਿਖੀ ਹੋਈ ਦਵਾਈਆਂ ਦੀ ਪਰਚੀ ਤਾਂ ਹੈ, ਪ੍ਰੰਤੂ ਦਵਾਈਆਂ ਖਰੀਦਣ ਲਈ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਹਾਲਤਾਂ



ਡਾ. ਐੱਸ.ਪੀ. ਸਿੰਘ ਓਬਰਾਏ।

ਵਿਚ ਡਾ. ਓਬਰਾਏ ਨੇ ਇਨ੍ਹਾਂ ਮਰੀਜ਼ਾਂ ਦੀ ਬਾਂਹ ਫੜੀ ਅਤੇ ਡਾਕਟਰ ਦੀ ਲਿਖੀ ਹੋਈ ਦਵਾਈ ਲੈਣ ਲਈ ਵੱਖ-ਵੱਖ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਪੈਸੇ ਭੇਜੇ, ਜੋ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਮਰੀਜ਼ਾਂ ਨੂੰ ਦਿੱਤੇ ਗਏ ਹਨ। ਲੋੜਵੰਦ ਮਰੀਜ਼ਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਵੀ ਨਿਰੋਗ ਜ਼ਿੰਦਗੀ ਜਿਊਣ ਲਈ ਆਸਵੰਦ ਹੋ ਗਏ ਹਾਂ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਪ੍ਰਕਾਸ਼, ਗੁਰਜੀਤ ਸਿੰਘ ਜੀਤਾ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ ਮੈਂਬਰ, ਸੁਖਬੀਰ ਸਿੰਘ ਜੈਲਦਾਰ, ਮਾਸਟਰ ਰਾਜਿੰਦਰ ਸਿੰਘ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ ਆਦਿ ਹਾਜ਼ਰ ਸਨ।

## ਪੰਜਾਬ ਹਾਈ ਅਲਰਟ 'ਤੇ! ਹਵਾਈ ਅੱਡਿਆਂ ਤੇ ਸੰਵੇਦਨਸ਼ੀਲ ਸਥਾਨਾਂ 'ਤੇ ਸੁਰੱਖਿਆ ਸਖਤ

**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)**-ਸੂਬੇ ਵਿਚ ਜਲੰਧਰ ਅਤੇ ਅੰਮ੍ਰਿਤਸਰ 'ਚ ਸੀਮਾ ਸੁਰੱਖਿਆ ਬਲ ਅਤੇ ਫ਼ੌਜ ਦੇ ਕੰਪਲੈਕਸਾਂ ਕੋਲ ਹੋਏ ਬੰਬ ਧਮਾਕਿਆਂ ਤੋਂ ਬਾਅਦ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਸੂਬੇ ਵਿਚ ਸਥਿਤ ਆਦਮਪੁਰ, ਅੰਮ੍ਰਿਤਸਰ, ਮੋਹਾਲੀ, ਹਲਵਾਰਾ ਹਵਾਈ ਅੱਡਿਆਂ ਦੇ ਆਸ-ਪਾਸ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕਰ ਦਿੱਤਾ ਗਿਆ ਹੈ।

ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਟ੍ਰੇਨਿੰਗ 'ਤੇ ਗਏ ਪੁਲਿਸ ਮੁਲਾਜ਼ਮਾਂ ਨੂੰ ਵੀ ਪ੍ਰਮੁੱਖ ਸ਼ਹਿਰਾਂ 'ਚ ਕਾਨੂੰਨ-ਵਿਵਸਥਾ ਦੀ ਡਿਊਟੀ 'ਤੇ ਆਗਾਮੀ ਹੁਕਮਾਂ ਤੱਕ ਤਾਇਨਾਤ ਕਰ ਦਿੱਤਾ ਹੈ। ਇਹ ਕਦਮ ਇਸ ਲਈ ਉਠਾਇਆ ਗਿਆ ਹੈ ਕਿਉਂਕਿ ਅੱਤਵਾਦੀਆਂ ਦਾ ਅਗਲਾ ਨਿਸ਼ਾਨਾ ਹਵਾਈ ਅੱਡੇ ਜਾਂ ਹੋਰ ਸੰਵੇਦਨਸ਼ੀਲ ਸਥਾਨ ਹੋ ਸਕਦੇ ਹਨ। ਪਾਕਿਸਤਾਨ ਅਤੇ ਉਸ ਦੀ ਏਜੰਸੀ ਆਈ.ਐੱਸ.ਆਈ. ਨੇ ਹੁਣ ਪੰਜਾਬ ਨੂੰ ਆਪਣੇ ਨਿਸ਼ਾਨੇ 'ਤੇ ਲੈ ਲਿਆ ਹੈ ਕਿਉਂਕਿ ਇਕ ਤਾਂ ਸੂਬੇ ਵਿਚ ਵਿਧਾਨ ਸਭਾ ਦੀਆਂ ਚੋਣਾਂ ਅਗਲੇ ਕੁਝ ਮਹੀਨਿਆਂ ਵਿਚ ਹੋਣੀਆਂ ਹਨ ਅਤੇ ਦੂਜਾ ਇਸ ਸਮੇਂ ਸਰਕਾਰ ਅਤੇ ਰਾਜਨੀਤਿਕ ਪਾਰਟੀਆਂ ਦਾ ਧਿਆਨ ਆਪਣੀਆਂ ਸਭਾਵਾਂ ਵੱਲ ਰਹੇਗਾ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਅਸੀਂ ਕੋਈ ਵੀ ਜ਼ੋਖਮ ਉਠਾਉਣ ਲਈ ਤਿਆਰ ਨਹੀਂ ਹਾਂ, ਇਸ ਲਈ ਵਾਧੂ ਫੋਰਸ ਨੂੰ ਗਤੀਸ਼ੀਲ ਕੀਤਾ ਗਿਆ ਹੈ।

## ਮੁਅੱਤਲ ਡੀ.ਆਈ.ਜੀ. ਭੁੱਲਰ ਵੱਲੋਂ ਹਾਈ ਕੋਰਟ 'ਚ ਸੀ.ਬੀ.ਆਈ. ਖਿਲਾਫ ਹਾਈਕੋਰਟ 'ਚ ਪਟੀਸ਼ਨ!

■ ਸੂਬਾ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਦਰਜ ਐੱਫ.ਆਈ.ਆਰ. ਨੂੰ ਦਿੱਤੀ ਚੁਣੌਤੀ



**ਚੰਡੀਗੜ੍ਹ, (ਪੰਜਾਬ ਮੇਲ)**- ਰੋਪੜ ਰੇਂਜ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਦੀਆਂ ਸ਼ਕਤੀਆਂ ਨੂੰ ਚੁਣੌਤੀ ਦਿੱਤੀ ਹੈ। ਭੁੱਲਰ ਨੇ ਪਿਛਲੇ ਸਾਲ 29 ਅਕਤੂਬਰ ਨੂੰ ਸੀ.ਬੀ.ਆਈ. ਵੱਲੋਂ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਦਰਜ ਕੀਤੀ ਗਈ ਐੱਫ.ਆਈ.ਆਰ. ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਦਲੀਲ ਹੈ ਕਿ ਸੂਬਾ ਸਰਕਾਰ ਦੀ ਅਗਾਊਂ ਸਹਿਮਤੀ ਤੋਂ ਬਿਨਾਂ ਸੀ.ਬੀ.ਆਈ. ਪੰਜਾਬ ਕੇਡਰ ਦੇ ਅਧਿਕਾਰੀ ਵਿਰੁੱਧ ਜਾਂਚ ਕਰਨ ਦਾ ਕਾਨੂੰਨੀ ਅਧਿਕਾਰ ਨਹੀਂ ਰੱਖਦੀ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ਾਂ ਤਹਿਤ ਦਰਜ ਇਹ ਮਾਮਲਾ ਕਾਨੂੰਨੀ ਅਤੇ ਤੱਥਾਂ ਦੇ ਆਧਾਰ 'ਤੇ ਗਲਤ ਹੈ। ਭੁੱਲਰ ਦੇ ਵਕੀਲਾਂ ਤਨੂੰ ਬੇਦੀ, ਵਿਪੁਲ ਜੋਸ਼ੀ ਅਤੇ ਈਸ਼ਾਨ ਖੇਤਰਪਾਲ ਰਾਹੀਂ ਦਾਇਰ ਇਸ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਕਾਰਵਾਈ ਕਾਨੂੰਨੀ ਪ੍ਰਕਿਰਿਆ ਦੀ ਸਰਾਸਰ ਦੁਰਵਰਤੋਂ ਹੈ ਅਤੇ ਸੁਪਰੀਮ ਕੋਰਟ ਵੱਲੋਂ ਤੈਅ ਕੀਤੇ ਗਏ ਸਿਧਾਂਤਾਂ ਦੇ ਉਲਟ ਹੈ।

ਪਟੀਸ਼ਨਰ ਨੇ ਮੁੱਖ ਤੌਰ 'ਤੇ 'ਅਧਿਕਾਰ ਖੇਤਰ ਦੀ ਘਾਟ' ਨੂੰ ਆਧਾਰ ਬਣਾਇਆ ਹੈ। ਦਲੀਲ ਦਿੱਤੀ ਗਈ ਹੈ ਕਿ ਦਿੱਲੀ ਵਿਸ਼ੇਸ਼ ਪੁਲਿਸ ਸਥਾਪਨਾ ਐਕਟ, 1946 (ਡੀ.ਐੱਸ.ਪੀ.ਈ. ਐਕਟ) ਤਹਿਤ ਸੀ.ਬੀ.ਆਈ. ਦੀਆਂ ਸ਼ਕਤੀਆਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੱਕ ਸੀਮਤ ਹਨ। ਜੇਕਰ ਏਜੰਸੀ ਨੇ ਕਿਸੇ ਸੂਬੇ ਦੇ ਅਧਿਕਾਰ ਖੇਤਰ ਵਿਚ ਜਾਂ ਸੂਬਾ ਸਰਕਾਰ ਦੇ ਅਧੀਨ ਕੰਮ ਕਰਦੇ ਅਧਿਕਾਰੀ ਵਿਰੁੱਧ ਜਾਂਚ ਕਰਨੀ ਹੋਵੇ, ਤਾਂ ਸਬੰਧਤ ਸੂਬਾ ਸਰਕਾਰ ਦੀ ਸਹਿਮਤੀ ਲਾਜ਼ਮੀ ਹੈ।

ਭੁੱਲਰ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ 'ਸੰਘੀ ਢਾਂਚੇ' 'ਤੇ ਹਮਲੇ ਵਜੋਂ ਦੇਖਿਆ ਜਾਵੇ। ਉਨ੍ਹਾਂ ਕਿਹਾ ਕਿ ਸੰਵਿਧਾਨ ਦਾ ਬੁਨਿਆਦੀ ਢਾਂਚਾ ਸੂਬਿਆਂ ਦੇ ਅਧਿਕਾਰਾਂ ਦੀ ਰਾਖੀ ਕਰਦਾ ਹੈ। ਪਟੀਸ਼ਨ ਅਨੁਸਾਰ, ਪੰਜਾਬ ਸਰਕਾਰ ਵੱਲੋਂ ਸੀ.ਬੀ.ਆਈ. ਨੂੰ ਅਜਿਹੀ ਕੋਈ ਸਹਿਮਤੀ ਜਾਂ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ, ਜੋ ਉਨ੍ਹਾਂ ਨੂੰ ਪੰਜਾਬ ਦੇ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਇਜਾਜ਼ਤ ਦਿੰਦਾ ਹੋਵੇ।

## 2 ਸਕੇ ਭਰਾਵਾਂ ਨੇ ਅਮਰੀਕਾ ਦੀ ਫੌਜ 'ਚ ਅਫਸਰ ਬਣ ਕੇ ਪੰਜਾਬ ਦਾ ਨਾਂ ਕੀਤਾ ਰੌਸ਼ਨ



**ਨਿਊਯਾਰਕ/ਟਾਂਡਾ ਉੜਮੁੜ (ਪੰਜਾਬ ਮੇਲ)** - ਅਮਰੀਕਾ ਵਿਚ ਟਾਂਡਾ ਇਲਾਕੇ ਦੇ ਮਿਆਣੀ ਪਿੰਡ ਨਾਲ ਸੰਬੰਧਿਤ 2 ਸਕੇ ਭਰਾਵਾਂ ਨੇ ਅਮਰੀਕਾ ਦੀ ਆਰਮੀ ਵਿਚ ਵੱਡੇ ਅਫਸਰ ਬਣ ਕੇ ਆਪਣੇ ਪਿੰਡ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ।

ਜਾਣਕਾਰੀ ਅਨੁਸਾਰ ਜਸਕਰਨ ਸਿੰਘ ਨੇ ਫਸਟ ਲੈਫਟੀਨੈਂਟ ਅਫਸਰ ਤੇ ਗੁਰਕੀਰਤ ਸਿੰਘ ਸੈਕਿੰਡ ਅਫਸਰ ਇਨ ਮੈਡੀਕਲ ਨੇ ਅਮਰੀਕਾ ਦੀ ਫੌਜ 'ਚ ਵੱਡੇ ਅਫਸਰ ਬਣਨ ਦਾ ਮਾਣ ਹਾਸਲ ਕੀਤਾ ਹੈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਦੋਵਾਂ ਨੌਜਵਾਨਾਂ ਨੇ ਮੌਜੂਦਾ ਸਮੇਂ ਦੌਰਾਨ ਮਿਡਲ ਈਸਟ 'ਚ ਚੱਲ ਰਹੀ ਜੰਗ 'ਚ ਵੀ ਭਾਗ ਲਿਆ ਹੈ ਅਤੇ ਅਮਰੀਕਾ ਵੱਲੋਂ ਲੜਾਈ ਲੜਦੇ ਹੋਏ ਸੁਰੱਖਿਆ ਵਾਪਸ ਪਰਤੇ ਹਨ। ਮੈਡੀਕਲ ਖੇਤਰ 'ਚ ਅਫਸਰ ਬਣੇ ਗੁਰਕੀਰਤ ਸਿੰਘ ਨੇ ਜੰਗ ਦੌਰਾਨ ਜ਼ਖਮੀ ਹੋਏ ਅਮਰੀਕੀ ਫੌਜੀਆਂ ਨੂੰ ਮੈਡੀਕਲ ਸਹੂਲਤਾਂ ਦਿੱਤੀਆਂ।

ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਟਾਂਡਾ ਨਿਵਾਸੀ ਮਨਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮਾਸੀ ਹਰਜਿੰਦਰ ਕੌਰ ਧਰਮ ਸੁਪਤਨੀ ਪਿਤਾਬਰ ਇਕਬਾਲ ਸਿੰਘ ਜੋ ਅਮਰੀਕਾ ਦੇ ਨਿਊਯਾਰਕ ਦੇ ਸ਼ਹਿਰ ਹਾਈਟ ਪਾਰਕ 'ਚ ਰਹਿੰਦੇ ਹਨ, ਦੇ ਸਪੁੱਤਰਾਂ ਜਸਕਰਨ ਸਿੰਘ ਤੇ ਗੁਰਕੀਰਤ ਸਿੰਘ ਦੇ ਇਸ ਕਾਰਜ ਦੀ ਜਾਣਕਾਰੀ ਪ੍ਰਾਪਤ ਹੁੰਦਿਆਂ ਹੀ ਪਿੰਡ ਮਿਆਣੀ ਅਤੇ ਇਲਾਕੇ 'ਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਪਿੰਡ ਵਾਸੀਆਂ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਨਾਂ ਨੂੰ ਆਪਣੇ ਨਗਰ ਦੇ ਇਨ੍ਹਾਂ ਹੋਣਹਾਰ ਸਕੇ ਭਰਾਵਾਂ 'ਤੇ ਪੂਰਾ ਮਾਣ ਹੈ ਅਤੇ ਪੰਜਾਬ ਅਤੇ ਪਿੰਡ ਮਿਆਣੀ ਵਿੱਚ ਆਉਣ 'ਤੇ ਇਨ੍ਹਾਂ ਨੌਜਵਾਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਦੋਨੋਂ ਨੌਜਵਾਨਾਂ ਦੇ ਪਿਤਾ ਅਮਰੀਕਾ ਵਿਚ ਟੈਕਸੀ ਚਲਾਉਣ ਦਾ ਕੰਮ ਕਰਦੇ ਹਨ ਅਤੇ ਮਾਤਾ ਗੌਰਮੈਂਟ ਟੀਚਰ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਭਾਜਪਾ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਾਣਹਾਨੀ ਦਾ ਨੋਟਿਸ

**ਚੰਡੀਗੜ੍ਹ, (ਪੰਜਾਬ ਮੇਲ)**- ਭਾਰਤੀ ਜਨਤਾ ਪਾਰਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਕਾਨੂੰਨੀ ਕਾਰਵਾਈ ਦਾ ਰੁਖ ਫੜ੍ਹਿਆ ਹੈ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਇਸੇ ਰਣਨੀਤੀ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਾਣਹਾਨੀ ਦਾ ਨੋਟਿਸ ਦਿੱਤਾ ਹੈ। ਤਰੁਣ ਚੁੱਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਬਿਨਾਂ ਕਿਸੇ ਸਬੂਤ ਦੇ ਭਾਜਪਾ 'ਤੇ ਧਮਾਕਿਆਂ ਦੇ ਇਲਜ਼ਾਮ ਲਗਾਏ ਹਨ। ਗੌਰਤਲਬ ਹੈ ਕਿ ਮੁੱਖ ਮੰਤਰੀ ਮਾਨ ਨੇ ਜਲੰਧਰ ਅਤੇ ਅੰਮ੍ਰਿਤਸਰ 'ਚ ਹੋਏ ਧਮਾਕਿਆਂ ਦੇ ਹਵਾਲੇ ਨਾਲ ਬੀਤੇ ਦਿਨੀਂ ਕਿਹਾ ਸੀ ਕਿ ਭਾਜਪਾ ਵੱਲੋਂ ਅਜਿਹੇ ਹੱਥਕੰਡਿਆਂ ਦੀ ਵਰਤੋਂ ਕਰ ਕੇ ਪੰਜਾਬ 'ਚ ਚੋਣਾਂ ਦੀ ਤਿਆਰੀ ਵਿੱਢ ਜਾ ਰਹੀ ਹੈ। ਮੁੱਖ ਮੰਤਰੀ ਨੇ ਇਨ੍ਹਾਂ ਧਮਾਕਿਆਂ ਲਈ ਭਾਜਪਾ ਨੂੰ ਜ਼ਿੰਮੇਵਾਰ ਦੱਸਿਆ ਸੀ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਮੁੱਖ ਮੰਤਰੀ ਖ਼ਿਲਾਫ਼ ਅਪਰਾਧਿਕ ਮਾਣਹਾਨੀ, ਝੂਠੀ ਜਾਣਕਾਰੀ ਫੈਲਾਉਣ ਅਤੇ ਜਨਤਕ ਅਸ਼ਾਂਤੀ ਭੜਕਾਉਣ ਦੀ ਕੋਸ਼ਿਸ਼ ਦੇ ਮਾਮਲੇ 'ਚ ਨੋਟਿਸ ਦਿੱਤਾ ਹੈ। ਚੁੱਘ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ 7 ਦਿਨਾਂ ਦੇ ਅੰਦਰ ਆਪਣਾ ਬਿਆਨ ਵਾਪਸ ਲੈ ਕੇ ਜਨਤਕ ਤੌਰ 'ਤੇ ਮੁਆਫ਼ੀ ਨਹੀਂ ਮੰਗਦੇ, ਤਾਂ ਉਨ੍ਹਾਂ ਖ਼ਿਲਾਫ਼ ਅਪਰਾਧਿਕ ਅਤੇ ਸਿਵਲ, ਦੋਵੇਂ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਕਿਉਂਕਿ ਪੰਜਾਬ ਦੇ ਲੋਕ ਵੀ ਮੁੱਖ ਮੰਤਰੀ ਵੱਲੋਂ ਲਗਾਏ ਇਲਜ਼ਾਮਾਂ ਦੇ ਸਬੂਤਾਂ ਬਾਰੇ ਜਾਣਨਾ ਚਾਹੁੰਦੇ ਹਨ।

## ਪੰਜਾਬ ਸਰਕਾਰ ਨੇ ਸੰਜੀਵ ਅਰੋੜਾ ਕੋਲ ਮੌਜੂਦ ਤਿੰਨੋਂ ਵਿਭਾਗ ਹੋਰਨਾਂ ਮੰਤਰੀਆਂ ਨੂੰ ਸੌਂਪੇ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਨੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਸੰਜੀਵ ਅਰੋੜਾ ਦੇ ਤਿੰਨਾਂ ਮਹਿਕਮਿਆਂ ਨੂੰ ਤਿੰਨ ਹੋਰਨਾਂ ਮੰਤਰੀਆਂ ਦੇ ਹਵਾਲੇ ਕਰ ਦਿੱਤਾ ਹੈ। ਇਸ ਦੌਰਾਨ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੂੰ ਬਿਜਲੀ, ਹਰਜੋਤ ਸਿੰਘ ਬੈਂਸ ਨੂੰ ਸਥਾਨਕ ਸਰਕਾਰਾਂ ਵਿਭਾਗ ਅਤੇ ਅਮਨ ਅਰੋੜਾ ਨੂੰ ਸਨਅਤੀ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਸ਼ਨਿੱਚਰਵਾਰ ਨੂੰ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਵੱਖ-ਵੱਖ ਟਿਕਾਣਿਆਂ 'ਤੇ ਛਾਪੇ ਮਾਰੇ ਗਏ ਸਨ। ਇਸ ਦੌਰਾਨ ਈ ਡੀ ਨੇ 12 ਘੰਟਿਆਂ ਦੀ ਕਾਰਵਾਈ ਤੋਂ ਬਾਅਦ ਸੰਜੀਵ ਅਰੋੜਾ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਸੰਜੀਵ ਅਰੋੜਾ ਦੀ ਗ੍ਰਿਫ਼ਤਾਰੀ ਦੇ ਨਾਲ ਹੀ ਉਨ੍ਹਾਂ ਕੋਲ ਮੌਜੂਦ ਸਥਾਨਕ ਸਰਕਾਰਾਂ ਵਿਭਾਗ, ਬਿਜਲੀ ਵਿਭਾਗ ਤੇ ਇੰਡਸਟਰੀ ਵਿਭਾਗ ਦਾ ਕੋਈ ਵੀ ਮੰਤਰੀ ਵਾਲੀ ਵਾਰਸ ਨਹੀਂ ਰਿਹਾ ਸੀ ਪਰ ਸੂਬਾ ਸਰਕਾਰ ਵਿਚ ਇਹ ਤਿੰਨੋਂ ਵਿਭਾਗ ਅਹਿਮ ਮੰਨੇ ਜਾਂਦੇ ਹਨ। ਇਸ ਲਈ ਤਿੰਨਾਂ ਨੂੰ ਖਾਲੀ ਨਹੀਂ ਛੱਡਿਆ ਜਾ ਸਕਦਾ ਕਿਉਂਕਿ ਪੰਜਾਬ ਵਿਚ ਗਰਮੀ ਦਾ ਸੀਜ਼ਨ ਆ ਗਿਆ ਹੈ ਤੇ ਬਿਜਲੀ ਦੀ ਵੰਡ ਸਬੰਧੀ ਅਹਿਮ ਫੈਸਲੇ ਲੈਣ ਦੇ ਮੱਦੇਨਜ਼ਰ ਇਹ ਵਿਭਾਗ ਤਰੁਣਪ੍ਰੀਤ ਸੌਂਦ ਨੂੰ ਸੌਂਪਿਆ ਗਿਆ ਹੈ।

## ਪੰਜਾਬ ਨਿਗਮ ਤੇ ਕੌਂਸਲ ਚੋਣਾਂ : ਕਾਗਜ਼ ਦਾਖਲ ਕਰਨ ਦਾ ਅਮਲ ਅੱਜ ਤੋਂ ਸ਼ੁਰੂ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ 'ਚ ਨਿਗਮ ਤੇ ਕੌਂਸਲ ਚੋਣਾਂ ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਪ੍ਰਕਿਰਿਆ 13 ਮਈ ਤੋਂ ਸ਼ੁਰੂ ਹੋਵੇਗੀ ਜੋ 16 ਮਈ ਤੱਕ ਜਾਰੀ ਰਹੇਗੀ। ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਣ ਵਾਲੀਆਂ ਨਿਗਮ ਤੇ ਕੌਂਸਲ ਚੋਣਾਂ ਸ਼ਹਿਰੀ ਵੋਟਰਾਂ ਦੇ ਸਿਆਸੀ ਰੁਝਾਨ ਨੂੰ ਸਾਹਮਣੇ ਲਿਆਉਣਗੀਆਂ।

ਪੰਜਾਬ ਵਿਚ 8 ਨਗਰ ਨਿਗਮਾਂ, 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਲਈ ਵੋਟਾਂ 26 ਮਈ ਨੂੰ ਪੈਣਗੀਆਂ ਅਤੇ ਚੋਣ ਨਤੀਜੇ 29 ਮਈ ਨੂੰ ਐਲਾਨੇ ਜਾਣਗੇ। ਬਰਨਾਲਾ ਨਗਰ ਕੌਂਸਲ ਨੂੰ 14 ਨਵੰਬਰ 2025 ਨੂੰ ਨਗਰ ਨਿਗਮ ਦਾ ਦਰਜਾ ਮਿਲਿਆ ਹੈ, ਜਿਸ ਕਰ ਕੇ ਇਸ ਨਿਗਮ ਦੀ ਪਹਿਲੀ ਚੋਣ ਹੋਵੇਗੀ। ਇਸੇ ਤਰ੍ਹਾਂ ਨਗਰ ਨਿਗਮ ਅਬੋਹਰ, ਬਠਿੰਡਾ, ਬਰਨਾਲਾ, ਮੁਹਾਲੀ, ਬਟਾਲਾ, ਪਠਾਨਕੋਟ, ਕਪੂਰਥਲਾ ਅਤੇ ਮੋਗਾ ਦੀ ਚੋਣ ਵੀ ਸਿਆਸੀ ਧਿਰਾਂ ਲਈ ਵੱਕਾਰੀ ਬਣੇਗੀ। ਹੁਸ਼ਿਆਰਪੁਰ ਨਗਰ ਨਿਗਮ ਦੀ ਚੋਣ ਵੋਟਰ ਸੂਚੀਆਂ ਦੀ ਪ੍ਰਕਿਰਿਆ ਪੂਰੀ ਨਾ ਹੋਣ ਕਰ ਕੇ ਪੈਂਡਿੰਗ ਕੀਤੀ ਗਈ ਹੈ।

ਨਿਗਮ ਚੋਣਾਂ 'ਚ ਸਿਰ ਧੜ ਦੀ ਬਾਜ਼ੀ ਲੱਗਣ ਦੀ ਸੰਭਾਵਨਾ ਹੈ, ਜਿਸ ਕਰ ਕੇ ਕਾਗ਼ਜ਼ ਦਾਖ਼ਲ ਕਰਨ ਮੌਕੇ ਵੀ ਰੌਲੇ-ਰੱਪੇ ਦਾ ਮੁੱਢ ਬੱਝ ਸਕਦਾ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਸਿੱਧਾ ਅਸਰ ਅਗਾਮੀ ਵਿਧਾਨ ਸਭਾ ਚੋਣਾਂ 'ਤੇ ਪਵੇਗਾ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 18 ਮਈ ਨੂੰ ਹੋਵੇਗੀ ਅਤੇ 19 ਮਈ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਸ਼੍ਰੋਮਣੀ ਅਕਾਲੀ ਦਲ ਨੇ ਕੁਝ ਦਿਨ ਪਹਿਲਾਂ ਪਾਰਟੀ ਚੋਣ ਨਿਸ਼ਾਨ 'ਤੇ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਭਾਜਪਾ ਇਨ੍ਹਾਂ ਚੋਣਾਂ 'ਚ ਸ਼ਹਿਰੀ ਵੋਟਰਾਂ ਦੀ ਨਬਜ਼ ਟਟੋਲੇਗੀ। ਸਿਆਸੀ ਪਾਰਟੀਆਂ ਨੇ ਇਨ੍ਹਾਂ ਚੋਣਾਂ ਲਈ ਉਮੀਦਵਾਰਾਂ ਦੀ ਸੂਚੀ ਨੂੰ ਅੰਤਿਮ ਛੋਹਾਂ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਨੇ ਹਰ ਸ਼ਹਿਰ 'ਚ ਉਮੀਦਵਾਰਾਂ ਦੀ ਚੋਣ ਲਈ ਸਕਰੀਨਿੰਗ ਕਮੇਟੀ ਬਣਾਈ ਹੈ। ਸਥਾਨਕ ਚੋਣਾਂ ਉਸ ਵਕਤ ਹੋ ਰਹੀਆਂ ਹਨ, ਜਦੋਂ ਪੰਜਾਬ 'ਚ 'ਆਪ' ਅਤੇ ਭਾਜਪਾ ਦਰਮਿਆਨ ਸਿਆਸੀ ਟਕਰਾਅ ਸਿਖਰ 'ਤੇ ਹੈ। ਕਾਂਗਰਸ ਪਾਰਟੀ ਵੀ ਇਨ੍ਹਾਂ ਚੋਣਾਂ 'ਚ ਸ਼ਹਿਰੀ ਵੋਟਰਾਂ ਦੀ ਨਬਜ਼ ਟੋਹੇਗੀ ਅਤੇ ਇਨ੍ਹਾਂ ਚੋਣਾਂ ਸੀਨੀਅਰ ਕਾਂਗਰਸੀ ਆਗੂਆਂ ਦੇ ਗਰਾਫ ਦਾ ਵੀ ਪਤਾ ਲੱਗੇਗਾ।

# ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ 'ਚ ਆਵੇਗੀ ਤੇਜ਼ੀ!

## ■ ਹੁਣ ਇਮੀਗ੍ਰੇਸ਼ਨ ਅਦਾਲਤਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ




ਵਾਸ਼ਿੰਗਟਨ, (ਪੰਜਾਬ ਮੇਲ)- ਪ੍ਰਵਾਸੀਆਂ ਖ਼ਿਲਾਫ਼ ਅਮਰੀਕਾ ਦੀ ਕਾਰਵਾਈ ਇਕ ਵਾਰ ਫ਼ਿਰ ਤੋਂ ਤੇਜ਼ੀ ਫੜ ਸਕਦੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਦੇਸ਼ ਵਿਚੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਹੁਣ ਇਮੀਗ੍ਰੇਸ਼ਨ ਅਦਾਲਤਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹੇ ਇਮੀਗ੍ਰੇਸ਼ਨ ਜੱਜਾਂ ਨੂੰ ਅਹੁਦਿਆਂ ਤੋਂ ਤੁਰੰਤ ਹਟਾ ਦੇਵੇਗਾ, ਜੋ ਫੈਸਲੇ ਲੈਣ ਵਿਚ ਦੇਰੀ ਕਰ ਰਹੇ ਹਨ ਜਾਂ ਪ੍ਰਸ਼ਾਸਨ ਦੀਆਂ ਸਖ਼ਤ ਨੀਤੀਆਂ ਮੁਤਾਬਕ ਕੰਮ ਨਹੀਂ ਕਰ ਰਹੇ।

ਅਮਰੀਕਾ ਦੇ ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲਾਂਚੇ ਨੇ ਹਾਲ ਹੀ ਵਿਚ ਦਿੱਤੇ ਬਿਆਨ ਵਿਚ ਕਿਹਾ ਕਿ ਜਿਹੜੇ ਜੱਜ ਕੇਸਾਂ ਨੂੰ ਬਿਨਾਂ ਵਜ੍ਹਾ ਲਟਕਾ ਰਹੇ ਹਨ ਜਾਂ ਜਿਨ੍ਹਾਂ ਕੋਲ ਪੁਰਾਣੇ ਕੇਸ ਬਹੁਤ ਜ਼ਿਆਦਾ ਹਨ, ਉਨ੍ਹਾਂ ਦੀ ਥਾਂ ਨਵੇਂ ਜੱਜਾਂ ਦੀ ਨਿਯੁਕਤੀ ਕੀਤੀ ਜਾਵੇਗੀ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਕੁਝ ਜੱਜ 'ਹਮਦਰਦੀ' ਦਿਖਾ ਕੇ ਫੈਸਲਿਆਂ ਵਿਚ ਦੇਰੀ ਕਰਦੇ ਹਨ, ਜੋ ਕਿ ਕਾਨੂੰਨ ਦੀ ਸਹੀ ਪਾਲਣਾ ਨਹੀਂ ਹੈ। ਟਰੰਪ ਪ੍ਰਸ਼ਾਸਨ ਦਾ ਟੀਚਾ ਅਦਾਲਤਾਂ ਵਿਚ ਲਟਕ ਰਹੇ 37 ਲੱਖ ਕੇਸਾਂ ਦਾ ਜਲਦੀ ਨਿਪਟਾਰਾ ਕਰਨਾ ਹੈ, ਤਾਂ ਜੋ ਦੇਸ਼ ਨਿਕਾਲੇ ਦੀ ਮੁਹਿੰਮ ਨੂੰ ਰਫ਼ਤਾਰ ਦਿੱਤੀ ਜਾ ਸਕੇ।

ਰਿਪੋਰਟਾਂ ਅਨੁਸਾਰ ਟਰੰਪ ਦਾ ਦੂਜਾ ਕਾਰਜਕਾਲ ਸ਼ੁਰੂ ਹੋਣ ਤੋਂ ਬਾਅਦ ਕਰੀਬ 100 ਇਮੀਗ੍ਰੇਸ਼ਨ ਜੱਜਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਕਈਆਂ 'ਤੇ ਦੋਸ਼ ਸੀ ਕਿ ਉਹ ਰਾਜਨੀਤਿਕ ਰੂਪ ਵਿਚ ਪ੍ਰਸ਼ਾਸਨ ਦੇ ਵਿਰੁੱਧ ਸਨ ਜਾਂ ਅਸਾਇਲਮ ਦੇ ਕੇਸਾਂ ਨੂੰ ਬਹੁਤ ਜ਼ਿਆਦਾ ਮਨਜ਼ੂਰੀ ਦੇ ਰਹੇ ਸਨ। ਹਾਲ ਹੀ ਵਿਚ ਭਾਰਤੀ ਮੂਲ ਦੀ ਇਮੀਗ੍ਰੇਸ਼ਨ ਜੱਜ ਰੂਪਲ ਪਟੇਲ ਨੂੰ ਵੀ ਹਟਾਇਆ ਗਿਆ ਸੀ, ਜਿਨ੍ਹਾਂ ਨੇ ਇੱਕ ਵਿਦਿਆਰਥੀ ਦੇ ਦੇਸ਼ ਨਿਕਾਲੇ 'ਤੇ ਰੋਕ ਲਗਾਈ ਸੀ।

ਇਹ ਬਦਲਾਅ ਅਮਰੀਕਾ ਵਿਚ ਰਹਿ ਰਹੇ ਲੱਖਾਂ ਪ੍ਰਵਾਸੀਆਂ, ਖਾਸ ਕਰਕੇ ਭਾਰਤੀਆਂ ਲਈ ਚਿੰਤਾ ਦਾ ਵੱਡਾ ਵਿਸ਼ਾ ਹਨ, ਕਿਉਂਕਿ ਹੁਣ ਅਦਾਲਤੀ ਕੇਸ ਸਾਲਾਂ ਦੀ ਬਜਾਏ ਮਹੀਨਿਆਂ ਜਾਂ ਦਿਨਾਂ ਵਿਚ ਨਿਪਟਾਏ ਜਾਣਗੇ, ਜਿਸ ਨਾਲ ਅਦਾਲਤਾਂ ਦਾ ਕਾਫ਼ੀ ਸਮਾਂ ਬਚ ਜਾਵੇਗਾ। ਨਵੇਂ ਜੱਜਾਂ ਦੀ ਨਿਯੁਕਤੀ ਟਰੰਪ ਦੀਆਂ ਕੰਜ਼ਰਵੇਟਿਵ ਨੀਤੀਆਂ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ, ਜਿਸ ਕਾਰਨ ਸ਼ਰਨ ਮਿਲਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਰਹਿ ਜਾਣਗੀਆਂ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਹੁਣ ਪ੍ਰਵਾਸੀ ਆਪਣੀ ਰੁਟੀਨ ਪੇਸ਼ੀ 'ਤੇ ਜਾਣ ਤੋਂ ਵੀ ਡਰ ਰਹੇ ਹਨ, ਕਿਉਂਕਿ ਉੱਥੇ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।

ਹਾਲਾਂਕਿ ਕਾਨੂੰਨੀ ਮਾਹਿਰਾਂ ਅਤੇ 'ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ' ਨੇ ਇਸ ਕਾਰਵਾਈ ਦੀ ਨਿੰਦਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੱਜਾਂ ਨੂੰ ਨਿਰਪੱਖ ਹੋਣਾ ਚਾਹੀਦਾ ਹੈ, ਪਰ ਟਰੰਪ ਪ੍ਰਸ਼ਾਸਨ ਉਨ੍ਹਾਂ 'ਤੇ ਸਿਰਫ਼ 'ਦੇਸ਼ ਨਿਕਾਲੇ ਦੇ ਹੁਕਮ' ਦੇਣ ਲਈ ਦਬਾਅ ਪਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਅਮਰੀਕਾ ਤੇ ਇਰਾਨ ਵਿਚਾਲੇ ਅਗਲੇ ਹਫ਼ਤੇ ਮੁੜ ਸ਼ੁਰੂ ਹੋ ਸਕਦੀ ਹੈ ਵਾਰਤਾ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਅਤੇ ਇਰਾਨ ਵਿਚਾਲੇ ਅਗਲੇ ਹਫ਼ਤੇ ਦੇ ਸ਼ੁਰੂ 'ਚ ਮੁੜ ਵਾਰਤਾ ਸ਼ੁਰੂ ਹੋ ਸਕਦੀ ਹੈ। ਸੂਤਰਾਂ ਦੇ ਹਵਾਲੇ ਨਾਲ ਇਹ ਰਿਪੋਰਟ ਨਸ਼ਰ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੋਵੇਂ ਮੁਲਕ ਵਿਚੋਲਿਆਂ ਰਾਹੀਂ 14 ਨੁਕਾਤੀ ਸਮਝੌਤੇ ਦੇ ਖ਼ਾਕੇ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਹਨ, ਤਾਂ ਕਿ ਛੇਤੀ ਤੋਂ ਛੇਤੀ ਜੰਗ ਮੁਕੰਮਲ ਤੌਰ 'ਤੇ ਰੋਕੀ ਜਾ ਸਕੇ। ਉਧਰ ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ ਇਰਾਨ ਨੇ ਕਿਹਾ ਕਿ ਉਹ ਹਾਲੇ ਵੀ ਅਮਰੀਕੀ ਤਜਵੀਜ਼ ਦੀ ਨਜ਼ਰਸਾਨੀ ਕਰ ਰਿਹਾ ਹੈ ਅਤੇ ਢੁੱਕਵੇਂ ਸਮੇਂ 'ਤੇ ਜਵਾਬ ਦਿੱਤਾ ਜਾਵੇਗਾ। ਇਰਾਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਇਸਮਾਈਲ ਬਗ਼ਈ ਨੇ ਸਮਾਂ ਸੀਮਾ ਸਬੰਧੀ ਵਾਸ਼ਿੰਗਟਨ ਦੇ ਦਬਾਅ ਨੂੰ ਖ਼ਾਰਜ ਕਰ ਦਿੱਤਾ। ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਕਿਹਾ ਕਿ ਇਰਾਨ 'ਬਸਤੀਵਾਦ ਅਤੇ ਸ਼ੋਸ਼ਣ' ਦੀ ਨੀਤੀ ਨੂੰ ਨਕਾਰਦਿਆਂ ਆਪਸੀ ਸਨਮਾਨ ਅਤੇ ਸਾਂਝੇ ਹਿੱਤਾਂ ਦੇ ਆਧਾਰ 'ਤੇ ਦੂਜੇ ਮੁਲਕਾਂ ਨਾਲ ਦੋਸਤਾਨਾ ਰਿਸ਼ਤੇ ਵਧਾਉਣ ਲਈ ਵਚਨਬੱਧ ਹੈ। ਰਿਪੋਰਟ ਮੁਤਾਬਕ ਤਜਵੀਜ਼ਤ ਸਮਝੌਤੇ ਦੀਆਂ ਅਹਿਮ ਸ਼ਰਤਾਂ 'ਚ ਇਰਾਨ ਦੇ ਪਰਮਾਣੂ ਪ੍ਰੋਗਰਾਮ, ਹਰਮੁਜ਼ ਜਲ ਮਾਰਗ 'ਚ ਤਣਾਅ ਘਟਾਉਣ ਅਤੇ ਇਰਾਨ ਦਾ ਸੋਧਿਆ ਯੂਰੇਨੀਅਮ ਕਿਸੇ ਹੋਰ ਮੁਲਕ ਹਵਾਲੇ ਕਰਨਾ ਸ਼ਾਮਲ ਹਨ।

# ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਨਿਯਮਾਂ 'ਚ ਵੱਡੀ ਤਬਦੀਲੀ ਦਾ ਪ੍ਰਸਤਾਵ ਪੇਸ਼

## ■ ਘੱਟੋ-ਘੱਟ ਤਨਖਾਹਾਂ 'ਚ ਹੋ ਸਕਦੈ 30% ਤੱਕ ਦਾ ਵਾਧਾ




ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ 'ਚ ਇੱਕ ਵੱਡੀ ਤਬਦੀਲੀ ਦਾ ਪ੍ਰਸਤਾਵ ਪੇਸ਼ ਕੀਤਾ ਹੈ, ਜਿਸ ਤਹਿਤ ਵਿਦੇਸ਼ੀ ਪੇਸ਼ੇਵਰਾਂ ਲਈ ਘੱਟੋ-ਘੱਟ ਤਨਖਾਹ ਦੇ ਮਾਪਦੰਡਾਂ ਵਿਚ ਭਾਰੀ ਵਾਧਾ ਕੀਤਾ ਜਾਵੇਗਾ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਕਦਮ ਦਾ ਉਦੇਸ਼ ਵਿਦੇਸ਼ੀ ਕਾਮਿਆਂ ਨੂੰ ਘੱਟ ਤਨਖਾਹਾਂ 'ਤੇ ਰੱਖ ਕੇ ਅਮਰੀਕੀ ਕਾਮਿਆਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣਾ ਹੈ।

ਪ੍ਰਸਤਾਵਿਤ ਨਿਯਮਾਂ ਅਨੁਸਾਰ, ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਐੱਚ-1ਬੀ ਵੀਜ਼ਾ ਲਈ ਜ਼ਰੂਰੀ ਘੱਟੋ-ਘੱਟ ਤਨਖਾਹ ਦੀ ਸੀਮਾ ਵਧਾ ਦਿੱਤੀ ਜਾਵੇਗੀ।

ਸਾਨ ਫਰਾਂਸਿਸਕੋ 'ਚ ਇੱਕ ਐਂਟਰੀ-ਲੈਵਲ ਸਾਫਟਵੇਅਰ ਇੰਜੀਨੀਅਰ ਨੂੰ ਹੁਣ ਸਾਲਾਨਾ 1,62,000 ਡਾਲਰ ਦੇਣੇ ਪੈਣਗੇ, ਜੋ ਕਿ ਮੌਜੂਦਾ ਦਰਾਂ ਨਾਲੋਂ ਲਗਭਗ 30% ਜ਼ਿਆਦਾ ਹੈ। ਨਿਊਯਾਰਕ 'ਚ ਘੱਟੋ-ਘੱਟ ਤਨਖਾਹ 1,32,000 ਡਾਲਰ ਨਿਰਧਾਰਿਤ ਕੀਤੀ ਗਈ ਹੈ। ਇਸੇ ਤਰ੍ਹਾ ਡੈਲਸ 'ਚ ਇਹ ਸੀਮਾ ਵਧ ਕੇ 1,13,000 ਡਾਲਰ ਹੋ ਜਾਵੇਗੀ।

ਇਮੀਗ੍ਰੇਸ਼ਨ ਡਾਟਾ ਕੰਪਨੀਆਂ ਅਨੁਸਾਰ, ਇਸ ਫੈਸਲੇ ਨਾਲ ਅਮਰੀਕੀ ਕੰਪਨੀਆਂ ਨੂੰ ਪਹਿਲੇ ਸਾਲ ਵਿਚ ਘੱਟੋ-ਘੱਟ 18 ਬਿਲੀਅਨ ਡਾਲਰ ਦਾ ਵਾਧੂ ਖਰਚਾ ਪਵੇਗਾ। ਅਗਲੇ ਤਿੰਨ ਸਾਲਾਂ ਵਿਚ, ਜਦੋਂ ਪੁਰਾਣੇ ਵੀਜ਼ਾ ਨਵਿਆਉਣ (ਰੀਨਿਊ) ਦੀ ਵਾਰੀ ਆਵੇਗੀ, ਤਾਂ ਇਹ ਸਾਲਾਨਾ ਲਾਗਤ 43 ਬਿਲੀਅਨ ਡਾਲਰ ਤੱਕ ਪਹੁੰਚ ਸਕਦੀ ਹੈ।

ਇਹ ਬਦਲਾਅ ਖਾਸ ਤੌਰ 'ਤੇ ਅਮਰੀਕੀ ਯੂਨੀਵਰਸਿਟੀਆਂ ਤੋਂ ਪੜ੍ਹੇ ਵਿਦੇਸ਼ੀ ਗ੍ਰੈਜੂਏਟਾਂ ਲਈ ਮੁਸ਼ਕਲਾਂ ਪੈਦਾ ਕਰ ਸਕਦਾ ਹੈ। ਸਰੋਤ ਦੱਸਦੇ ਹਨ ਕਿ ਉੱਚ ਤਨਖਾਹਾਂ ਦੇ ਕਾਰਨ ਕੰਪਨੀਆਂ ਨੌਜਵਾਨਾਂ ਨੂੰ ਨੌਕਰੀ 'ਤੇ ਰੱਖਣ ਤੋਂ ਝਿਜਕ ਸਕਦੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਅਤੇ ਮਾਈਕ੍ਰੋਸਾਫਟ ਦੇ ਸਤਿਆ ਨਡੇਲਾ ਵਰਗੇ ਦਿੱਗਜ ਵੀ ਇਸੇ ਐੱਚ-1ਬੀ ਵੀਜ਼ਾ ਮਾਰਗ ਰਾਹੀਂ ਅਮਰੀਕਾ ਵਿਚ ਸਫਲ ਹੋਏ ਸਨ। ਪਿਚਾਈ ਨੇ ਇਮੀਗ੍ਰੇਸ਼ਨ ਦੇ ਅਮਰੀਕੀ ਆਰਥਿਕਤਾ ਵਿਚ ਯੋਗਦਾਨ ਦੀ ਸ਼ਲਾਘਾ ਕਰਦਿਆਂ ਅਜਿਹੇ ਸਖ਼ਤ ਕਦਮਾਂ 'ਤੇ ਨਿਰਾਸ਼ਾ ਜ਼ਾਹਰ ਕੀਤੀ ਹੈ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਫੈਡਰਲ ਅਦਾਲਤਾਂ ਵੱਲੋਂ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਨੂੰ ਝਟਕਾ!

**ਕਿਹਾ : ਗ੍ਰੀਨ ਕਾਰਡ ਅਰਜ਼ੀਆਂ ਨੂੰ ਲੰਮੇ ਸਮੇਂ ਤੱਕ ਨਹੀਂ ਰੋਕ ਸਕਦਾ ਪ੍ਰਸ਼ਾਸਨ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਨੂੰ ਇੱਕ ਹੋਰ ਵੱਡਾ ਝਟਕਾ ਲੱਗਿਆ ਹੈ। ਮੈਰੀਲੈਂਡ ਅਤੇ ਮੈਸਾਚੂਸੇਟਸ ਦੀਆਂ ਫੈਡਰਲ ਅਦਾਲਤਾਂ ਨੇ ਫੈਸਲਾ ਦਿੱਤਾ ਹੈ ਕਿ ਟਰੰਪ ਪ੍ਰਸ਼ਾਸਨ ਗ੍ਰੀਨ ਕਾਰਡ ਅਰਜ਼ੀਆਂ ਨੂੰ ਬੇਅੰਤ ਸਮੇਂ ਲਈ ਰੋਕ ਨਹੀਂ ਸਕਦੀ।

ਇਹ ਮਾਮਲਾ ਉਨ੍ਹਾਂ ਪ੍ਰਵਾਸੀਆਂ ਨਾਲ ਜੁੜਿਆ ਹੈ, ਜੋ ਅਜਿਹੇ 39 ਦੇਸ਼ਾਂ ਨਾਲ ਸਬੰਧਿਤ ਹਨ, ਜਿਨ੍ਹਾਂ 'ਤੇ ਅਮਰੀਕਾ ਨੇ ਟ੍ਰੈਵਲ ਬੈਨ ਜਾਂ ਵੀਜ਼ਾ ਪਾਬੰਦੀਆਂ ਲਗਾਈਆਂ ਹੋਈਆਂ ਹਨ।

ਦੋ ਵੱਖ-ਵੱਖ ਕੇਸਾਂ ਵਿਚ ਜੱਜਾਂ ਨੇ ਯੂ.ਐੱਸ.ਸੀ.ਆਈ.ਐੱਸ. ਦੀ ਉਸ ਨੀਤੀ 'ਤੇ ਸਵਾਲ ਖੜ੍ਹੇ ਕੀਤੇ, ਜਿਸ ਤਹਿਤ ਇਨ੍ਹਾਂ ਦੇਸ਼ਾਂ ਨਾਲ ਜੁੜੇ ਲੋਕਾਂ ਦੀਆਂ ਗ੍ਰੀਨ ਕਾਰਡ ਅਰਜ਼ੀਆਂ ਰੋਕ ਦਿੱਤੀਆਂ ਗਈਆਂ ਸਨ।

ਨਵੇਂ ਫੈਸਲੇ ਨਾਲ ਲਗਭਗ 200 ਪ੍ਰਵਾਸੀਆਂ ਦੇ ਕੇਸ ਮੁੜ ਚੱਲ ਸਕਦੇ ਹਨ, ਜਿਨ੍ਹਾਂ ਵਿਚ ਅੱਧ ਤੋਂ ਵੱਧ ਲੋਕ ਇਰਾਨ ਨਾਲ ਸਬੰਧਿਤ ਹਨ।

ਮੈਸਾਚੂਸੇਟਸ ਦੀ ਜੱਜ ਜੂਲੀਆ ਕੋਬਿਕ ਨੇ ਕਿਹਾ ਕਿ ਜੇਕਰ ਕੋਈ ਨੀਤੀ ਲੰਮੇ ਸਮੇਂ ਤੱਕ ਜਾਰੀ ਰਹੇ, ਤਾਂ ਉਸਨੂੰ "ਅਸਥਾਈ" ਨਹੀਂ ਕਿਹਾ ਜਾ ਸਕਦਾ।



ਟਰੰਪ ਪ੍ਰਸ਼ਾਸਨ ਨੇ ਇਹ ਟ੍ਰੈਵਲ ਬੈਨ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦੇ ਕੇ ਲਗਾਇਆ ਸੀ। ਇਹ ਪਾਬੰਦੀਆਂ ਮੁੱਖ ਤੌਰ 'ਤੇ ਨਵੇਂ ਲੋਕਾਂ ਦੇ ਅਮਰੀਕਾ ਵਿਚ ਦਾਖ਼ਲੇ ਨੂੰ ਰੋਕਣ ਲਈ ਬਣਾਈਆਂ ਗਈਆਂ ਸਨ।

ਪਰ ਯੂ.ਐੱਸ.ਸੀ.ਆਈ.ਐੱਸ. ਨੇ ਇਸ ਨੀਤੀ ਨੂੰ ਵਧਾ ਕੇ ਉਨ੍ਹਾਂ ਲੋਕਾਂ ਦੀਆਂ ਗ੍ਰੀਨ ਕਾਰਡ ਅਰਜ਼ੀਆਂ ਵੀ ਰੋਕ ਦਿੱਤੀਆਂ, ਜੋ ਪਹਿਲਾਂ ਹੀ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਸਨ।

ਇਸ ਕਾਰਨ ਕਈ ਪ੍ਰਵਾਸੀ ਅਨਿਸ਼ਚਿਤਤਾ ਵਿਚ ਫਸ ਗਏ। ਉਨ੍ਹਾਂ ਨੂੰ ਡਰ ਸੀ ਕਿ ਜੇ ਉਹ ਅਮਰੀਕਾ ਤੋਂ ਬਾਹਰ ਗਏ ਤਾਂ ਮੁੜ ਵਾਪਸ ਨਹੀਂ ਆ ਸਕਣਗੇ।

Project Press Unpause ਨਾਮ ਦੀ ਮੁਹਿੰਮ ਮੁਤਾਬਕ, ਯੂ.ਐੱਸ.ਸੀ.ਆਈ.ਐੱਸ. ਨੇ 20 ਲੱਖ ਤੋਂ ਵੱਧ ਅਰਜ਼ੀਆਂ ਤੋਂ 1 ਬਿਲੀਅਨ ਡਾਲਰ ਤੋਂ ਜ਼ਿਆਦਾ ਫੀਸ ਇਕੱਠੀ ਕੀਤੀ ਪਰ ਕੇਸਾਂ ਦੀ ਪ੍ਰਕਿਰਿਆ ਰੋਕ ਦਿੱਤੀ।

ਮੁਹਿੰਮ ਨਾਲ ਜੁੜੇ ਇਕ ਬੁਲਾਰੇ ਨੇ ਕਿਹਾ ਕਿ ਬਹੁਤ ਸਾਰੇ ਲੋਕ 5 ਸਾਲ ਤੋਂ ਵੱਧ ਸਮੇਂ ਤੋਂ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਹਨ, ਟੈਕਸ ਭਰ ਰਹੇ ਹਨ ਅਤੇ ਅਮਰੀਕੀ ਅਰਥਵਿਵਸਥਾ ਵਿਚ ਯੋਗਦਾਨ ਪਾ ਰਹੇ ਹਨ।

ਉਨ੍ਹਾਂ ਦਾ ਕਹਿਣਾ ਸੀ ਕਿ ਸਿਰਫ਼ ਜਨਮ ਦੇਸ਼ ਦੇ ਆਧਾਰ 'ਤੇ ਲੋਕਾਂ ਨੂੰ ਅਣਮਿਆਦੀ ਰੋਕ 'ਚ ਰੱਖਣਾ ਗਲਤ ਹੈ।

ਇਸ ਤੋਂ ਪਹਿਲਾਂ ਕੋਵਿਡ ਮਹਾਮਾਰੀ ਦੌਰਾਨ ਵੀ ਹਜ਼ਾਰਾਂ ਇੰਮੀਗ੍ਰੇਸ਼ਨ ਅਰਜ਼ੀਆਂ ਲੰਮੇ ਸਮੇਂ ਲਈ ਰੁਕ ਗਈਆਂ ਸਨ। ਉਸ ਵੇਲੇ ਵੀ ਕਈ ਮਾਮਲੇ ਅਦਾਲਤਾਂ ਵਿਚ ਗਏ ਅਤੇ ਸਰਕਾਰਾਂ ਨੂੰ ਕੇਸ ਮੁੜ ਚਲਾਉਣੇ ਪਏ ਸਨ।


ਹੁਣ ਇਸ ਨਵੇਂ ਫੈਸਲੇ ਨਾਲ ਕਈ ਹੋਰ ਪ੍ਰਭਾਵਿਤ ਪ੍ਰਵਾਸੀਆਂ ਨੂੰ ਵੀ ਆਪਣੇ ਕੇਸ ਮੁੜ ਸੁਣਵਾਈ ਲਈ ਅਦਾਲਤ ਜਾਣ ਦਾ ਮੌਕਾ ਮਿਲ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਟਰੰਪ ਵੱਲੋਂ ਵਧਦੀਆਂ ਪੈਟਰੋਲ ਦੀਆਂ ਕੀਮਤਾਂ ਦੇ ਮੱਦੇਨਜ਼ਰ ਫੈਡਰਲ ਗੈਸ ਟੈਕਸ ਸਸਪੈਂਡ ਕਰਨ ਦਾ ਸੰਕੇਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਧ ਰਹੀਆਂ ਪੈਟਰੋਲ ਦੀਆਂ ਕੀਮਤਾਂ ਨੂੰ ਦੇਖਦੇ ਹੋਏ ਫੈਡਰਲ ਗੈਸ ਟੈਕਸ ਨੂੰ ਕੁਝ ਸਮੇਂ ਲਈ ਸਸਪੈਂਡ ਕਰਨ ਦਾ ਸੰਕੇਤ ਦਿੱਤਾ ਹੈ। ਟਰੰਪ ਨੇ ਕਿਹਾ ਕਿ ਜਦੋਂ ਤੱਕ ਪੈਟਰੋਲ ਦੀਆਂ ਕੀਮਤਾਂ ਕਾਬੂ ਵਿਚ ਨਹੀਂ ਆਉਂਦੀਆਂ, ਤਦ ਤੱਕ ਲੋਕਾਂ ਨੂੰ ਰਾਹਤ ਦੇਣ ਲਈ ਇਹ ਕਦਮ ਚੁੱਕਿਆ ਜਾ ਸਕਦਾ ਹੈ। ਈਰਾਨ ਯੁੱਧ ਤੋਂ ਬਾਅਦ ਅਮਰੀਕਾ ਵਿਚ ਪੈਟਰੋਲ ਦੀਆਂ ਕੀਮਤਾਂ ਵਿਚ 50 ਫ਼ੀਸਦੀ ਤੋਂ ਵੱਧ ਵਾਧਾ ਹੋ ਚੁੱਕਾ ਹੈ ਅਤੇ ਇੱਕ ਗੈਲਨ ਪੈਟਰੋਲ ਦੀ ਔਸਤ ਕੀਮਤ 4.52 ਡਾਲਰ ਤੱਕ ਪਹੁੰਚ ਗਈ ਹੈ। ਮਾਹਿਰਾਂ ਮੁਤਾਬਕ ਈਰਾਨ ਵੱਲੋਂ ਹੋਰਮੁਜ਼ ਜਲਡਮਰੂ 'ਤੇ ਰੋਕ ਲਗਾਉਣ ਕਾਰਨ ਵਿਸ਼ਵ ਭਰ ਵਿਚ ਤੇਲ ਸਪਲਾਈ ਪ੍ਰਭਾਵਿਤ ਹੋ ਰਹੀ ਹੈ, ਜਿਸ ਨਾਲ ਕੀਮਤਾਂ ਹੋਰ ਵਧ ਸਕਦੀਆਂ ਹਨ। ਮੌਜੂਦਾ ਸਮੇਂ ਅਮਰੀਕਾ ਵਿਚ ਹਰ ਗੈਲਨ ਪੈਟਰੋਲ 'ਤੇ 18.4 ਸੈਂਟ ਫੈਡਰਲ ਗੈਸ ਟੈਕਸ ਲੱਗਦਾ ਹੈ, ਜਦਕਿ ਡੀਜ਼ਲ 'ਤੇ 24.4 ਸੈਂਟ ਟੈਕਸ ਲਿਆ ਜਾਂਦਾ ਹੈ। ਇਹ ਪੈਸਾ ਸੜਕਾਂ, ਹਾਈਵੇਅ ਅਤੇ ਹੋਰ ਟਰਾਂਸਪੋਰਟ ਪ੍ਰੋਜੈਕਟਾਂ ਲਈ ਵਰਤਿਆ ਜਾਂਦਾ ਹੈ। ਹਾਲਾਂਕਿ ਟਰੰਪ ਇਹ ਟੈਕਸ ਆਪਣੇ ਆਪ ਨਹੀਂ ਹਟਾ ਸਕਦੇ, ਕਿਉਂਕਿ ਇਸ ਲਈ ਕਾਂਗਰਸ ਦੀ ਮਨਜ਼ੂਰੀ ਲਾਜ਼ਮੀ ਹੈ। ਰਿਪਬਲਿਕਨ ਅਤੇ ਡੈਮੋਕ੍ਰੇਟ ਦੋਵਾਂ ਪਾਰਟੀਆਂ ਦੇ ਕੁਝ ਨੇਤਾ ਇਸ ਸਬੰਧੀ ਨਵੇਂ ਬਿੱਲ ਲਿਆਉਣ ਦੀ ਗੱਲ ਕਰ ਰਹੇ ਹਨ। ਇਸਦੇ ਨਾਲ ਹੀ ਜੈੱਟ ਫਿਊਲ ਦੀਆਂ ਵਧਦੀਆਂ ਕੀਮਤਾਂ ਕਾਰਨ ਏਅਰਲਾਈਨ ਉਦਯੋਗ 'ਤੇ ਵੀ ਵੱਡਾ ਦਬਾਅ ਬਣਿਆ ਹੋਇਆ ਹੈ ਅਤੇ ਹਵਾਈ ਟਿਕਟਾਂ ਮਹਿੰਗੀਆਂ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਬਾਇਡਨ ਸਰਕਾਰ ਦੀ ਨੀਤੀ ਖਤਮ!



**ਵਾਸ਼ਿੰਗਟਨ, (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੇ ਬਾਇਡਨ ਸਰਕਾਰ ਦੀ ਉਹ ਨੀਤੀ ਖਤਮ ਕਰ ਦਿੱਤੀ ਹੈ, ਜਿਸਦਾ ਮਕਸਦ ਅਮਰੀਕਾ ਦੀਆਂ ਜਨਤਕ ਜ਼ਮੀਨਾਂ ਯਾਨੀ ਸਰਕਾਰੀ ਜ਼ਮੀਨਾਂ, ਜੰਗਲਾਂ ਅਤੇ ਕੁਦਰਤੀ ਇਲਾਕਿਆਂ ਦੀ ਸੁਰੱਖਿਆ ਕਰਨਾ ਸੀ। ਇਸ ਫੈਸਲੇ ਨੂੰ ਟਰੰਪ ਸਰਕਾਰ ਦੀ "ਵਿਕਾਸ ਅਤੇ ਉਦਯੋਗ ਨੂੰ ਤਰਜੀਹ" ਵਾਲੀ ਨੀਤੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਬਾਇਡਨ ਪ੍ਰਸ਼ਾਸਨ ਨੇ ਆਪਣੇ ਕਾਰਜਕਾਲ ਦੌਰਾਨ ਵਾਤਾਵਰਣ ਦੀ ਰੱਖਿਆ ਲਈ ਕਈ ਇਲਾਕਿਆਂ ਵਿਚ ਮਾਈਨਿੰਗ, ਡਰੀਲਿੰਗ ਅਤੇ ਵਪਾਰਕ ਪ੍ਰਾਜੈਕਟ 'ਤੇ ਪਾਬੰਦੀਆਂ ਲਗਾਈਆਂ ਸਨ, ਤਾਂ ਜੋ ਜੰਗਲਾਂ, ਜੰਗਲੀ ਜੀਵਾਂ ਅਤੇ ਕੁਦਰਤੀ ਸਰੋਤਾਂ ਨੂੰ ਬਚਾਇਆ ਜਾ ਸਕੇ।

ਹੁਣ ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਪੁਰਾਣੀਆਂ ਨੀਤੀਆਂ ਕਾਰਨ ਊਰਜਾ ਉਤਪਾਦਨ, ਖਣਿਜ ਉਦਯੋਗ ਅਤੇ ਬੁਨਿਆਦੀ ਢਾਂਚਾ ਪ੍ਰਾਜੈਕਟ ਪ੍ਰਭਾਵਿਤ ਹੋ ਰਹੇ ਸਨ। ਨਵੀਂ ਨੀਤੀ ਤਹਿਤ ਕਈ ਸੰਘੀ ਜ਼ਮੀਨਾਂ 'ਤੇ ਤੇਲ ਡਰੀਲਿੰਗ, ਮਾਈਨਿੰਗ ਅਤੇ ਡਿਵੈਲਪਮੈਂਟ ਪ੍ਰਾਜੈਕਟ ਨੂੰ ਮਨਜ਼ੂਰੀ ਦੇਣ ਦਾ ਰਸਤਾ ਖੁੱਲ ਸਕਦਾ ਹੈ। ਟਰੰਪ ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ ਅਮਰੀਕੀ ਅਰਥਵਿਵਸਥਾ ਨੂੰ ਫਾਇਦਾ ਹੋਵੇਗਾ, ਨਵੀਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਊਰਜਾ ਸੁਤੰਤਰਤਾ ਮਜ਼ਬੂਤ ਹੋਵੇਗੀ।

ਦੂਜੇ ਪਾਸੇ ਵਾਤਾਵਰਣ ਸਮੂਹ ਅਤੇ ਜਲਵਾਯੂ ਕਾਰਕੁੰਨ ਨੇ ਇਸ ਫੈਸਲੇ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਜੰਗਲਾਂ ਦੀ ਕਟਾਈ, ਜੰਗਲੀ ਜੀਵ ਨੂੰ ਨੁਕਸਾਨ ਅਤੇ ਜਲਵਾਯੂ ਪਰਿਵਰਤਨ ਦੇ ਖਤਰੇ ਹੋਰ ਵਧ ਸਕਦੇ ਹਨ। ਮਾਹਿਰਾਂ ਮੁਤਾਬਕ ਬਾਇਡਨ ਯੁੱਗ ਦੀਆਂ ਨੀਤੀਆਂ ਜਨਤਕ ਜ਼ਮੀਨਾਂ ਨੂੰ "ਸੁਰੱਖਿਅਤ ਖੇਤਰ" ਬਣਾਉਣ ਵੱਲ ਇੱਕ ਵੱਡਾ ਕਦਮ ਸਨ, ਪਰ ਟਰੰਪ ਪ੍ਰਸ਼ਾਸਨ ਹੁਣ ਉਦਯੋਗ ਅਤੇ ਐਨਰਜੀ ਪ੍ਰਾਜੈਕਟ ਨੂੰ ਪਹਿਲ ਦੇ ਰਿਹਾ ਹੈ। ਇਸ ਮਾਮਲੇ 'ਤੇ ਆਉਣ ਵਾਲੇ ਸਮੇਂ ਵਿਚ ਕਾਨੂੰਨੀ ਅਤੇ ਰਾਜਨੀਤਿਕ ਟਕਰਾਅ ਹੋਰ ਵਧਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

Global Allianz
LAW FIRM LLP
ਕਾਨੂੰਨੀ ਸਲਾਹਾਂ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਵੱਲੋਂ ਈਰਾਨ ਦਾ ਸ਼ਾਂਤੀ ਪ੍ਰਸਤਾਵ ਅਸਵਿਕਾਰ !

**ਪ੍ਰਮਾਣੂ ਹਥਿਆਰਾਂ 'ਤੇ ਫ਼ੌਜੀ ਕਾਰਵਾਈ ਦੀ ਦਿੱਤੀ ਚਿਤਾਵਨੀ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਜੰਗ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਦਿੱਤੇ ਗਏ ਅਮਰੀਕੀ ਸ਼ਾਂਤੀ ਪ੍ਰਸਤਾਵ 'ਤੇ ਈਰਾਨ ਦੀ ਪ੍ਰਤੀਕਿਰਿਆ ਨੂੰ "ਪੂਰੀ ਤਰ੍ਹਾਂ ਅਸਵੀਕਾਰਨਯੋਗ" ਕਰਾਰ ਦਿੰਦਿਆਂ ਰੱਦ ਕਰ ਦਿੱਤਾ ਹੈ। ਟਰੰਪ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਉਹ ਇਸ ਜਵਾਬ ਤੋਂ ਖ਼ੁਸ਼ ਨਹੀਂ ਹਨ ਅਤੇ ਇਹ ਉਨ੍ਹਾਂ ਨੂੰ ਬਿਲਕੁੱਲ ਪਸੰਦ ਨਹੀਂ ਹੈ।

ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਵਿਚ ਲਿਖਿਆ, "ਮੈਂ ਹੁਣੇ ਈਰਾਨ ਦੇ ਅਖੌਤੀ 'ਪ੍ਰਤੀਨਿਧਾਂ' ਦਾ ਜਵਾਬ ਪੜ੍ਹਿਆ ਹੈ। ਮੈਨੂੰ ਇਹ ਪਸੰਦ ਨਹੀਂ ਹੈ, ਇਹ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ"। ਹਾਲਾਂਕਿ, ਟਰੰਪ ਨੇ ਇਸ ਜਵਾਬ ਨੂੰ ਨਕਾਰਨ ਦੇ ਖਾਸ ਕਾਰਨਾਂ ਜਾਂ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ। ਉਨ੍ਹਾਂ ਨੇ ਈਰਾਨ 'ਤੇ ਪਿਛਲੇ 47 ਸਾਲਾਂ ਤੋਂ ਅਮਰੀਕਾ ਅਤੇ ਬਾਕੀ ਦੁਨੀਆਂ ਨਾਲ "ਖੇਡਾਂ ਖੇਡਣ" ਅਤੇ ਦੇਰੀ ਕਰਨ ਦੀ ਨੀਤੀ ਅਪਣਾਉਣ ਦਾ ਦੋਸ਼ ਵੀ ਲਾਇਆ। ਟਰੰਪ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਈਰਾਨ ਹੁਣ ਅਮਰੀਕਾ 'ਤੇ ਹੱਸ ਨਹੀਂ ਸਕੇਗਾ। ਪਾਕਿਸਤਾਨ ਰਾਹੀਂ ਅਮਰੀਕਾ ਨੂੰ ਭੇਜੇ ਗਏ ਈਰਾਨ ਦੇ ਜਵਾਬ ਵਿਚ ਕਈ ਸ਼ਰਤਾਂ ਰੱਖੀਆਂ ਗਈਆਂ ਸਨ, ਜਿਸ ਵਿਚ ਈਰਾਨ ਨੇ ਲੇਬਨਾਨ ਸਮੇਤ, ਜਿੱਥੇ ਇਜ਼ਰਾਈਲ ਹਿਜ਼ਬੁੱਲਾ ਵਿਰੁੱਧ ਲੜ ਰਿਹਾ ਹੈ, ਸਾਰੇ ਮੋਰਚਿਆਂ 'ਤੇ ਸੰਘਰਸ਼ ਖ਼ਤਮ ਕਰਨ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਤੇਹਰਾਨ ਨੇ ਮੰਗ ਕੀਤੀ ਸੀ ਕਿ 30 ਦਿਨਾਂ ਦੀ ਮਿਆਦ ਲਈ ਈਰਾਨੀ ਤੇਲ ਦੀ ਵਿਕਰੀ 'ਤੇ ਲੱਗੀਆਂ ਓ.ਐੱਫ.ਏ.ਸੀ. ਪਾਬੰਦੀਆਂ ਹਟਾਈਆਂ ਜਾਣ ਅਤੇ ਜਲ ਸੈਨਾ ਦੀ ਘੇਰਾਬੰਦੀ ਖ਼ਤਮ ਕੀਤੀ ਜਾਵੇ। ਰਿਪੋਰਟਾਂ ਅਨੁਸਾਰ ਈਰਾਨ ਨੇ ਆਪਣੇ ਉੱਚ ਸੰਪੰਨ ਯੂਰੇਨੀਅਮ ਦੇ ਭੰਡਾਰ ਨੂੰ ਘਟਾਉਣ ਅਤੇ ਬਾਕੀ ਸਮੱਗਰੀ ਕਿਸੇ ਤੀਜੇ ਦੇਸ਼ ਨੂੰ ਭੇਜਣ ਦੀ ਪੇਸ਼ਕਸ਼ ਵੀ ਕੀਤੀ ਸੀ। ਟਰੰਪ ਨੇ ਸਪੱਸ਼ਟ ਕੀਤਾ ਕਿ ਅੰਤਰਰਾਸ਼ਟਰੀ ਭਾਈਚਾਰਾ ਈਰਾਨ ਦੇ "ਪਾਗਲ" ਸ਼ਾਸਨ ਨੂੰ ਪ੍ਰਮਾਣੂ ਹਥਿਆਰ ਪ੍ਰਾਪਤ ਕਰਨ ਦੀ ਆਗਿਆ ਨਹੀਂ ਦੇ ਸਕਦਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਵਾਸ਼ਿੰਗਟਨ ਈਰਾਨ ਦੇ ਯੂਰੇਨੀਅਮ ਦੇ ਭੰਡਾਰ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਜੇਕਰ ਈਰਾਨ ਇਨ੍ਹਾਂ ਥਾਵਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਤੁਰੰਤ ਉਸ ਖਿਲਾਫ ਫੌਜੀ ਕਾਰਵਾਈ ਕੀਤੀ ਜਾਵੇਗੀ।

# ਅਮਰੀਕੀ ਪ੍ਰਸ਼ਾਸਨ ਵੱਲੋਂ ਵੈਨੇਜ਼ੁਏਲਾ 'ਚੋਂ ਸਾਰਾ ਸੋਧਿਆ ਯੂਰੇਨੀਅਮ ਹਟਾਉਣ ਦਾ ਦਾਅਵਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਊਰਜਾ ਵਿਭਾਗ ਦੇ ਕੌਮੀ ਪਰਮਾਣੂ ਸੁਰੱਖਿਆ ਪ੍ਰਸ਼ਾਸਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਵੈਨੇਜ਼ੁਏਲਾ ਦੇ ਪੁਰਾਣੇ ਰਿਸਰਚ ਰਿਐਕਟਰ 'ਚੋਂ ਸਾਰਾ ਸੋਧਿਆ ਹੋਇਆ ਯੂਰੇਨੀਅਮ ਸੁਰੱਖਿਅਤ ਢੰਗ ਨਾਲ ਹਟਾ ਦਿੱਤਾ ਹੈ। ਉਨ੍ਹਾਂ ਇਸ ਕਾਰਵਾਈ ਨੂੰ ਦੱਖਣੀ ਅਮਰੀਕਾ ਅਤੇ ਅਮਰੀਕਾ ਨੂੰ ਪਰਮਾਣੂ ਸੁਰੱਖਿਆ ਜੋਖਮਾਂ ਤੋਂ ਬਚਾਉਣ ਦੀ ਦਿਸ਼ਾ ਵੱਲ ਅਹਿਮ ਕਦਮ ਦੱਸਿਆ ਹੈ।

ਇਹ ਮਿਸ਼ਨ ਵੈਨੇਜ਼ੁਏਲਾ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ, ਕੌਮਾਂਤਰੀ ਪਰਮਾਣੂ ਊਰਜਾ ਏਜੰਸੀ, ਬਰਤਾਨੀਆ ਦੇ ਮਾਹਿਰਾਂ ਅਤੇ ਅਮਰੀਕੀ ਵਿਦੇਸ਼ ਵਿਭਾਗ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਗਿਆ। ਰਿਐਕਟਰ ਤੋਂ ਲਗਪਗ 13.5 ਕਿਲੋਗ੍ਰਾਮ (30 ਪੌਂਡ) ਯੂਰੇਨੀਅਮ ਹਟਾਇਆ ਗਿਆ ਹੈ, ਜੋ 1991 ਵਿਚ ਖੋਜ ਕਾਰਵਾਈਆਂ ਬੰਦ ਹੋਣ ਤੋਂ ਬਾਅਦ ਵਾਧੂ ਸਮੱਗਰੀ ਵਜੋਂ ਉੱਥੇ ਪਿਆ ਸੀ। ਅਮਰੀਕੀ ਕੌਮੀ ਪਰਮਾਣੂ ਸੁਰੱਖਿਆ ਪ੍ਰਸ਼ਾਸਨ ਦੇ ਪ੍ਰਸ਼ਾਸਕ ਬ੍ਰੈਂਡਨ ਵਿਲੀਅਮਜ਼ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ 'ਦੂਰਅੰਦੇਸ਼ ਲੀਡਰਸ਼ਿਪ ਦੀ ਸ਼ਲਾਘਾ ਕਰਦਿਆਂ' ਕਿਹਾ ਕਿ ਜੋ ਕੰਮ ਸਾਲਾਂ ਵਿਚ ਹੋਣਾ ਸੀ, ਉਹ ਟੀਮਾਂ ਨੇ ਕੁਝ ਮਹੀਨਿਆਂ ਵਿਚ ਹੀ ਪੂਰਾ ਕਰ ਦਿੱਤਾ। ਯੂਰੇਨੀਅਮ ਨੂੰ ਸੁਰੱਖਿਅਤ ਢੰਗ ਨਾਲ ਪੈਕ ਕਰ ਕੇ ਵੈਨੇਜ਼ੁਏਲਾ ਦੀ ਬੰਦਰਗਾਹ ਤੱਕ ਪਹੁੰਚਾਇਆ ਗਿਆ ਅਤੇ ਉੱਥੋਂ ਬਰਤਾਨਵੀ ਜਹਾਜ਼ ਰਾਹੀਂ ਅਮਰੀਕਾ ਲਿਆਂਦਾ ਗਿਆ।

# ਅਮਰੀਕਾ 'ਚ ਭਾਰਤੀ ਵਿਦਿਆਰਥੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਅਮਰੀਕਾ ਤੋਂ ਇੱਕ ਬਹੁਤ ਹੀ ਮੰਦਭਾਗੀ ਅਤੇ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਆਂਧਰਾ ਪ੍ਰਦੇਸ਼ ਦੇ ਇੱਕ ਨੌਜਵਾਨ ਵਿਦਿਆਰਥੀ ਦੀ ਆਪਣੀ ਗ੍ਰੈਜੂਏਸ਼ਨ ਦੀ ਖ਼ੁਸ਼ੀ ਮਨਾਉਣ ਤੋਂ ਕੁਝ ਘੰਟਿਆਂ ਬਾਅਦ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।

ਆਂਧਰਾ ਪ੍ਰਦੇਸ਼ ਦੇ ਕਡਾਪਾ ਜ਼ਿਲ੍ਹੇ ਦਾ ਰਹਿਣ ਵਾਲਾ 26 ਸਾਲਾ ਮੁਹੰਮਦ ਕੁਮੇਲ ਸ਼ੇਖ, ਜੋ ਸਾਨ ਫਰਾਂਸਿਸਕੋ ਵਿਚ ਪੜ੍ਹਾਈ ਕਰ ਰਿਹਾ ਸੀ, ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਇਹ ਦੁਖਦਾਈ ਘਟਨਾ ਉਸ ਸਮੇਂ ਵਾਪਰੀ, ਜਦੋਂ ਉਸ ਨੇ ਗੋਲਡਨ ਗੇਟ ਯੂਨੀਵਰਸਿਟੀ ਤੋਂ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ ਸੀ ਅਤੇ ਇਸ ਦਾ ਜਸ਼ਨ ਮਨਾ ਕੇ ਹਟਿਆ ਹੀ ਸੀ।

ਕੁਮੇਲ ਦੇ ਦੋਸਤ ਰਵੀ ਤੇਜਾ ਨੰਨਾਪਾਨੇਨੀ ਵੱਲੋਂ ਸ਼ੁਰੂ ਕੀਤੀ ਗਈ 'ਗੋਫੰਡ ਮੀ' ਮੁਹਿੰਮ ਰਾਹੀਂ ਮਿਲੀ ਜਾਣਕਾਰੀ ਅਨੁਸਾਰ, ਕੁਮੇਲ ਨੂੰ ਆਪਣੇ ਗ੍ਰੈਜੂਏਸ਼ਨ ਸਮਾਰੋਹ ਵਿਚ ਸ਼ਾਮਲ ਹੋਣ ਤੋਂ ਅਗਲੇ ਦਿਨ ਨੀਂਦ ਵਿਚ ਹੀ ਦਿਲ ਦਾ ਦੌਰਾ ਪੈ ਗਿਆ।

ਇਸ ਸਮੇਂ ਮ੍ਰਿਤਕ ਵਿਦਿਆਰਥੀ ਦਾ ਪਰਿਵਾਰ ਜਿੱਥੇ ਇਸ ਅਸਹਿ ਸਦਮੇ ਕਾਰਨ ਭਾਵਨਾਤਮਕ ਤੌਰ 'ਤੇ ਟੁੱਟ ਚੁੱਕਾ ਹੈ, ਉੱਥੇ ਹੀ ਉਸ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਲਈ ਭਾਰੀ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਵੀ ਕਰ ਰਿਹਾ ਹੈ। ਦੋਸਤਾਂ ਵੱਲੋਂ ਚਲਾਈ ਜਾ ਰਹੀ ਫੰਡਰੇਜ਼ਰ ਮੁਹਿੰਮ ਰਾਹੀਂ ਪਰਿਵਾਰ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਤਾਂ ਜੋ ਕੁਮੇਲ ਦੀ ਦੇਹ ਨੂੰ ਅੰਤਿਮ ਰਸਮਾਂ ਲਈ ਉਸ ਦੇ ਜੱਦੀ ਘਰ ਪਹੁੰਚਾਇਆ ਜਾ ਸਕੇ।

# ਓਨਟਾਰੀਓ ਕਾਲਜ ਸੰਬੰਧੀ ਅਹਿਮ ਖੁਲਾਸੇ: ਪੂਰੇ ਅੰਤਰਰਾਸ਼ਟਰੀ ਸਿੱਖਿਆ ਸਿਸਟਮ 'ਤੇ ਖੜ੍ਹੇ ਹੋਏ ਸਵਾਲ

**ਓਨਟਾਰੀਓ, (ਪੰਜਾਬ ਮੇਲ)-** ਹਜ਼ਾਰਾਂ ਭਾਰਤੀ ਵਿਦਿਆਰਥੀ ਹਰ ਸਾਲ ਕੈਨੇਡਾ ਵਿਚ ਬਿਹਤਰ ਭਵਿੱਖ ਅਤੇ ਚੰਗੀ ਨੌਕਰੀ ਦਾ ਸੁਪਨਾ ਲੈ ਕੇ ਜਾਂਦੇ ਹਨ। ਹਾਲ ਹੀ ਵਿਚ ਓਨਟਾਰੀਓ ਦੇ ਇਕ ਵੱਡੇ ਕਾਲਜ ਨੂੰ ਲੈ ਕੇ ਅਜਿਹੇ ਖੁਲਾਸੇ ਹੋਏ ਹਨ, ਜਿਨ੍ਹਾਂ ਨੇ ਪੂਰੇ ਅੰਤਰਰਾਸ਼ਟਰੀ ਸਿੱਖਿਆ ਸਿਸਟਮ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਓਨਟਾਰੀਓ ਵਿਚ ਸਥਿਤ ਕੋਨਸਟੋਗਾ ਕਾਲਜ 'ਤੇ ਸਰਕਾਰੀ ਆਡਿਟ ਵਿਚ ਸਾਹਮਣੇ ਆਇਆ ਹੈ ਕਿ ਕਾਲਜ ਨੇ ਵਿਦੇਸ਼ੀ ਵਿਦਿਆਰਥੀਆਂ ਖ਼ਾਸ ਕਰਕੇ ਅੰਤਰਰਾਸ਼ਟਰੀ ਦਾਖਲਿਆਂ ਜ਼ਰੀਏ ਕੁਝ ਹੀ ਸਾਲਾਂ ਵਿਚ ਰਿਕਾਰਡ ਕਮਾਈ ਕੀਤੀ, ਜਿਸ ਮਗਰੋਂ ਸਰਕਾਰ ਨੇ ਕਾਲਜ ਨੂੰ ਪ੍ਰਬੰਧਕੀ ਕਬਜ਼ੇ ਵਿਚ ਲੈ ਲਿਆ ਹੈ। ਫਿਲਹਾਲ ਓਨਟਾਰੀਓ ਸਰਕਾਰ ਵੱਲੋਂ ਕਾਲਜ ਦੇ ਖਰਚਿਆਂ ਅਤੇ ਫੈਸਲਿਆਂ ਦੀ ਸਿੱਧੀ ਜਾਂਚ ਕੀਤੀ ਜਾ ਰਹੀ ਹੈ।

ਆਡਿਟ ਰਿਪੋਰਟ ਅਨੁਸਾਰ ਸਾਲ 2021 ਤੋਂ 2023 ਦੇ ਵਿਚਕਾਰ ਕਾਲਜ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿਚ ਲਗਭਗ 150 ਫੀਸਦੀ ਦਾ ਭਾਰੀ ਵਾਧਾ ਹੋਇਆ। ਇਸ ਦੇ ਨਾਲ ਹੀ ਕਾਲਜ ਦੀ ਕੁੱਲ ਕਮਾਈ ਲਗਭਗ ਤਿੰਨ ਗੁਣਾ ਤੱਕ ਵਧ ਗਈ। ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਸਥਾਨਕ ਵਿਦਿਆਰਥੀਆਂ ਦੇ ਮੁਕਾਬਲੇ ਕਈ ਗੁਣਾ ਵੱਧ ਫੀਸ ਲਈ ਜਾਂਦੀ ਹੈ, ਜਿਸ ਕਾਰਨ ਕਾਲਜਾਂ ਲਈ ਇਹ ਕਮਾਈ ਦਾ ਸਭ ਤੋਂ ਵੱਡਾ ਜ਼ਰੀਆ ਬਣ ਗਏ ਸਨ।

ਸਰਕਾਰੀ ਜਾਂਚ ਵਿਚ ਕਾਲਜ ਪ੍ਰਸ਼ਾਸਨ ਵੱਲੋਂ ਕੀਤੇ ਗਏ ਖਰਚਿਆਂ 'ਤੇ ਗੰਭੀਰ ਸਵਾਲ ਚੁੱਕੇ ਗਏ ਹਨ। ਜਿਨ੍ਹਾਂ ਵਿਚ ਕਾਲਜ ਦੇ ਸਾਬਕਾ ਪ੍ਰਧਾਨ ਦੀ ਤਨਖਾਹ ਵਿਚ 55 ਫੀਸਦੀ ਦਾ ਵਾਧਾ ਕੀਤਾ ਗਿਆ। ਸੀਨੀਅਰ ਅਧਿਕਾਰੀਆਂ ਦੀ ਇਟਲੀ ਯਾਤਰਾ 'ਤੇ ਹਜ਼ਾਰਾਂ ਡਾਲਰ ਉਡਾਏ ਗਏ। ਸਟਾਫ ਦੇ ਰਾਤ ਦੇ ਖਾਣੇ ਦੌਰਾਨ ਸ਼ਰਾਬ 'ਤੇ ਭਾਰੀ ਰਕਮ ਖਰਚ ਕੀਤੀ ਗਈ। ਇਨ੍ਹਾਂ ਖੁਲਾਸਿਆਂ ਤੋਂ ਬਾਅਦ ਇਹ ਸਵਾਲ ਉੱਠ ਰਹੇ ਹਨ ਕਿ ਵਿਦਿਆਰਥੀਆਂ ਦੀ ਖੂਨ-ਪਸੀਨੇ ਦੀ ਕਮਾਈ ਨਾਲ ਭਰੀ ਫੀਸ ਦੀ ਵਰਤੋਂ ਸਹੂਲਤਾਂ ਦੀ ਬਜਾਏ ਅਜਿਹੇ ਕੰਮਾਂ ਲਈ ਕਿਉਂ ਕੀਤੀ ਗਈ।

ਭਾਰਤ ਤੋਂ ਕੈਨੇਡਾ ਜਾਣ ਵਾਲੇ ਬਹੁਤ ਸਾਰੇ ਵਿਦਿਆਰਥੀਆਂ ਦੇ ਪਰਿਵਾਰਾਂ ਨੇ ਇਹ ਫੀਸਾਂ ਭਰਨ ਲਈ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ, ਜੀਵਨ ਭਰ ਦੀ ਜਮ੍ਹਾ ਪੂੰਜੀ ਖਰਚ ਦਿੱਤੀ ਜਾਂ ਭਾਰੀ ਕਰਜ਼ੇ ਲਏ ਸਨ। ਵਿਦਿਆਰਥੀਆਂ ਨੂੰ ਉਮੀਦ ਸੀ ਕਿ ਉੱਥੇ ਜਾ ਕੇ ਉਨ੍ਹਾਂ ਦੀ ਜ਼ਿੰਦਗੀ ਬਦਲ ਜਾਵੇਗੀ, ਪਰ ਕੈਨੇਡਾ ਪਹੁੰਚਣ ਤੋਂ ਬਾਅਦ ਉਨ੍ਹਾਂ ਨੂੰ ਮਹਿੰਗੇ ਕਿਰਾਏ, ਰਹਿਣ ਦੀਆਂ ਦਿੱਕਤਾਂ ਅਤੇ ਨੌਕਰੀਆਂ ਦੀ ਘਾਟ ਦਾ ਸਾਹਮਣਾ ਕਰਨਾ ਪਿਆ।




# ਜਾਰਜੀਆ 2020 ਚੋਣ ਬੈਲਟ ਮਾਮਲੇ 'ਚ ਟਰੰਪ ਪ੍ਰਸ਼ਾਸਨ ਨੂੰ ਅਦਾਲਤੀ ਰਾਹਤ

**■ ਐੱਫ.ਬੀ.ਆਈ. ਦੀ ਤਲਾਸ਼ੀ ਦੌਰਾਨ ਜ਼ਬਤ ਕੀਤੇ ਚੋਣਾਂ ਦੇ ਬੈਲਟ ਆਪਣੇ ਕਬਜ਼ੇ 'ਚ ਰੱਖ ਸਕਦੈ ਨਿਆਂ ਵਿਭਾਗ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਇੱਕ ਅਮਰੀਕੀ ਜੱਜ ਨੇ 6 ਮਈ ਨੂੰ ਫੈਸਲਾ ਸੁਣਾਇਆ ਕਿ ਨਿਆਂ ਵਿਭਾਗ ਜਨਵਰੀ ਮਹੀਨੇ ਦੌਰਾਨ ਐੱਫ.ਬੀ.ਆਈ. ਦੀ ਤਲਾਸ਼ੀ ਦੌਰਾਨ ਜ਼ਬਤ ਕੀਤੇ ਗਏ 2020 ਦੀਆਂ ਚੋਣਾਂ ਦੇ ਬੈਲਟ ਆਪਣੇ ਕਬਜ਼ੇ 'ਚ ਰੱਖ ਸਕਦਾ ਹੈ। ਇਹ ਫੈਸਲਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਲਈ ਇੱਕ ਮਹੱਤਵਪੂਰਨ ਜਿੱਤ ਵਜੋਂ ਵੇਖਿਆ ਜਾ ਰਿਹਾ ਹੈ, ਕਿਉਂਕਿ ਉਹ ਲੰਮੇ ਸਮੇਂ ਤੋਂ 2020 ਦੀਆਂ ਚੋਣਾਂ 'ਚ ਵਿਆਪਕ ਵੋਟਰ ਧੋਖਾਧੜੀ ਦੇ ਦਾਅਵੇ ਕਰਦੇ ਆ ਰਹੇ ਹਨ।

ਅਟਲਾਂਟਾ ਅਧਾਰਿਤ ਅਮਰੀਕੀ ਜ਼ਿਲ੍ਹਾ ਜੱਜ ਜੇ.ਪੀ. ਬੂਲੀ ਨੇ ਫੁਲਟਨ ਕਾਉਂਟੀ ਦੀ ਉਹ ਬੇਨਤੀ ਰੱਦ ਕਰ ਦਿੱਤੀ, ਜਿਸ ਵਿਚ ਜ਼ਬਤ ਕੀਤੀ ਸਮੱਗਰੀ ਦੀਆਂ ਅਸਲ ਕਾਪੀਆਂ ਵਾਪਸ ਕਰਨ ਦੀ ਮੰਗ ਕੀਤੀ ਗਈ ਸੀ। ਕਾਉਂਟੀ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਚੋਣ ਕੇਂਦਰ 'ਤੇ ਕੀਤੀ ਗਈ ਐੱਫ.ਬੀ.ਆਈ. ਦੀ ਤਲਾਸ਼ੀ ਸਬੂਤਾਂ 'ਤੇ ਆਧਾਰਿਤ ਸੀ ਅਤੇ ਇਸ ਨਾਲ ਅਮਰੀਕੀ ਸੰਵਿਧਾਨ ਹੇਠ ਮਿਲੀਆਂ ਸੁਰੱਖਿਆਵਾਂ ਦੀ ਉਲੰਘਣਾ ਹੋਈ ਹੈ।

ਜੱਜ ਬੂਲੀ ਨੇ ਕਿਹਾ ਕਿ ਤਲਾਸ਼ੀ ਲਈ ਅਦਾਲਤੀ ਮਨਜ਼ੂਰੀ ਪ੍ਰਾਪਤ ਕਰਨ ਵਾਸਤੇ ਪੇਸ਼ ਕੀਤੇ ਐੱਫ.ਬੀ.ਆਈ. ਦੇ ਹਲਫ਼ਨਾਮੇ ਵਿਚ ਕੁਝ ਕਮੀਆਂ ਜ਼ਰੂਰ ਸਨ, ਪਰ ਇਹ ਕਮੀਆਂ ਕਾਉਂਟੀ ਦੇ ਅਧਿਕਾਰਾਂ ਪ੍ਰਤੀ "ਬੇਰਹਿਮ



ਅਣਗਹਿਲੀ" ਦੇ ਬਰਾਬਰ ਨਹੀਂ ਮੰਨੀਆਂ ਜਾ ਸਕਦੀਆਂ, ਜੋ ਰਿਕਾਰਡ ਵਾਪਸ ਲੈਣ ਲਈ ਲਾਜ਼ਮੀ ਕਾਨੂੰਨੀ ਮਾਪਦੰਡ ਹੈ।

68 ਸਫ਼ਿਆਂ ਦੇ ਆਪਣੇ ਫੈਸਲੇ 'ਚ ਬੂਲੀ ਨੇ ਲਿਖਿਆ, "ਭਾਵੇਂ ਹਲਫ਼ਨਾਮਾ ਪੂਰੀ ਤਰ੍ਹਾਂ ਸੰਪੂਰਨ ਨਹੀਂ ਸੀ, ਪਰ ਇਹ ਉਹ ਮਾਮਲਾ ਨਹੀਂ ਜਿੱਥੇ ਕਿਸੇ ਅਧਿਕਾਰੀ ਨੇ ਸੰਭਾਵੀ ਕਾਰਨ ਨੂੰ ਕਮਜ਼ੋਰ ਕਰਨ ਵਾਲੇ ਸਾਰੇ ਤੱਥ ਲੁਕਾਏ ਹੋਣ ਜਾਂ ਜਾਣਬੁੱਝ ਕੇ ਝੂਠ ਬੋਲਿਆ ਹੋਵੇ।" ਫੁਲਟਨ ਕਾਉਂਟੀ ਦੇ ਚੇਅਰਮੈਨ ਰੌਬ ਪਿਟਸ ਨੇ ਇੱਕ ਬਿਆਨ 'ਚ ਕਿਹਾ ਕਿ ਕਾਉਂਟੀ ਇਸ ਫੈਸਲੇ ਨਾਲ ਅਸਹਿਮਤ ਹੈ ਅਤੇ ਸਾਰੇ ਉਪਲਬਧ ਕਾਨੂੰਨੀ ਵਿਕਲਪਾਂ ਦੀ "ਡਟ ਕੇ" ਪੈਰਵੀ ਕਰੇਗੀ।

ਐੱਫ.ਬੀ.ਆਈ. ਅਤੇ ਨਿਆਂ ਵਿਭਾਗ ਦੇ ਬੁਲਾਰਿਆਂ ਵੱਲੋਂ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ।

ਇਹ ਫੈਸਲਾ ਟਰੰਪ ਦੇ ਨਿਆਂ ਵਿਭਾਗ ਲਈ ਉਨ੍ਹਾਂ ਜਾਂਚਾਂ ਵਿਚ ਇੱਕ ਵਿਰਲਾ ਅਦਾਲਤੀ ਸਹਾਰਾ ਹੈ, ਜਿਨ੍ਹਾਂ ਦੀ ਮੰਗ ਖੁਦ ਟਰੰਪ ਵੱਲੋਂ ਕੀਤੀ ਗਈ ਸੀ। ਇਸ ਨਾਲ ਐੱਫ.ਬੀ.ਆਈ. ਨੂੰ 2020 ਦੀਆਂ ਚੋਣਾਂ ਨਾਲ ਸੰਬੰਧਿਤ 600 ਤੋਂ ਵੱਧ ਡੱਬਿਆਂ ਵਿਚ ਰੱਖੇ ਬੈਲਟਾਂ 'ਤੇ ਕਬਜ਼ਾ ਬਣਾਈ ਰੱਖਣ ਦੀ ਆਗਿਆ ਮਿਲ ਗਈ ਹੈ। ਏਜੰਸੀ ਇਹ ਜਾਂਚ ਕਰ ਰਹੀ ਹੈ ਕਿ ਕੀ ਚੋਣ ਰਿਕਾਰਡ ਸਹੀ ਢੰਗ ਨਾਲ ਸੰਭਾਲੇ ਨਹੀਂ ਗਏ ਜਾਂ ਕੀ ਫੁਲਟਨ ਕਾਉਂਟੀ ਦੇ ਵੋਟਰਾਂ ਨੂੰ ਨਿਰਪੱਖ ਚੋਣ ਪ੍ਰਕਿਰਿਆ ਤੋਂ ਵੰਚਿਤ ਕੀਤਾ ਗਿਆ ਸੀ।

ਹਾਲਾਂਕਿ ਜਾਂਚ ਵਿਚ ਅਜੇ ਵੀ ਕਈ ਵੱਡੀਆਂ ਰੁਕਾਵਟਾਂ ਹਨ। ਨਿਆਂ ਵਿਭਾਗ ਦੇ ਵਕੀਲਾਂ ਨੇ ਅਜੇ ਤੱਕ ਜਾਂਚ ਦੇ ਕਿਸੇ ਵਿਅਕਤੀਗਤ ਨਿਸ਼ਾਨੇ ਦੀ ਪਛਾਣ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਨੇ ਉਨ੍ਹਾਂ ਦਲੀਲਾਂ ਦਾ ਖੰਡਨ ਕੀਤਾ ਹੈ, ਜਿਨ੍ਹਾਂ ਅਨੁਸਾਰ ਸੰਭਾਵਿਤ ਅਪਰਾਧਾਂ 'ਤੇ ਲਾਗੂ ਸਮਾਂ-ਸੀਮਾ ਕਾਨੂੰਨ ਖਤਮ ਹੋ ਚੁੱਕਾ ਹੈ।

ਨਵੰਬਰ ਦੀਆਂ ਚੋਣਾਂ ਤੋਂ ਪਹਿਲਾਂ ਇਸ ਮਾਮਲੇ 'ਤੇ ਦੇਸ਼ ਭਰ ਦੇ ਚੋਣ ਅਧਿਕਾਰੀਆਂ ਅਤੇ ਮਾਹਰਾਂ ਦੀ ਨਿਗਾ ਟਿਕੀ ਹੋਈ ਹੈ, ਕਿਉਂਕਿ ਟਰੰਪ ਲਗਾਤਾਰ ਕੁਝ ਸਥਾਨਕ ਚੋਣ ਪ੍ਰਣਾਲੀਆਂ 'ਤੇ ਸੰਘੀ ਦਖ਼ਲ ਦੀ ਧਮਕੀ ਦੇ ਰਹੇ ਹਨ ਅਤੇ ਵੋਟਿੰਗ ਪ੍ਰਕਿਰਿਆ ਬਾਰੇ ਸ਼ੱਕ ਪੈਦਾ ਕਰ ਰਹੇ ਹਨ।

ਟਰੰਪ ਅਜੇ ਵੀ ਇਹ ਝੂਠਾ ਦਾਅਵਾ ਕਰਦੇ ਹਨ ਕਿ 2020 ਦੀਆਂ ਚੋਣਾਂ ਵਿਚ ਡੈਮੋਕ੍ਰੇਟ ਉਮੀਦਵਾਰ ਜੋਅ ਬਾਇਡਨ ਕੋਲੋਂ ਉਨ੍ਹਾਂ ਦੀ ਹਾਰ ਵਿਆਪਕ ਧੋਖਾਧੜੀ ਕਾਰਨ ਹੋਈ ਸੀ। ਇਸ ਸਬੰਧ ਵਿਚ ਉਨ੍ਹਾਂ ਨੇ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਖੁਫੀਆ ਏਜੰਸੀਆਂ ਨੂੰ ਵੋਟ ਗਿਣਤੀ ਨਾਲ ਜੁੜੇ ਦਾਅਵਿਆਂ ਦੀ ਮੁੜ ਜਾਂਚ ਕਰਨ ਲਈ ਤਾਇਨਾਤ ਕੀਤਾ ਹੋਇਆ ਹੈ। ਨਿਆਂ ਵਿਭਾਗ ਦੇ ਵਕੀਲਾਂ ਨੇ ਅਦਾਲਤ ਵਿਚ ਕਿਹਾ ਕਿ ਫੁਲਟਨ ਕਾਉਂਟੀ ਜ਼ਬਤ ਕੀਤੀ ਸਮੱਗਰੀ ਵਾਪਸ ਲੈਣ ਲਈ ਲੋੜੀਂਦੇ ਸਖ਼ਤ ਕਾਨੂੰਨੀ ਮਾਪਦੰਡਾਂ ਨੂੰ ਪੂਰਾ ਕਰਨ ਵਿਚ ਅਸਫਲ ਰਹੀ ਹੈ।

ਸੰਘੀ ਮੈਜਿਸਟ੍ਰੇਟ ਜੱਜ ਦੀ ਮਨਜ਼ੂਰੀ ਨਾਲ ਕੀਤੀ ਗਈ ਤਲਾਸ਼ੀ ਦੌਰਾਨ ਐੱਫ.ਬੀ.ਆਈ. ਏਜੰਟਾਂ ਨੇ ਯੂਨੀਅਨ ਸਿਟੀ, ਜਾਰਜੀਆ ਵਿਚ ਸਥਿਤ ਕਾਉਂਟੀ ਦੇ ਚੋਣ ਕੇਂਦਰ ਤੋਂ 2020 ਦੀਆਂ ਚੋਣਾਂ ਦੇ ਅਸਲ ਬੈਲਟ ਅਤੇ ਹੋਰ ਦਸਤਾਵੇਜ਼ ਜ਼ਬਤ ਕੀਤੇ ਸਨ। ਅਧਿਕਾਰੀਆਂ ਨੇ ਕਥਿਤ "ਖਾਮੀਆਂ" ਦਾ ਹਵਾਲਾ ਦਿੱਤਾ ਸੀ, ਜਿਵੇਂ ਕਿ ਕੁਝ ਡਿਜ਼ੀਟਲ ਤਸਵੀਰਾਂ ਦਾ ਗਾਇਬ ਹੋਣਾ ਅਤੇ ਕੁਝ ਗੈਰਹਾਜ਼ਰ ਵੋਟ ਪੱਤਰਾਂ ਦਾ ਲਾਜ਼ਮੀ ਤਰੀਕੇ ਨਾਲ ਮੋੜਿਆ ਨਾ ਹੋਣਾ।

ਇਹ ਜਾਂਚ ਵਕੀਲ ਕਰਟ ਓਲਸਨ ਦੇ ਰੈਫਰਲ ਤੋਂ ਬਾਅਦ ਸ਼ੁਰੂ ਹੋਈ, ਜੋ 2020 ਦੀਆਂ ਚੋਣਾਂ ਨੂੰ ਉਲਟਾਉਣ ਲਈ ਟਰੰਪ ਦੀਆਂ ਕੋਸ਼ਿਸ਼ਾਂ ਵਿਚ ਸ਼ਾਮਲ ਰਹੇ ਸਨ। ਬਾਅਦ ਵਿਚ ਵ੍ਹਾਈਟ ਹਾਊਸ ਨੇ ਉਨ੍ਹਾਂ ਨੂੰ ਵੋਟਾਂ ਦੀ ਦੁਬਾਰਾ ਜਾਂਚ ਨਾਲ ਸੰਬੰਧਿਤ ਕੰਮ ਸੌਂਪਿਆ। ਟਰੰਪ ਦੀ ਰਾਸ਼ਟਰੀ ਖੁਫੀਆ ਨਿਰਦੇਸ਼ਕ ਤੁਲਸੀ ਗੈਬਾਰਡ ਵੀ ਇਸ ਜਾਂਚ ਵਿਚ ਸ਼ਾਮਲ ਹੋਈ, ਜੋ ਇੱਕ ਅਜਿਹਾ ਕਦਮ ਸੀ, ਜਿਸਨੂੰ ਕਈਆਂ ਨੇ ਅਸਾਧਾਰਨ ਕਰਾਰ ਦਿੱਤਾ, ਕਿਉਂਕਿ ਉਸਦਾ ਵਿਭਾਗ ਆਮ ਤੌਰ 'ਤੇ ਵਿਦੇਸ਼ੀ ਖ਼ਤਰਿਆਂ 'ਤੇ ਕੇਂਦ੍ਰਿਤ ਰਹਿੰਦਾ ਹੈ। ਫੁਲਟਨ ਕਾਉਂਟੀ, ਜੋ ਜਾਰਜੀਆ ਵਿਚ ਡੈਮੋਕ੍ਰੇਟਿਕ ਪਾਰਟੀ ਦਾ ਮਜ਼ਬੂਤ ਗੜ੍ਹ ਮੰਨੀ ਜਾਂਦੀ ਹੈ, 2020 ਦੀਆਂ ਚੋਣਾਂ ਤੋਂ ਬਾਅਦ ਟਰੰਪ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਫੈਲਾਏ ਗਏ ਸਾਜ਼ਿਸ਼ੀ ਸਿਧਾਂਤਾਂ ਅਤੇ ਧੋਖਾਧੜੀ ਦੇ ਦਾਅਵਿਆਂ ਦਾ ਕੇਂਦਰ ਬਣੀ ਰਹੀ ਹੈ।

ਫੁਲਟਨ ਕਾਉਂਟੀ ਵਿਚ ਜੋਅ ਬਾਇਡਨ ਦੀ ਵੱਡੀ ਬੜ੍ਹਤ ਜਾਰਜੀਆ ਨੂੰ ਡੈਮੋਕ੍ਰੇਟਿਕ ਪਾਰਟੀ ਦੇ ਪੱਖ ਵਿਚ ਲਿਜਾਣ ਲਈ ਨਿਰਣਾਇਕ ਸਾਬਤ ਹੋਈ ਸੀ। ਹਾਲਾਂਕਿ 2024 ਵਿਚ ਇਹ ਰਾਜ ਮੁੜ ਟਰੰਪ ਦੇ ਪੱਖ ਵਿਚ ਚਲਾ ਗਿਆ।

# ਫੈਡਰਲ ਅਦਾਲਤ ਨੇ ਸੀ.ਡੀ.ਐੱਲ. ਸਬੰਧੀ ਅੰਤਿਮ ਹੁਕਮ 'ਤੇ ਰੋਕ ਲਗਾਉਣ ਤੋਂ ਕੀਤਾ ਇਨਕਾਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਵਾਸ਼ਿੰਗਟਨ ਡੀ.ਸੀ. ਸਰਕਟ ਅਪੀਲੀ ਅਦਾਲਤ ਨੇ ਫੈਡਰਲ ਮੋਟਰ ਕੈਰੀਅਰ ਸੁਰੱਖਿਆ ਪ੍ਰਸ਼ਾਸਨ (ਐੱਫ.ਐੱਮ.ਸੀ.ਐੱਸ.ਏ.) ਦੇ ਵਿਵਾਦਿਤ "ਅੰਤਿਮ ਨਿਯਮ" 'ਤੇ ਅਸਥਾਈ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਇਹ ਨਿਯਮ ਸਤੰਬਰ ਵਿਚ ਅਦਾਲਤ ਵੱਲੋਂ ਪੂਰੀ ਸੁਣਵਾਈ ਹੋਣ ਤੱਕ ਲਾਗੂ ਰਹੇਗਾ।

ਐੱਫ.ਐੱਮ.ਸੀ.ਐੱਸ.ਏ. ਵੱਲੋਂ ਫਰਵਰੀ ਵਿਚ ਜਾਰੀ ਕੀਤੇ ਹੁਕਮ ਅਧੀਨ ਗੈਰ-ਨਾਗਰਿਕਾਂ ਲਈ ਵਪਾਰਕ ਡਰਾਈਵਿੰਗ ਲਾਇਸੈਂਸ (ਸੀ.ਡੀ.ਐੱਲ.) ਪ੍ਰਾਪਤ ਕਰਨ ਜਾਂ ਉਸਦਾ ਨਵੀਨੀਕਰਨ ਕਰਵਾਉਣ ਦੀਆਂ ਸ਼ਰਤਾਂ ਹੋਰ ਸਖਤ ਕਰ ਦਿੱਤੀਆਂ ਗਈਆਂ ਸਨ। ਇਸ ਕਾਰਨ ਟਰੱਕਿੰਗ ਅਤੇ ਆਵਾਜਾਈ ਖੇਤਰ ਵਿਚ ਕੰਮ ਕਰਨ ਵਾਲੇ ਪ੍ਰਵਾਸੀ ਭਾਈਚਾਰਿਆਂ 'ਚ ਨਵੀਆਂ ਚਿੰਤਾਵਾਂ ਉਭਰੀਆਂ ਹਨ।

ਨਵੇਂ ਨਿਯਮ ਮੁਤਾਬਕ ਗੈਰ-ਨਿਵਾਸੀ ਵਪਾਰਕ ਸਿੱਖਣ ਪਰਮਿਟਾਂ ਅਤੇ ਵਪਾਰਕ ਡਰਾਈਵਿੰਗ ਲਾਇਸੈਂਸਾਂ ਤੱਕ ਪਹੁੰਚ ਹੁਣ ਕੇਵਲ ਰੁਜ਼ਗਾਰ-ਅਧਾਰਿਤ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਤੱਕ ਸੀਮਿਤ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਯੋਗਤਾ ਸਾਬਤ ਕਰਨ ਲਈ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ ਦੀ ਵਰਤੋਂ ਵੀ ਖਤਮ ਕਰ ਦਿੱਤੀ ਗਈ ਹੈ।

ਫਰਵਰੀ ਦੇ ਇਸ ਹੁਕਮ ਨੂੰ "ਲੁਜਾਨ ਬਨਾਮ ਐੱਫ.ਐੱਮ.ਸੀ.ਐੱਸ.ਏ. ਦੂਜਾ" ਨਾਮਕ ਮਾਮਲੇ ਤਹਿਤ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਹੈ। ਮੁਕੱਦਮੇ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸਰਕਾਰ ਲੱਖਾਂ ਅਜਿਹੇ ਪ੍ਰਵਾਸੀ, ਜੋ ਟਰੱਕਾਂ ਅਤੇ ਹੋਰ ਵਪਾਰਕ ਵਾਹਨਾਂ ਨੂੰ ਕਾਨੂੰਨੀ ਤੌਰ 'ਤੇ ਚਲਾਉਣ ਦੇ ਅਧਿਕਾਰ ਰੱਖਦੇ ਹਨ, ਉਨ੍ਹਾਂ ਦੇ ਸੀ.ਡੀ.ਐੱਲ. ਰੋਕ ਕੇ ਰੁਜ਼ਗਾਰ ਮੰਡੀ ਤੋਂ ਬਾਹਰ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ।

"ਟਰੱਕ ਐਨ ਹਸਲ" ਦੇ ਅਨੁਸਾਰ ਏਜੰਸੀ ਦੀ ਦਲੀਲ ਦਾ ਕੇਂਦਰ ਕੌਮੀਅਤ ਨਹੀਂ, ਸਗੋਂ ਤਸਦੀਕ ਨਾਲ ਜੁੜੀਆਂ ਕਮਜ਼ੋਰੀਆਂ ਹਨ। ਖ਼ਾਸ ਤੌਰ 'ਤੇ ਰਾਜ ਸਰਕਾਰਾਂ ਲਈ ਵਿਦੇਸ਼ੀ ਡਰਾਈਵਿੰਗ ਰਿਕਾਰਡਾਂ ਤੱਕ ਨਿਰੰਤਰ ਪਹੁੰਚ ਪ੍ਰਾਪਤ ਕਰਨਾ ਅਤੇ ਵਪਾਰਕ ਡਰਾਈਵਿੰਗ ਇਤਿਹਾਸ ਦੀ ਸਹੀ ਜਾਂਚ ਕਰਨਾ ਮੁਸ਼ਕਲ ਦੱਸਿਆ ਗਿਆ ਹੈ।

ਆਵਾਜਾਈ ਕੰਪਨੀਆਂ ਦਾ ਮੰਨਣਾ ਹੈ ਕਿ ਭਾਵੇਂ ਡਰਾਈਵਰਾਂ ਲਈ ਸਖਤ ਯੋਗਤਾ ਮਾਪਦੰਡ ਕਾਰਨ, ਮਜ਼ਦੂਰ ਸ਼ਕਤੀ ਘੱਟ ਸਕਦੀ ਹੈ, ਪਰ ਇਸ ਨਾਲ ਉਨ੍ਹਾਂ ਦੀ ਸਮਰੱਥਾ ਮਜ਼ਬੂਤ ਹੋਵੇਗੀ। ਇਸ ਤੋਂ ਪਹਿਲਾਂ ਸਿੱਖ ਕੁਲੀਸ਼ਨ ਨੇ ਏਸ਼ੀਆਈ ਕਾਨੂੰਨੀ ਮੰਚ ਦੇ ਨਾਲ ਮਿਲ ਕੇ ਨਵੇਂ ਕਾਨੂੰਨ ਦਾ ਵਿਰੋਧ ਕਰਦਿਆਂ ਅਦਾਲਤ ਵਿਚ ਕੇਸ ਦੇ ਸਮਰਥਨ ਵਿਚ ਇੱਕ ਸੰਖੇਪ ਦਸਤਾਵੇਜ਼ ਪੇਸ਼ ਕੀਤਾ ਸੀ।

# ਅਮਰੀਕੀ ਨਾਗਰਿਕ ਨੂੰ ICE ਵੱਲੋਂ ਤੀਜੀ ਵਾਰ ਗ੍ਰਿਫ਼ਤਾਰ ਕਰਨ ਦਾ ਦੋਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਲੀਓ ਗਾਰਸੀਆ ਵੇਨੇਗਾਸ ਨਾਮਕ ਇੱਕ ਅਮਰੀਕੀ ਨਾਗਰਿਕ ਨੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਖ਼ਿਲਾਫ਼ ਮਾਮਲਾ ਦਰਜ ਕਰਦਿਆਂ ਦੋਸ਼ ਲਗਾਇਆ ਹੈ ਕਿ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਨੇ ਉਸਨੂੰ ਪਿਛਲੇ ਸਾਲ ਦੋ ਵਾਰ ਗਲਤ ਤਰੀਕੇ ਨਾਲ ਗ੍ਰਿਫ਼ਤਾਰ ਕੀਤਾ ਸੀ ਅਤੇ ਹੁਣ ਤੀਜੀ ਵਾਰ ਵੀ ਹਿਰਾਸਤ ਵਿਚ ਲਿਆ ਗਿਆ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਸਿਲਵਰਹਿੱਲ ਵਿਚ ਉਸਦੇ ਘਰ ਦੇ ਬਾਹਰ ਇੱਕ ਬਿਨਾਂ ਨਿਸ਼ਾਨ ਵਾਲੀ ਐੱਸ.ਯੂ.ਵੀ. ਨੇ ਉਸਦਾ ਰਸਤਾ ਰੋਕ ਲਿਆ। ਵੇਨੇਗਾਸ ਮੁਤਾਬਕ, ਉਹ ਆਪਣੇ ਭਰਾ ਦਾ ਟਰੱਕ ਚਲਾ ਰਿਹਾ ਸੀ ਕਿਉਂਕਿ ਉਸਦੀ ਆਪਣੀ ਗੱਡੀ ਖਰਾਬ ਸੀ।

ਵੇਨੇਗਾਸ ਨੇ ਕਿਹਾ ਕਿ ਜਦੋਂ ICE ਏਜੰਟ ਉਸਦੇ ਕੋਲ ਪਹੁੰਚੇ, ਤਾਂ ਉਸਨੇ ਆਪਣਾ ਰੀਅਲ ਆਈ.ਡੀ. ਦਿਖਾ ਕੇ ਆਪਣੀ ਅਮਰੀਕੀ ਨਾਗਰਿਕਤਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਏਜੰਟਾਂ ਨੇ ਉਸਨੂੰ ਮੌਕਾ ਨਹੀਂ ਦਿੱਤਾ। ਉਸਦੇ ਬਿਆਨ ਮੁਤਾਬਕ, ਬਿਨਾਂ ਕੋਈ ਸਵਾਲ ਪੁੱਛੇ ਜਾਂ ਕੋਈ ਹੁਕਮ ਦਿੱਤੇ, ਅਧਿਕਾਰੀਆਂ ਨੇ ਉਸਨੂੰ ਗੱਡੀ ਵਿਚੋਂ ਬਾਹਰ ਕੱਢ ਕੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਹੱਥਾਂ ਤੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ।

ਵੇਨੇਗਾਸ ਨੇ ਅਦਾਲਤ ਵਿਚ ਦਿੱਤੇ ਹਲਫਨਾਮੇ ਵਿਚ ਕਿਹਾ, "ਮੈਂ ਵਾਰ-ਵਾਰ ਦੱਸਿਆ ਕਿ ਮੈਂ



ਅਮਰੀਕੀ ਨਾਗਰਿਕ ਹਾਂ ਅਤੇ ਮੇਰੇ ਹੱਥ ਵਿਚ ਅਲਾਬਾਮਾ ਦਾ ਰੀਅਲ ਆਈ.ਡੀ. ਸੀ, ਪਰ ਅਧਿਕਾਰੀਆਂ ਨੇ ਨਾ ਤਾਂ ਸੁਣਿਆ ਅਤੇ ਨਾ ਹੀ ਆਈ.ਡੀ. ਦੇਖਣ ਵਿਚ ਦਿਲਚਸਪੀ ਦਿਖਾਈ।"

ਉਸਨੇ ਦੱਸਿਆ ਕਿ ਲਗਭਗ 15 ਮਿੰਟ ਤੱਕ ਉਸਨੂੰ ਬੇੜੀਆਂ ਵਿਚ ਰੱਖਿਆ ਗਿਆ, ਜਦੋਂ ਤੱਕ ਏਜੰਟਾਂ ਨੇ ਡਿਜ਼ੀਟਲ ਤਰੀਕੇ ਨਾਲ ਉਸਦੀ ਪਛਾਣ ਦੀ ਪੁਸ਼ਟੀ ਨਹੀਂ ਕਰ ਲਈ। ਵੇਨੇਗਾਸ ਅਨੁਸਾਰ, ਉਸ ਸਮੇਂ ਦੌਰਾਨ ਉਸਤੋਂ ਨਾ ਕੋਈ ਸਵਾਲ ਪੁੱਛਿਆ ਗਿਆ ਅਤੇ ਨਾ ਹੀ ਉਸਦੀ ਨਾਗਰਿਕਤਾ ਬਾਰੇ ਜਾਂਚ ਕੀਤੀ ਗਈ।

ਵੇਨੇਗਾਸ ਇਸ ਵੇਲੇ ਡੀ.ਐੱਚ.ਐੱਸ. ਖ਼ਿਲਾਫ਼ ਇੱਕ ਕਲਾਸ ਐਕਸ਼ਨ ਮੁਕੱਦਮੇ ਦਾ ਮੁੱਖ ਮੁੱਦਈ ਹੈ, ਜਿਸ ਵਿਚ ਇਮੀਗ੍ਰੇਸ਼ਨ ਕਾਰਵਾਈਆਂ ਦੌਰਾਨ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲਗਾਏ ਗਏ ਹਨ। ਉਸਨੂੰ ਪਿਛਲੇ ਸਾਲ ਵੀ ਨਿਰਮਾਣ ਸਥਲਾਂ 'ਤੇ ਹੋਈਆਂ ਰੇਡਾਂ ਦੌਰਾਨ ਦੋ ਵਾਰ ਹਿਰਾਸਤ ਵਿਚ ਲਿਆ ਗਿਆ ਸੀ, ਹਾਲਾਂਕਿ ਉਸਦੇ ਕੋਲ ਉਸ ਵੇਲੇ ਵੀ ਰੀਅਲ ਆਈ.ਡੀ. ਮੌਜੂਦ ਸੀ।

# ਅਮਰੀਕਾ-ਈਰਾਨ ਵਿਚਾਲੇ ਹੋਰਮੁਜ਼ ਨੂੰ ਦੁਬਾਰਾ ਖੋਲ੍ਹਣ 'ਤੇ ਬਣੀ ਸਹਿਮਤੀ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਈਰਾਨ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਤਣਾਅ ਤੋਂ ਬਾਅਦ ਇੱਕ ਮਹੱਤਵਪੂਰਨ ਕੂਟਨੀਤਕ ਸਫਲਤਾ ਉਦੋਂ ਸਾਹਮਣੇ ਆਈ, ਜਦੋਂ ਦੋਵੇਂ ਦੇਸ਼ ਹੋਰਮੁਜ਼ ਜਲਡਮਰੂ ਵਿਚ ਅਮਰੀਕੀ ਜਲ ਸੈਨਾ ਦੀ ਨਾਕਾਬੰਦੀ ਨੂੰ ਘੱਟ ਕਰਨ ਅਤੇ ਹੌਲੀ-ਹੌਲੀ ਜਲਮਾਰਗ ਨੂੰ ਦੁਬਾਰਾ ਖੋਲ੍ਹਣ ਲਈ ਸਹਿਮਤ ਹੋਏ। ਇਹ ਸਮਝੌਤਾ ਅਜਿਹੇ ਸਮੇਂ ਵਿਚ ਹੋਇਆ ਹੈ, ਜਦੋਂ ਵਿਸ਼ਵ ਊਰਜਾ ਬਾਜ਼ਾਰ ਗੰਭੀਰ ਦਬਾਅ ਹੇਠ ਹੈ ਅਤੇ ਦੁਨੀਆਂ ਭਰ ਦੇ ਤੇਲ ਟੈਂਕਰ ਹੋਰਮੁਜ਼ ਜਲਡਮਰੂ ਸੰਕਟ ਤੋਂ ਪ੍ਰਭਾਵਿਤ ਹੋ ਰਹੇ ਹਨ।

ਇੱਕ ਦਿਨ ਪਹਿਲਾਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ "ਪ੍ਰੋਜੈਕਟ ਫ੍ਰੀਡਮ" ਨੂੰ ਅਸਥਾਈ ਤੌਰ 'ਤੇ ਰੋਕਣ ਦਾ ਐਲਾਨ ਕੀਤਾ, ਜੋ ਕਿ ਅਮਰੀਕੀ ਫੌਜਾਂ ਦੁਆਰਾ ਸਮਰਥਤ ਇੱਕ ਮਿਸ਼ਨ ਹੈ, ਜਿਸਦਾ ਉਦੇਸ਼ ਹੋਰਮੁਜ਼ ਜਲਡਮਰੂ ਵਿਚ ਫਸੇ ਵਪਾਰੀ ਜਹਾਜ਼ਾਂ ਨੂੰ ਸੁਰੱਖਿਅਤ ਢੰਗ ਨਾਲ ਕੱਢਣਾ ਹੈ। ਟਰੰਪ ਨੇ ਕਿਹਾ ਕਿ ਈਰਾਨੀ ਪ੍ਰਤੀਨਿਧੀਆਂ ਨਾਲ ਗੱਲਬਾਤ "ਬਹੁਤ ਵਧੀਆ ਪ੍ਰਗਤੀ" ਹੋਈ ਹੈ ਅਤੇ ਦੋਵੇਂ ਦੇਸ਼ ਹੁਣ ਇੱਕ "ਪੂਰਨ ਅਤੇ ਅੰਤਿਮ ਸਮਝੌਤੇ" ਦੇ ਨੇੜੇ ਜਾ ਰਹੇ ਹਨ।



ਹਾਲਾਂਕਿ, ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਨਾਕਾਬੰਦੀ ਪੂਰੀ ਤਰ੍ਹਾਂ ਨਹੀਂ ਹਟਾਈ ਗਈ ਹੈ ਅਤੇ ਸਥਿਤੀ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਹੋਰਮੁਜ਼ ਜਲਡਮਰੂ ਦੁਨੀਆਂ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਵਪਾਰਕ ਮਾਰਗਾਂ ਵਿਚੋਂ ਇੱਕ ਹੈ। ਲਗਭਗ 20 ਪ੍ਰਤੀਸ਼ਤ ਵਿਸ਼ਵ ਤੇਲ ਅਤੇ ਗੈਸ ਸਪਲਾਈ ਇਸ ਵਿਚੋਂ ਲੰਘਦੀ ਹੈ। ਈਰਾਨ ਦੁਆਰਾ ਜਲਡਮਰੂ ਦੀ ਨਾਕਾਬੰਦੀ ਤੋਂ ਬਾਅਦ, ਦੁਨੀਆਂ ਭਰ ਵਿਚ ਤੇਲ ਦੀਆਂ ਕੀਮਤਾਂ ਅਤੇ ਊਰਜਾ ਸਪਲਾਈ ਬਾਰੇ ਚਿੰਤਾਵਾਂ ਵਧ ਗਈਆਂ। ਬਹੁਤ ਸਾਰੇ ਜਹਾਜ਼ ਫਸ ਗਏ, ਅਤੇ ਬੀਮਾ ਲਾਗਤਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਹੋਰਮੁਜ਼ ਵਿਚ ਫਸੇ ਜਹਾਜ਼ਾਂ ਨੂੰ ਮੁਕਤ ਕਰਨ ਦੀ ਪ੍ਰਕਿਰਿਆ ਆਉਣ ਵਾਲੇ ਘੰਟਿਆਂ ਵਿਚ ਸ਼ੁਰੂ ਹੋ ਸਕਦੀ ਹੈ। ਅਮਰੀਕਾ ਅਤੇ ਈਰਾਨ ਵਿਚਕਾਰ ਹੋਏ ਸਮਝੌਤੇ ਦੇ ਤਹਿਤ, ਜਲ ਸੈਨਾ ਪਾਬੰਦੀਆਂ ਨੂੰ ਹੌਲੀ-ਹੌਲੀ ਘੱਟ ਕੀਤਾ ਜਾਵੇਗਾ। ਇਸ ਕਦਮ ਨਾਲ ਅੰਤਰਰਾਸ਼ਟਰੀ ਸ਼ਿਪਿੰਗ ਕੰਪਨੀਆਂ, ਤੇਲ ਬਾਜ਼ਾਰ ਅਤੇ ਖਾੜੀ ਵਪਾਰ ਮਾਰਗਾਂ ਨੂੰ ਮਹੱਤਵਪੂਰਨ ਰਾਹਤ ਮਿਲਣ ਦੀ ਉਮੀਦ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਮਝੌਤਾ ਸਿਰਫ਼ ਸਮੁੰਦਰੀ ਰਸਤਾ ਖੋਲ੍ਹਣ ਤੱਕ ਸੀਮਿਤ ਨਹੀਂ ਹੈ, ਸਗੋਂ ਇੱਕ ਵਿਸ਼ਾਲ ਅਮਰੀਕਾ-ਈਰਾਨ ਸਮਝੌਤੇ ਦੀ ਸ਼ੁਰੂਆਤ ਵੀ ਹੋ ਸਕਦੀ ਹੈ। ਦੋਵਾਂ ਦੇਸ਼ਾਂ ਵਿਚਕਾਰ ਪ੍ਰਮਾਣੂ ਪ੍ਰੋਗਰਾਮਾਂ, ਪਾਬੰਦੀਆਂ ਅਤੇ ਖੇਤਰੀ ਤਣਾਅ ਨੂੰ ਲੈ ਕੇ ਵੀ ਗੱਲਬਾਤ ਚੱਲ ਰਹੀ ਹੈ। ਹਾਲਾਂਕਿ ਸਥਿਤੀ ਅਜੇ ਪੂਰੀ ਤਰ੍ਹਾਂ ਆਮ ਨਹੀਂ ਹੋਈ ਹੈ ਅਤੇ ਖੇਤਰ ਵਿਚ ਫੌਜੀ ਤਣਾਅ ਬਣਿਆ ਹੋਇਆ ਹੈ, "ਪ੍ਰੋਜੈਕਟ ਫ੍ਰੀਡਮ" ਨੂੰ ਰੋਕਣਾ ਅਤੇ ਹੋਰਮੁਜ਼ ਜਲਡਮਰੂ ਨੂੰ ਖੋਲ੍ਹਣ ਦੇ ਸਮਝੌਤੇ ਨੂੰ ਪੱਛਮੀ ਏਸ਼ੀਆਈ ਸੰਕਟ ਵਿਚ ਪਹਿਲੀ ਵੱਡੀ ਸਕਾਰਾਤਮਕ ਘਟਨਾਕ੍ਰਮ ਮੰਨਿਆ ਜਾ ਰਿਹਾ ਹੈ।

# ਅਮਰੀਕਾ 'ਚ ਡਾਕਟਰਾਂ ਦੀ ਭਾਰੀ ਕਿੱਲਤ 'ਤੇ ਟਰੰਪ ਪ੍ਰਸ਼ਾਸਨ ਦਾ ਅਹਿਮ ਫੈਸਲਾ

**■ ਡਾਕਟਰਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਲੱਗੀ ਰੋਕ ਨੂੰ ਅੰਸ਼ਕ ਤੌਰ 'ਤੇ ਹਟਾਇਆ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ 'ਚ ਡਾਕਟਰਾਂ ਦੀ ਭਾਰੀ ਕਿੱਲਤ ਨੂੰ ਦੇਖਦੇ ਹੋਏ ਟਰੰਪ ਪ੍ਰਸ਼ਾਸਨ ਨੇ ਇੱਕ ਅਹਿਮ ਫੈਸਲਾ ਲਿਆ ਹੈ। ਨਵੇਂ ਫੈਸਲੇ ਤਹਿਤ ਡਾਕਟਰਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਲੱਗੀ ਰੋਕ ਨੂੰ ਅੰਸ਼ਕ ਤੌਰ 'ਤੇ ਹਟਾ ਦਿੱਤਾ ਗਿਆ ਹੈ। ਇਸ ਕਦਮ ਨਾਲ ਹੁਣ ਡਾਕਟਰਾਂ ਦੇ ਵੀਜ਼ਾ ਅਤੇ ਗ੍ਰੀਨ ਕਾਰਡ ਮਾਮਲਿਆਂ ਦੀ ਮੁੜ ਸਮੀਖਿਆ ਸ਼ੁਰੂ ਹੋ ਸਕੇਗੀ, ਹਾਲਾਂਕਿ ਇਨ੍ਹਾਂ ਅਰਜ਼ੀਆਂ ਨੂੰ ਅੰਤਿਮ ਮਨਜ਼ੂਰੀ ਮਿਲੇਗੀ ਜਾਂ ਨਹੀਂ, ਇਸ ਬਾਰੇ ਅਜੇ ਵੀ ਅਨਿਸ਼ਚਿਤਤਾ ਬਣੀ ਹੋਈ ਹੈ।

ਅਮਰੀਕਾ ਵਿਚ ਡਾਕਟਰਾਂ, ਮੈਡੀਕਲ ਸੰਗਠਨਾਂ ਅਤੇ ਇਮੀਗ੍ਰੇਸ਼ਨ ਵਕੀਲਾਂ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਇਸ ਰੋਕ ਨੂੰ ਹਟਾਉਣ ਦੀ ਮੰਗ ਕੀਤੀ ਜਾ ਰਹੀ ਸੀ। ਦੇਸ਼ ਵਿਚ ਡਾਕਟਰਾਂ ਦੀ ਭਾਰੀ ਕਮੀ ਹੈ ਅਤੇ 'ਨੈਸ਼ਨਲ ਲਾਇਬ੍ਰੇਰੀ ਆਫ ਮੈਡੀਸਨ' ਅਨੁਸਾਰ ਵੱਡੀ ਗਿਣਤੀ ਵਿਚ ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰ ਅਮਰੀਕਾ ਦੇ ਉਨ੍ਹਾਂ ਪੇਂਡੂ ਅਤੇ ਪੱਛੜੇ ਇਲਾਕਿਆਂ ਵਿਚ ਕੰਮ ਕਰਦੇ ਹਨ, ਜਿੱਥੇ ਸਿਹਤ ਸਹੂਲਤਾਂ ਦੀ ਘਾਟ ਹੈ। ਕਈ ਇਲਾਕਿਆਂ ਵਿਚ ਹਾਲਤ ਇਹ ਹੈ ਕਿ ਮਰੀਜ਼ਾਂ ਨੂੰ ਮਾਹਿਰ ਡਾਕਟਰਾਂ ਨੂੰ ਮਿਲਣ ਲਈ ਚਾਰ ਤੋਂ ਪੰਜ ਮਹੀਨੇ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ।

ਭਾਵੇਂ ਡਾਕਟਰਾਂ ਨੂੰ ਕੁਝ ਰਾਹਤ ਦਿੱਤੀ ਗਈ ਹੈ, ਪਰ ਇਹ ਰੋਕ ਅਜੇ ਵੀ 39 ਦੇਸ਼ਾਂ ਦੇ ਹਜ਼ਾਰਾਂ ਲੋਕਾਂ 'ਤੇ ਲਾਗੂ ਹੈ। ਇਨ੍ਹਾਂ ਵਿਚ ਈਰਾਨ, ਅਫਗਾਨਿਸਤਾਨ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ ਦੇ ਖੋਜੀ ਅਤੇ ਉੱਦਮੀ ਸ਼ਾਮਲ ਹਨ, ਜੋ ਇਸ ਪਾਬੰਦੀ ਕਾਰਨ ਨਾ ਤਾਂ ਕਾਨੂੰਨੀ ਤੌਰ 'ਤੇ ਕੰਮ ਕਰ ਪਾ ਰਹੇ ਹਨ ਅਤੇ ਨਾ ਹੀ ਸਿਹਤ ਬੀਮਾ ਜਾਂ ਡਰਾਈਵਿੰਗ ਲਾਇਸੰਸ ਲੈ ਸਕਦੇ ਹਨ। ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ 'ਉੱਚ ਜੋਖਮ' ਵਾਲੇ ਦੇਸ਼ਾਂ ਦੇ ਨਾਗਰਿਕਾਂ ਦੇ ਗ੍ਰੀਨ ਕਾਰਡ ਅਤੇ ਵੀਜ਼ਾ ਅਰਜ਼ੀਆਂ ਦੀ ਸਮੀਖਿਆ ਬੰਦ ਕਰਨ ਦਾ ਫੈਸਲਾ ਕੀਤਾ ਸੀ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਬਿਨੈਕਾਰਾਂ ਦੀ ਠੀਕ ਤਰ੍ਹਾਂ ਜਾਂਚ (ਸਕ੍ਰੀਨਿੰਗ) ਹੋਵੇ, ਤਾਂ ਜੋ ਸੁਰੱਖਿਆ ਵਿਚ ਕੋਈ ਕਮੀ ਨਾ ਰਹੇ। ਦੂਜੇ ਪਾਸੇ ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਇਨ੍ਹਾਂ ਪਾਬੰਦੀਆਂ ਦਾ ਮਕਸਦ ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਦਾ ਜੀਵਨ ਇੰਨਾ ਮੁਸ਼ਕਲ ਬਣਾਉਣਾ ਹੈ ਕਿ ਉਹ ਖੁਦ ਹੀ ਦੂਜੇ ਦੇਸ਼ਾਂ ਵੱਲ ਚਲੇ ਜਾਣ।

# ਅਮੈਰੀਕਨ-ਪੰਜਾਬੀ ਸਿੱਖ ਕਮਿਊਨਿਟੀ ਨੇ ਕਰਮਨ ਦੇ ਹਾਈ ਸਕੂਲ ਗ੍ਰੈਜੂਏਟ ਬੱਚਿਆਂ ਨੂੰ ਦਿੱਤੀ ਸਕਾਲਰਸ਼ਿਪ



**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)-** ਕੈਲੀਫੋਰਨੀਆ ਵਿਚ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੀ ਨਾਨ-ਪਰਾਫਟ ਸੰਸਥਾ "ਅਮੈਰੀਕਨ-ਪੰਜਾਬੀ ਸਿੱਖ ਕਮਿਊਨਿਟੀ ਕਰਮਨ" ਨੇ ਪੰਜਾਬੀ ਭਾਈਚਾਰੇ ਵਿਚ ਪਹਿਲਕਦਮੀ ਕਰਦੇ ਹੋਏ ਕਰਮਨ ਹਾਈ ਸਕੂਲ ਡਿਸਟ੍ਰਿਕਟ ਬੋਰਡ ਦੇ ਗ੍ਰੈਜੂਏਟ ਬੱਚਿਆਂ ਨੂੰ ਸਕਾਲਰਸ਼ਿਪ ਦਿੱਤੀ। ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਵਾਲੇ ਬੱਚਿਆਂ ਲਈ ਬਹੁਤ ਸਾਰੀਆਂ ਸੰਸਥਾਵਾਂ, ਅਦਾਰਿਆਂ ਅਤੇ ਨਿੱਜੀ ਦਾਨੀ ਪਰਿਵਾਰਾਂ ਵੱਲੋਂ ਬੱਚਿਆਂ ਨੂੰ ਇਹ ਸਕਾਲਰਸ਼ਿਪ ਦਿੱਤੀ ਗਈ, ਜਿਸ ਦੀ ਕੁੱਲ ਰਾਸ਼ੀ ਇਕ ਲੱਖ ਡਾਲਰ ਦੇ ਲਗਭਗ ਸੀ, ਜਿਸ ਵਿਚ ਸਥਾਨਕ "ਅਮੈਰੀਕਨ ਪੰਜਾਬੀ ਸਿੱਖ ਕਮਿਊਨਿਟੀ ਕਰਮਨ" ਵੱਲੋਂ 6 ਬੱਚਿਆਂ ਨੂੰ ਪੰਜ-ਪੰਜ ਸੌ ਡਾਲਰ ਦੀ ਉੱਚ ਵਿੱਦਿਆ ਅਤੇ ਸਮਾਜਿਕ ਸੇਵਾਵਾਂ ਦੇ ਅਧਾਰ 'ਤੇ ਕੁੱਲ ਤਿੰਨ ਹਜ਼ਾਰ ਡਾਲਰ ਦੀ ਸਕਾਲਰਸ਼ਿਪ ਦਿੱਤੀ ਗਈ।

## ਏਅਰ ਇੰਡੀਆ-ਤਲ ਅਵੀਵ ਉਡਾਣ 'ਤੇ ਪਾਬੰਦੀ ਜੂਨ ਦੇ ਅੰਤ ਤੱਕ ਵਧਾਈ

**ਯੇਰੂਸ਼ਲਮ, (ਪੰਜਾਬ ਮੇਲ)-** ਏਅਰ ਇੰਡੀਆ ਨੇ ਐਲਾਨ ਕੀਤਾ ਹੈ ਕਿ ਪੱਛਮੀ ਏਸ਼ੀਆ 'ਚ ਬਣੀ ਅਨਿਸ਼ਚਿਤਤਾ ਦੀ ਸਥਿਤੀ ਦੇ ਮੱਦੇਨਜ਼ਰ ਉਹ ਤਲ ਅਵੀਵ-ਦਿੱਲੀ ਮਾਰਗ 'ਤੇ ਆਪਣੀਆਂ ਉਡਾਣਾਂ ਦੀ ਮੁਅੱਤਲੀ ਨੂੰ ਜੂਨ ਦੇ ਅੰਤ ਤੱਕ ਵਧਾ ਰਹੀ ਹੈ। ਏਅਰਲਾਈਨ ਦੇ ਇਜ਼ਰਾਈਲ ਸੰਚਾਲਨ ਦੇ ਮੁਖੀ ਇੱਕ ਸੀਨੀਅਰ ਅਧਿਕਾਰੀ ਨੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ ਅਪ੍ਰੈਲ ਵਿਚ ਭਾਰਤੀ ਏਅਰਲਾਈਨ ਕੰਪਨੀ ਨੇ ਮਈ ਦੇ ਅੰਤ ਤੱਕ ਆਪਣੀਆਂ ਉਡਾਣਾਂ ਨੂੰ ਰੋਕਣ ਦਾ ਐਲਾਨ ਕੀਤਾ ਸੀ ਪਰ ਹੁਣ ਹਾਲਾਤ ਨੂੰ ਦੇਖਦੇ ਹੋਏ ਇਸ ਨੂੰ ਹੋਰ ਅੱਗੇ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ ਅਮਰੀਕਾ ਅਤੇ ਇਰਾਨ ਵਿਚਾਲੇ ਜੰਗਬੰਦੀ ਵਰਗੀ ਸਥਿਤੀ ਕੁਝ ਸਮੇਂ ਤੋਂ ਬਣੀ ਹੋਈ ਹੈ, ਫਿਰ ਵੀ ਪੱਛਮੀ ਏਸ਼ੀਆ ਦੇ ਹਾਲਾਤ ਪੂਰੀ ਤਰ੍ਹਾਂ ਸਥਿਰ ਨਹੀਂ ਹਨ। ਇਸੇ ਅਨਿਸ਼ਚਿਤਤਾ ਕਾਰਨ ਜ਼ਿਆਦਾਤਰ ਏਅਰਲਾਈਨ ਕੰਪਨੀਆਂ ਤਲ ਅਵੀਵ ਮਾਰਗ 'ਤੇ ਆਪਣੀਆਂ ਸੇਵਾਵਾਂ ਬੰਦ ਰੱਖਣ ਲਈ ਮਜਬੂਰ ਹੋਈਆਂ ਹਨ।

ਮੌਜੂਦਾ ਸਮੇਂ 'ਚ ਐੱਲ ਅਲ, ਇਸਰਾਏਅਰ, ਅਰਕੀਆ ਅਤੇ ਏਅਰ ਹਾਈਫਾ ਵਰਗੀਆਂ ਇਜ਼ਰਾਈਲੀ ਹਵਾਈ ਸੇਵਾਵਾਂ ਤੋਂ ਇਲਾਵਾ, ਸਿਰਫ਼ ਕੁਝ ਹੀ ਅੰਤਰਰਾਸ਼ਟਰੀ ਏਅਰਲਾਈਨਾਂ ਨੇ ਆਪਣਾ ਕੰਮਕਾਜ ਦੁਬਾਰਾ ਸ਼ੁਰੂ ਕੀਤਾ ਹੈ। ਇਸ ਕਾਰਨ ਉਨ੍ਹਾਂ ਲੋਕਾਂ ਲਈ ਵੱਡੀਆਂ ਚੁਣੌਤੀਆਂ ਪੈਦਾ ਹੋ ਗਈਆਂ ਹਨ, ਜੋ ਕੰਮ, ਛੁੱਟੀਆਂ ਮਨਾਉਣ ਜਾਂ ਪਰਿਵਾਰਕ ਮਿਲਣੀਆਂ ਲਈ ਵਿਦੇਸ਼ ਯਾਤਰਾ ਕਰਨਾ ਚਾਹੁੰਦੇ ਹਨ।

## ਵਰਕ ਪਰਮਿਟਸ ਦੀ ਮਿਆਦ ਵਧਾਉਣ ਲਈ ਮੈਨੀਟੋਬਾ ਦੀ ਵਿਧਾਨ ਸਭਾ ਅੱਗੇ ਰੋਸ ਪ੍ਰਦਰਸ਼ਨ

**ਮੈਨੀਟੋਬਾ, (ਪੰਜਾਬ ਮੇਲ)-** ਵਰਕ ਪਰਮਿਟਸ ਦੀ ਮਿਆਦ ਵਧਾਉਣ ਨੂੰ ਲੈ ਕੇ ਬਿਨੈਕਾਰਾਂ ਵਲੋਂ ਮੈਨੀਟੋਬਾ ਦੀ ਵਿਧਾਨ ਸਭਾ ਅੱਗੇ ਤਿੰਨ ਦਿਨ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਕਰਨ ਵਾਲਿਆਂ 'ਚੋਂ ਬਹੁਤੇ ਪੰਜਾਬੀ ਮੂਲ ਦੇ ਹਨ ਅਤੇ ਇਨ੍ਹਾਂ ਨੌਜੁਆਨਾਂ ਦੀ ਮੰਗ ਹੈ ਕਿ ਸਰਕਾਰ ਆਪਣੀ ਐਕਸਟੈਂਸ਼ਨ ਪਾਲਿਸੀ ਤਹਿਤ ਕਾਮਿਆਂ ਦੇ ਵਰਕ ਪਰਮਿਟ ਵਿਚ ਵਾਧਾ ਕਰੇ। ਦਰਅਸਲ ਅਪ੍ਰੈਲ 2025 ਦੌਰਾਨ ਪ੍ਰੋਵਿੰਸ਼ੀਅਲ ਸਰਕਾਰ ਨੇ ਅਜਿਹੇ ਬਿਨੈਕਾਰ ਜਿਨ੍ਹਾਂ ਦੇ ਪਰਮਿਟ 2025 ਵਿਚ ਖ਼ਤਮ ਹੋਣੇ ਸਨ, ਜਾਂ ਜਿਨ੍ਹਾਂ ਦੇ ਪਰਮਿਟ 2024 ਦੌਰਾਨ ਖ਼ਤਮ ਹੋਏ ਸਨ, ਨੂੰ ਇਕ ਆਰਜ਼ੀ ਪਾਲਿਸੀ ਅਧੀਨ 2 ਸਾਲ ਦੇ ਪਰਮਿਟ ਜਾਰੀ ਕਰਨ ਦਾ ਐਲਾਨ ਕੀਤਾ ਸੀ। ਇਹ ਪਰਮਿਟ ਜਾਰੀ ਹੋਣ ਤੋਂ ਬਾਅਦ ਬਿਨੈਕਾਰ ਸਿਰਫ਼ ਮੈਨੀਟੋਬਾ ਵਿਚ ਹੀ ਕੰਮ ਕਰ ਸਕਦਾ ਸੀ।

ਇਸ ਪਾਲਿਸੀ ਤਹਿਤ ਅਰਜ਼ੀ ਦੇਣ ਲਈ ਇਕ ਸ਼ਰਤ ਇਹ ਵੀ ਸੀ ਕਿ ਬਿਨੈਕਾਰ ਨੇ ਮੈਨੀਟੋਬਾ ਦੇ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਵਿਚ ਅਪਣਾ ਪ੍ਰੋਫ਼ਾਈਲ ਬਣਾਇਆ ਹੋਵੇ ਅਤੇ ਉਹ ਵੈਲਿਡ ਹੋਵੇ। ਪ੍ਰੋਵਿੰਸ ਵਲੋਂ ਸਪੋਰਟ ਲੈਟਰ ਹਾਸਿਲ ਕਰਨ ਤੋਂ ਬਾਅਦ ਬਿਨੈਕਾਰ ਫ਼ੈਡਰਲ ਇਮੀਗ੍ਰੇਸ਼ਨ ਵਿਭਾਗ ਕੋਲ ਵਰਕ ਪਰਮਿਟ ਦੇ ਵਾਧੇ ਲਈ ਅਰਜ਼ੀ ਦਿੰਦੇ ਸਨ ਅਤੇ ਇਹ ਅਰਜ਼ੀਆਂ 31 ਦਸੰਬਰ 2025 ਤੱਕ ਲਈਆਂ ਗਈਆਂ ਸਨ। ਮੈਨੀਟੋਬਾ ਦੀ ਇਮੀਗ੍ਰੇਸ਼ਨ ਮਨਿਸਟਰ ਮਲਾਇਆ ਮਾਰਸੇਲੀਨੋ ਵਲੋਂ ਵਰਕ ਪਰਮਿਟਸ ਅਤੇ ਸੂਬਾਈ ਸਰਕਾਰਾਂ ਦੇ ਕੋਟੇ ਵਿਚ ਵਾਧੇ ਲਈ ਫ਼ੈਡਰਲ ਸਰਕਾਰ ਤਕ ਪਹੁੰਚ ਕੀਤੀ ਜਾ ਚੁਕੀ ਹੈ ਪਰ ਮੰਤਰੀ ਮਾਰਸੇਲੀਨੋ ਦੇ ਪੱਲੇ ਨਿਰਾਸ਼ਾ ਹੀ ਪਈ ਹੈ।

2025 ਦੌਰਾਨ ਮੈਨੀਟੋਬਾ ਦੀ ਸਾਲਾਨਾ ਅਲਾਟਮੈਂਟ ਇਸਦੇ 2023 ਦੇ ਅੰਕੜਿਆਂ ਨਾਲੋਂ ਅੱਧੀ ਸੀ। 2023 ਦੇ 9600 ਦੇ ਮੁਕਾਬਲੇ 2025 ਦੌਰਾਨ ਇਹ ਅੰਕੜਾ 4750 ਰਹਿ ਗਿਆ। 2025 ਦੇ ਸ਼ੁਰੂ ਵਿਚ ਫ਼ੈਡਰਲ ਇਮੀਗ੍ਰੇਸ਼ਨ ਮੰਤਰਾਲੇ ਨੇ ਪ੍ਰੋਵਿੰਸ਼ੀਅਲ ਨਾਮਜ਼ਦ ਅਲਾਟਮੈਂਟਾਂ ਨੂੰ ਘਟਾ ਕੇ 55,000 ਕਰ ਦਿੱਤਾ, ਜੋ ਕਿ 2024 ਵਿਚ 1,10,000 ਸੀ। ਫ਼ੈਡਰਲ ਸਰਕਾਰ ਵਲੋਂ ਆਸ ਮੁਤਾਬਿਕ ਹੁੰਗਾਰਾ ਨਾ ਮਿਲਣ ਉਤੇ ਮਾਰਸੇਲੀਨੋ ਨੇ ਕਿਹਾ ਸੀ ਕਿ ਕਾਰਨੀ ਦੀ ਲਿਬਰਲ ਸਰਕਾਰ ਵਿਚ ਵੱਡੀ ਪੱਧਰ ਉਤੇ ਇਮੀਗ੍ਰੇਸ਼ਨ ਕਟੌਤੀਆਂ ਕੀਤੀਆਂ ਹਨ, ਅਤੇ ਇਹ ਮੈਨੀਟੋਬਾ ਨੂੰ ਬਹੁਤ ਜ਼ਿਆਦਾ, ਬਹੁਤ ਨਕਾਰਾਤਮਕ ਤੌਰ ਉਤੇ ਪ੍ਰਭਾਵਤ ਕਰ ਰਿਹਾ ਹੈ। ਅਪ੍ਰੈਲ ਮਹੀਨੇ ਦੌਰਾਨ ਵਿਚ ਵੀ ਕੁੱਝ ਨੌਜਵਾਨਾਂ ਵਲੋਂ ਲਜਿਸਲੇਚਰ ਅੱਗੇ ਪ੍ਰਦਰਸ਼ਨ ਕੀਤਾ ਗਿਆ ਸੀ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute, Pepperdine University; Faculty member of Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਐੱਨ.ਸੀ.ਏ.ਏ. ਬਾਸਕਟਬਾਲ ਖੇਡਣ ਵਾਲਾ ਪਹਿਲਾ ਦਸਤਾਰਧਾਰੀ ਖਿਡਾਰੀ ਬਣਿਆ ਈਸ਼ਰ ਸਿੰਘ



ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੇ ਸਰੀ ਸ਼ਹਿਰ ਨਾਲ ਸੰਬੰਧਿਤ ਇੱਕ ਪੰਜਾਬੀ ਮੂਲ ਦੇ ਦਸਤਾਰਧਾਰੀ ਨੌਜਵਾਨ ਨੇ ਅਮਰੀਕੀ ਕਾਲਜ ਬਾਸਕਟਬਾਲ 'ਚ ਇਤਿਹਾਸ ਰਚ ਦਿੱਤਾ ਹੈ। ਸਰੀ ਦੇ ਫਲੀਟਵੁੱਡ ਪਾਰਕ ਸੈਕੰਡਰੀ ਸਕੂਲ ਦੇ ਸਾਬਕਾ ਵਿਦਿਆਰਥੀ ਈਸ਼ਰ ਸਿੰਘ ਸਰਾਏ ਨੇ ਐੱਨ.ਸੀ.ਏ.ਏ. ਡਿਵੀਜ਼ਨ-1 ਦੀ ਟੀਮ ਨਾਲ ਜੁੜ ਕੇ ਇੱਕ ਵਿਲੱਖਣ ਮਾਣ ਹਾਸਲ ਕੀਤਾ ਹੈ।

ਜਾਣਕਾਰੀ ਅਨੁਸਾਰ ਈਸ਼ਰ ਸਿੰਘ ਸਰਾਏ ਨੇ ਹਾਲ ਹੀ ਵਿਚ ਅਮਰੀਕਾ ਦੀ ਵਿੰਥਰੋਪ ਯੂਨੀਵਰਸਿਟੀ ਨਾਲ ਕਮਿਟਮੈਂਟ ਕੀਤੀ ਹੈ। ਇਸ ਦੇ ਨਾਲ ਹੀ ਉਹ ਐੱਨ.ਸੀ.ਏ.ਏ. ਡਿਵੀਜ਼ਨ-1 ਬਾਸਕਟਬਾਲ ਵਿਚ ਖੇਡਣ ਵਾਲੇ ਪਹਿਲੇ ਦਸਤਾਰਧਾਰੀ ਖਿਡਾਰੀ ਬਣ ਗਏ ਹਨ, ਜਿਸ ਕਾਰਨ ਪੰਜਾਬੀ ਭਾਈਚਾਰੇ ਵਿਚ ਖ਼ੁਸ਼ੀ ਅਤੇ ਮਾਣ ਦੀ ਲਹਿਰ ਪਾਈ ਜਾ ਰਹੀ ਹੈ। ਖੇਡ ਮਾਹਿਰਾਂ ਅਨੁਸਾਰ ਇਹ ਪ੍ਰਾਪਤੀ ਨਾ ਸਿਰਫ਼ ਈਸ਼ਰ ਸਿੰਘ ਲਈ, ਸਗੋਂ ਪੂਰੇ ਸਿੱਖ ਭਾਈਚਾਰੇ ਲਈ ਇੱਕ ਇਤਿਹਾਸਕ ਮੋੜ ਵਜੋਂ ਵੇਖੀ ਜਾ ਰਹੀ ਹੈ। ਬਾਸਕਟਬਾਲ ਵਰਗੀ ਮੁਕਾਬਲੇਬਾਜ਼ ਖੇਡ ਵਿਚ ਪੱਗ ਅਤੇ ਦਾੜ੍ਹੀ ਨਾਲ ਆਪਣੀ ਪਛਾਣ ਨੂੰ ਕਾਇਮ ਰੱਖਦਿਆਂ ਉੱਚ ਪੱਧਰ 'ਤੇ ਪਹੁੰਚਣਾ ਕਈ ਨੌਜਵਾਨਾਂ ਲਈ ਪ੍ਰੇਰਣਾ ਬਣ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਈਸ਼ਰ ਸਿੰਘ ਸਰਾਏ ਨੇ ਸਕੂਲੀ ਅਤੇ ਕਲੱਬ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਕਾਰਨ ਉਹ ਅਮਰੀਕੀ ਕਾਲਜ ਬਾਸਕਟਬਾਲ ਸਕਾਊਟਾਂ ਦੀ ਨਜ਼ਰ ਵਿਚ ਆਏ। ਹੁਣ ਉਨ੍ਹਾਂ ਦੀ ਇਸ ਪ੍ਰਾਪਤੀ ਨੂੰ ਸਰੀ ਅਤੇ ਵੈਨਕੂਵਰ ਦੇ ਪੰਜਾਬੀ ਭਾਈਚਾਰੇ ਵੱਲੋਂ ਵੱਡੇ ਮਾਣ ਨਾਲ ਦੇਖਿਆ ਜਾ ਰਿਹਾ ਹੈ।


**MATRIMONIAL**

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.

for more information Contact at : 818-645-9810

895


## ਮੂਸੇਵਾਲਾ ਦੀ ਸੁਰੱਖਿਆ ਵਾਪਸੀ ਦਾ ਮੁੱਦਾ: ਪਿਤਾ ਬਲਕੌਰ ਸਿੰਘ ਨੇ ਸਰਕਾਰ ਨੂੰ ਘੇਰਿਆ

**■ ਸੀ.ਬੀ.ਆਈ. ਵੱਲੋਂ ਗ੍ਰਿਫ਼ਤਾਰ ਪਿਓ-ਪੁੱਤ ਨੂੰ ਸੁਰੱਖਿਆ ਦੇਣ 'ਤੇ ਚੁੱਕੇ ਸਵਾਲ**

ਮਾਨਸਾ, (ਪੰਜਾਬ ਮੇਲ)- ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਦੇਣ ਦੀ ਨੀਤੀ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਇਹ ਪ੍ਰਤੀਕਿਰਿਆ ਸੀ.ਬੀ.ਆਈ. ਵੱਲੋਂ ਮਲੋਟ ਦੇ ਇੱਕ ਪਿਓ-ਪੁੱਤ ਅਤੇ ਉਨ੍ਹਾਂ ਦੇ ਸਾਥੀ ਨੂੰ ਪੰਜਾਬ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨਾਲ ਸਬੰਧਤ 20 ਲੱਖ ਰੁਪਏ ਦੇ ਰਿਸ਼ਵਤ ਕਾਂਡ ਵਿਚ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਆਈ ਹੈ। ਬਲਕੌਰ ਸਿੰਘ ਨੇ ਦੋਸ਼ ਲਾਇਆ ਕਿ ਇੱਕ ਪਾਸੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਫਸੇ ਲੋਕਾਂ ਨੂੰ ਸਰਕਾਰੀ ਗੰਨਮੈਨ ਦਿੱਤੇ ਜਾ ਰਹੇ ਹਨ, ਜਦਕਿ ਦੂਜੇ ਪਾਸੇ ਉਨ੍ਹਾਂ ਦੇ ਪੁੱਤਰ ਦੀ ਸੁਰੱਖਿਆ 'ਚ ਕਟੌਤੀ ਕਰ ਦਿੱਤੀ ਗਈ ਸੀ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਸਾਂਝੀ ਕਰਦਿਆਂ ਬਲਕੌਰ ਸਿੰਘ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਮਲੋਟ ਦੇ ਰਿਸ਼ਵਤ ਕਾਂਡ ਵਿਚ ਵਿਚੋਲੇ ਵਜੋਂ ਕੰਮ ਕਰਨ ਵਾਲੇ ਪਿਓ-ਪੁੱਤ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਸੀ। ਉਨ੍ਹਾਂ ਦੁੱਖ ਪ੍ਰਗਟਾਇਆ ਕਿ ਦਿੱਲੀ ਦੀਆਂ ਖੁਫੀਆ ਏਜੰਸੀਆਂ ਵੱਲੋਂ ਮੂਸੇਵਾਲਾ ਦੀ ਜਾਨ ਨੂੰ ਖ਼ਤਰਾ ਹੋਣ ਦੀਆਂ ਵਾਰ-ਵਾਰ ਚਿਤਾਵਨੀਆਂ ਦੇ ਬਾਵਜੂਦ, ਸਰਕਾਰ ਨੇ ਖਰਚੇ ਘਟਾਉਣ ਦੇ ਨਾਂ 'ਤੇ ਸਿੱਧੂ ਦੇ ਦੋ ਗੰਨਮੈਨ ਵਾਪਸ ਲੈ ਲਏ ਸਨ।

## ਮਿਆਮੀ ਸ਼ਹਿਰ ਨੇੜੇ ਚਾਰਟਰ ਕਿਸ਼ਤੀ 'ਚ ਹੋਏ ਜ਼ਬਰਦਸਤ ਧਮਾਕੇ 'ਚ ਦਰਜਨਾਂ ਲੋਕ ਜ਼ਖਮੀ

ਮਿਆਮੀ, (ਪੰਜਾਬ ਮੇਲ)-ਅਮਰੀਕਾ ਦੇ ਮਿਆਮੀ ਸ਼ਹਿਰ ਦੇ ਨੇੜੇ ਇਕ ਚਾਰਟਰ ਕਿਸ਼ਤੀ 'ਚ ਜ਼ਬਰਦਸਤ ਧਮਾਕਾ ਹੋਣ ਕਾਰਨ ਲਗਭਗ ਇੱਕ ਦਰਜਨ ਲੋਕ ਜ਼ਖ਼ਮੀ ਹੋ ਗਏ। ਮਿਆਮੀ-ਡੇਡ ਫਾਇਰ ਰੈਸਕਿਊ ਏਜੰਸੀ ਅਨੁਸਾਰ ਇਹ ਹਾਦਸਾ ਸ਼ਨੀਵਾਰ ਦੁਪਹਿਰ ਨੂੰ ਬਿਸਕੇਨ ਬੇਅ (Biscayne Bay) ਵਿਚ ਹੌਲਓਵਰ ਸੈਂਡਬਾਰ ਦੇ ਨੇੜੇ ਵਾਪਰਿਆ।

ਫਲੋਰੀਡਾ ਫਿਸ਼ ਐਂਡ ਵਾਈਲਡਲਾਈਫ ਕੰਜ਼ਰਵੇਸ਼ਨ ਕਮਿਸ਼ਨ ਵੱਲੋਂ ਦਿੱਤੀ ਗਈ ਮੁੱਢਲੀ ਜਾਣਕਾਰੀ ਅਨੁਸਾਰ ਕਿਸ਼ਤੀ 'ਤੇ ਸਵਾਰ ਯਾਤਰੀ ਉਸ ਸਮੇਂ ਜ਼ਖ਼ਮੀ ਹੋ ਗਏ, ਜਦੋਂ ਅਚਾਨਕ ਬੋਰਡ 'ਤੇ ਧਮਾਕਾ ਹੋਇਆ। ਮਿਆਮੀ-ਡੇਡ ਫਾਇਰ ਰੈਸਕਿਊ ਨੇ ਇੱਕ ਬਿਆਨ ਵਿਚ ਦੱਸਿਆ ਕਿ ਦੁਪਹਿਰ ਲਗਭਗ 12:48 ਵਜੇ ਵਾਪਰੀ ਇਸ ਘਟਨਾ ਤੋਂ ਬਾਅਦ ਦੋ ਦਰਜਨ ਤੋਂ ਵੱਧ ਬਚਾਅ ਇਕਾਈਆਂ ਮੌਕੇ 'ਤੇ ਪਹੁੰਚੀਆਂ। ਏਜੰਸੀ ਨੇ ਪੁਸ਼ਟੀ ਕੀਤੀ ਹੈ ਕਿ 11 ਲੋਕਾਂ ਨੂੰ ਇਲਾਜ ਲਈ ਸਥਾਨਕ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਸੀ।

ਇਸ ਬਚਾਅ ਕਾਰਜ ਵਿਚ ਅਮਰੀਕੀ ਕੋਸਟ ਗਾਰਡ ਦੀਆਂ ਟੀਮਾਂ ਵੀ ਸ਼ਾਮਲ ਸਨ। ਫਿਲਹਾਲ ਕਿਸੇ ਵੀ ਏਜੰਸੀ ਨੇ ਜ਼ਖ਼ਮੀਆਂ ਦੀ ਹਾਲਤ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ। ਸਟੇਟ ਕੰਜ਼ਰਵੇਸ਼ਨ ਕਮਿਸ਼ਨ ਨੇ ਦੱਸਿਆ ਕਿ ਧਮਾਕੇ ਦੇ ਅਸਲ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ, ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਇਹ ਹਾਦਸਾ ਕਿਵੇਂ ਵਾਪਰਿਆ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com





# ਜਦੋਂ ਤੱਕ ਦਹਿਸ਼ਤਗਰਦੀ ਪੂਰੀ ਤਰ੍ਹਾਂ ਬੰਦ ਨਹੀਂ ਹੁੰਦੀ, ਪਾਕਿਸਤਾਨ ਨਾਲ ਮੁਅੱਤਲ ਰਹੇਗੀ ਸਿੰਧੂ ਜਲ ਸੰਧੀ : ਭਾਰਤ ਸਰਕਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਨੇ ਵੀਰਵਾਰ ਨੂੰ ਸਪੱਸ਼ਟ ਕੀਤਾ ਕਿ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਉਦੋਂ ਤੱਕ ਮੁਅੱਤਲ ਰਹੇਗੀ, ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰੋਂ ਹੋਣ ਵਾਲੇ ਅੱਤਵਾਦ ਨੂੰ ਪੂਰੀ ਤਰ੍ਹਾਂ ਅਤੇ ਹਮੇਸ਼ਾ ਲਈ ਬੰਦ ਨਹੀਂ ਕਰ ਦਿੰਦਾ। ਕੇਂਦਰ ਸਰਕਾਰ ਵੱਲੋਂ ਇਹ ਗੱਲ 'ਅਪਰੇਸ਼ਨ ਸਿੰਧੂਰ' ਦੀ ਪਹਿਲੀ ਵਰ੍ਹੇਗੰਢ ਮੌਕੇ ਕਹੀ ਗਈ ਹੈ।



ਹਫ਼ਤਾਵਾਰੀ ਮੀਡੀਆ ਬ੍ਰੀਫਿੰਗ ਨੂੰ ਸੰਬੋਧਨ ਕਰਦਿਆਂ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ 'ਅਪਰੇਸ਼ਨ ਸਿੰਧੂਰ' ਦੀ ਪਹਿਲੀ ਵਰ੍ਹੇਗੰਢ ਮਨਾ ਰਹੇ ਹਾਂ। ਪੂਰੀ ਦੁਨੀਆਂ ਨੇ ਪਹਿਲਗਾਮ ਅੱਤਵਾਦੀ ਹਮਲੇ ਦਾ ਅਸਲ ਰੂਪ ਦੇਖਿਆ ਸੀ ਅਤੇ ਅਸੀਂ ਪਾਕਿਸਤਾਨ ਵੱਲੋਂ ਸਰਹੱਦ ਪਾਰਲੇ ਅਤਿਵਾਦ ਨੂੰ ਦਿੱਤੀ ਜਾਂਦੀ ਸਰਪ੍ਰਸਤੀ ਦਾ ਮੂੰਹਤੋੜ ਜਵਾਬ ਦਿੱਤਾ ਸੀ।"

ਉਨ੍ਹਾਂ ਕਿਹਾ ਕਿ ਪੂਰੀ ਦੁਨੀਆਂ ਜਾਣਦੀ ਹੈ ਕਿ ਪਾਕਿਸਤਾਨ ਲੰਮੇ ਸਮੇਂ ਤੋਂ ਅੱਤਵਾਦ ਨੂੰ ਆਪਣੀ ਸਰਕਾਰੀ ਨੀਤੀ ਵਜੋਂ ਵਰਤ ਰਿਹਾ ਹੈ। ਭਾਰਤ ਕੋਲ ਦਹਿਸ਼ਤਗਰਦੀ ਵਿਰੁੱਧ ਆਪਣੀ ਰੱਖਿਆ ਕਰਨ ਦਾ ਪੂਰਾ ਹੱਕ ਹੈ ਅਤੇ ਅਸੀਂ ਦੁਨੀਆਂ ਭਰ ਵਿਚ ਅੱਤਵਾਦ ਖ਼ਿਲਾਫ਼ ਲੜਾਈ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰਦੇ ਰਹਾਂਗੇ।

ਦਹਾਕਿਆਂ ਪੁਰਾਣੀ ਸਿੰਧੂ ਜਲ ਸੰਧੀ ਦੇ ਭਵਿੱਖ ਬਾਰੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਦਾ ਸਟੈਂਡ ਪਹਿਲਾਂ ਵਾਲਾ ਹੀ ਹੈ।

ਉਨ੍ਹਾਂ ਕਿਹਾ ਕਿ ਸਿੰਧੂ ਜਲ ਸੰਧੀ ਬਾਰੇ ਭਾਰਤ ਦਾ ਫੈਸਲਾ ਅਟੱਲ ਹੈ ਅਤੇ ਪਾਕਿਸਤਾਨ ਵੱਲੋਂ ਅੱਤਵਾਦ ਨੂੰ ਦਿੱਤੀ ਜਾ ਰਹੀ ਸਰਪ੍ਰਸਤੀ ਕਾਰਨ ਹੀ ਇਹ ਸੰਧੀ ਰੋਕੀ ਗਈ ਹੈ। ਉਨ੍ਹਾਂ ਸਾਫ਼ ਕੀਤਾ ਕਿ ਪਾਕਿਸਤਾਨ ਨੂੰ ਸਰਹੱਦ ਪਾਰਲੇ ਅੱਤਵਾਦ ਦਾ ਰਾਹ ਪੂਰੀ ਤਰ੍ਹਾਂ ਛੱਡਣਾ ਪਵੇਗਾ, ਕਿਉਂਕਿ ਅਤਿਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।

ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਨੇ ਪਿਛਲੇ ਸਾਲ ਪਾਕਿਸਤਾਨ ਵਿਰੁੱਧ ਕਈ ਕੂਟਨੀਤਕ ਅਤੇ ਰਣਨੀਤਕ ਕਦਮ ਚੁੱਕਣ ਦਾ ਐਲਾਨ ਕੀਤਾ ਸੀ, ਜਿਸ ਵਿਚ 1960 ਦੀ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਫੈਸਲਾ ਵੀ ਸ਼ਾਮਲ ਸੀ।

ਵਿਸ਼ਵ ਬੈਂਕ ਦੀ ਮਦਦ ਨਾਲ ਹੋਈ ਇਹ ਸੰਧੀ ਦੋਵਾਂ ਦੇਸ਼ਾਂ ਵਿਚਾਲੇ ਸਿੰਧੂ ਨਦੀ ਪ੍ਰਣਾਲੀ ਦੇ ਪਾਣੀਆਂ ਦੀ ਵੰਡ ਦਾ ਪ੍ਰਬੰਧ ਕਰਦੀ ਹੈ। ਇਸ ਸਮਝੌਤੇ ਮੁਤਾਬਕ, ਪਾਕਿਸਤਾਨ ਨੂੰ ਪੱਛਮੀ ਨਦੀਆਂ (ਸਿੰਧੂ, ਜੇਹਲਮ ਅਤੇ ਚਨਾਬ) ਦੇ ਪਾਣੀ ਦਾ ਅਧਿਕਾਰ ਮਿਲਿਆ ਹੋਇਆ ਹੈ, ਜਦਕਿ ਪੂਰਬੀ ਨਦੀਆਂ (ਰਾਵੀ, ਬਿਆਸ ਅਤੇ ਸਤਲੁਜ) 'ਤੇ ਭਾਰਤ ਦਾ ਕੰਟਰੋਲ ਹੈ।

ਇਹ ਸੰਧੀ ਪ੍ਰਭਾਵਸ਼ਾਲੀ ਢੰਗ ਨਾਲ ਪਾਕਿਸਤਾਨ ਨੂੰ ਸਿੰਧੂ ਨਦੀ ਪ੍ਰਣਾਲੀ ਦੇ ਲਗਪਗ 80 ਫੀਸਦੀ ਪਾਣੀ ਤੱਕ ਪਹੁੰਚ ਦਿੰਦੀ ਹੈ, ਜਦੋਂਕਿ ਭਾਰਤ ਕੋਲ ਲਗਪਗ 20 ਪ੍ਰਤੀਸ਼ਤ ਪਾਣੀ ਰਹਿੰਦਾ ਹੈ। ਇਸ ਦੇ ਨਾਲ ਹੀ ਭਾਰਤ ਕੋਲ ਸਿੰਚਾਈ, ਬਿਜਲੀ ਉਤਪਾਦਨ ਅਤੇ ਹੋਰ ਗੈਰ-ਖਪਤਕਾਰੀ ਉਦੇਸ਼ਾਂ ਲਈ ਪੱਛਮੀ ਨਦੀਆਂ 'ਤੇ ਸੀਮਤ ਵਰਤੋਂ ਦੇ ਅਧਿਕਾਰ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅਮਰੀਕਾ ਤੇ ਕਿਊਬਾ ਵਿਚਾਲੇ ਸਿਖਰ 'ਤੇ ਪਹੁੰਚਿਆ ਤਣਾਅ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਕਿਊਬਾ ਵਿਚਾਲੇ ਤਣਾਅ ਇੱਕ ਵਾਰ ਫਿਰ ਸਿਖਰ 'ਤੇ ਪਹੁੰਚ ਗਿਆ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਪਿਛਲੇ ਕੁਝ ਮਹੀਨਿਆਂ 'ਚ ਕਿਊਬਾ ਦੇ ਤੱਟ ਨੇੜੇ ਅਮਰੀਕੀ ਫੌਜੀ ਖੁਫੀਆ ਉਡਾਣਾਂ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿਸੇ ਵੱਡੇ ਫੌਜੀ ਆਪ੍ਰੇਸ਼ਨ ਦਾ ਸੰਕੇਤ ਹੋ ਸਕਦਾ ਹੈ।

ਏਵੀਏਸ਼ਨ ਡਾਟਾ ਦੇ ਵਿਸ਼ਲੇਸ਼ਣ ਅਨੁਸਾਰ 4 ਫਰਵਰੀ ਤੋਂ ਹੁਣ ਤੱਕ ਅਮਰੀਕੀ ਜਲ ਸੈਨਾ ਅਤੇ ਹਵਾਈ ਸੈਨਾ ਨੇ ਕਿਊਬਾ ਦੇ ਤੱਟ ਨੇੜੇ ਘੱਟੋ-ਘੱਟ 25 ਉਡਾਣਾਂ ਭਰੀਆਂ ਹਨ। ਇਹ ਜਹਾਜ਼ ਹਵਾਨਾ ਅਤੇ ਸੈਂਟੀਆਗੋ ਡੀ ਕਿਊਬਾ ਦੇ ਬਹੁਤ ਨੇੜੇ ਪਹੁੰਚ ਰਹੇ ਹਨ, ਜਿਨ੍ਹਾਂ ਵਿਚੋਂ ਕੁਝ ਤੱਟ ਤੋਂ ਮਹਿਜ਼ 40 ਮੀਲ (64 ਕਿਲੋਮੀਟਰ) ਦੀ ਦੂਰੀ ਤੱਕ ਦੇਖੇ ਗਏ ਹਨ। ਸਮਾਚਾਰ ਏਜੰਸੀ ਸ਼ਿਨਹੂਆ ਨੇ ਸੀ.ਐੱਨ.ਐੱਨ. ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਮਿਸ਼ਨਾਂ ਵਿਚ ਮੁੱਖ ਤੌਰ 'ਤੇ ਪੀ-8ਏ ਪੋਸੀਡਨ ਜਾਸੂਸੀ ਜਹਾਜ਼, ਸਿਗਨਲ ਇੰਟੈਲੀਜੈਂਸ ਜਹਾਜ਼ ਅਤੇ ਉੱਚ-ਤਕਨੀਕੀ ਡਰੋਨ ਸ਼ਾਮਲ ਹਨ।

ਜਾਸੂਸੀ 'ਚ ਇਹ ਤੇਜ਼ੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਿਊਬਾ ਵਿਰੁੱਧ ਅਪਣਾਏ ਗਏ ਸਖ਼ਤ ਰੁਖ਼ ਤੋਂ ਬਾਅਦ ਆਈ ਹੈ। ਜਨਵਰੀ ਵਿਚ ਟਰੰਪ ਨੇ ਸੋਸ਼ਲ ਮੀਡੀਆ 'ਤੇ 'ਮੁਕਤ ਹਵਾਨਾ' ਦਾ ਜ਼ਿਕਰ ਕੀਤਾ ਸੀ ਅਤੇ ਇਸ ਦੇ ਕੁਝ ਦਿਨਾਂ ਬਾਅਦ ਹੀ ਕਿਊਬਾ ਦੀ ਤੇਲ ਨਾਕਾਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਪਿਛਲੇ ਹਫ਼ਤੇ ਹੀ ਅਮਰੀਕਾ ਨੇ ਕਿਊਬਾ ਦੀਆਂ ਪ੍ਰਮੁੱਖ ਆਰਥਿਕ ਸੰਸਥਾਵਾਂ, ਜਿਨ੍ਹਾਂ ਵਿਚ ਇੱਕ ਕੈਨੇਡੀਅਨ ਮਾਈਨਿੰਗ ਜੁਆਇੰਟ ਵੈਂਚਰ ਅਤੇ ਕਿਊਬਾ ਦੀ ਫੌਜ ਦੁਆਰਾ ਚਲਾਇਆ ਜਾ ਰਿਹਾ ਕਾਰੋਬਾਰੀ ਸਮੂਹ ਸ਼ਾਮਲ ਹੈ, 'ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ। ਅਮਰੀਕਾ ਦਾ ਕਹਿਣਾ ਹੈ ਕਿ ਇਹ ਅਦਾਰੇ ਉਸਦੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਲਈ ਖ਼ਤਰਾ ਹਨ।

ਰਿਪੋਰਟਾਂ ਅਨੁਸਾਰ ਅਮਰੀਕੀ ਜਾਸੂਸੀ ਦਾ ਇਹ ਪੈਟਰਨ ਬਿਲਕੁਲ ਉਸੇ ਤਰ੍ਹਾਂ ਦਾ ਹੈ, ਜਿਵੇਂ ਵੈਨੇਜ਼ੁਏਲਾ ਅਤੇ ਈਰਾਨ ਵਿਚ ਅਮਰੀਕੀ ਫੌਜੀ ਕਾਰਵਾਈਆਂ ਤੋਂ ਪਹਿਲਾਂ ਦੇਖਿਆ ਗਿਆ ਸੀ। ਅਚਾਨਕ ਵਧੀ ਇਸ ਜਾਸੂਸੀ ਅਤੇ ਸਖ਼ਤ ਬਿਆਨਬਾਜ਼ੀ ਨੇ ਮਾਹਿਰਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਹਾਲਾਂਕਿ ਪੈਂਟਾਗਨ ਨੇ ਇਨ੍ਹਾਂ ਖੁਫੀਆ ਮਿਸ਼ਨਾਂ 'ਤੇ ਅਜੇ ਤੱਕ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਹੈਕਰਾਂ ਵੱਲੋਂ ਦੁਨੀਆਂ ਭਰ ਦੇ 9 ਹਜ਼ਾਰ ਵਿਦਿਅਕ ਅਦਾਰਿਆਂ ’ਤੇ ਸਾਈਬਰ ਹਮਲਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਸਮੇਤ ਦੁਨੀਆਂ ਭਰ ਦੇ ਲਗਭਗ 9,000 ਵਿਦਿਅਕ ਅਦਾਰਿਆਂ ’ਤੇ ਇਕ ਵੱਡਾ ਸਾਈਬਰ ਹਮਲਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਹੈਕਰਾਂ ਨੇ ਪ੍ਰੀਖਿਆਵਾਂ ਅਤੇ ਅਸਾਈਨਮੈਂਟਾਂ ਦੇ ਮਹੱਤਵਪੂਰਨ ਸਮੇਂ ਦੌਰਾਨ ਸਿੱਖਿਆ ਪ੍ਰਣਾਲੀ ਨੂੰ ਨਿਸ਼ਾਨਾ ਬਣਾ ਕੇ ਭਾਰੀ ਹਫੜਾ-ਦਫੜੀ ਮਚਾ ਦਿੱਤੀ ਹੈ। ਇਸ ਹਮਲੇ ਦੀ ਜ਼ਿੰਮੇਵਾਰੀ ਹੈਕਰ ਸਮੂਹ ‘ਸ਼ਾਈਨੀਹੰਟਰਸ’ ਨੇ ਲਈ ਹੈ।

ਹੈਕਰਾਂ ਨੇ ‘ਕੈਨਵਸ’ ਨਾਮਕ ਆਨਲਾਈਨ ਵਿਦਿਅਕ ਪਲੇਟਫਾਰਮ ਵਿਚ ਸੰਨ੍ਹ ਲਗਾਈ, ਜਿਸਦੀ ਵਰਤੋਂ ਦੁਨੀਆਂ ਭਰ ਦੇ ਹਜ਼ਾਰਾਂ ਸਕੂਲ ਅਤੇ ਯੂਨੀਵਰਸਿਟੀਆਂ ਪੜ੍ਹਾਈ ਅਤੇ ਪ੍ਰੀਖਿਆਵਾਂ ਲਈ ਕਰਦੇ ਹਨ। ਹੈਕਰਾਂ ਨੇ ਸਿਸਟਮ ਨੂੰ ਠੱਪ ਕਰ ਦਿੱਤਾ ਅਤੇ ਵਿਦਿਆਰਥੀਆਂ ਦੀਆਂ ਸਕ੍ਰੀਨਾਂ ’ਤੇ ਬਿਟਕੁਆਇਨ ਵਿਚ ਫਿਰੌਤੀ ਮੰਗਣ ਵਾਲੇ ਸੰਦੇਸ਼



ਦਿਖਾਈ ਦੇਣ ਲੱਗੇ। ਧਮਕੀ ਦਿੱਤੀ ਗਈ ਹੈ ਕਿ ਜੇਕਰ ਭੁਗਤਾਨ ਨਾ ਕੀਤਾ ਗਿਆ, ਤਾਂ ਚੋਰੀ ਕੀਤਾ ਗਿਆ ਡਾਟਾ ਜਨਤਕ ਕਰ ਦਿੱਤਾ ਜਾਵੇਗਾ।

ਇਸ ਸਾਈਬਰ ਹਮਲੇ ਕਾਰਨ ਕਈ ਪ੍ਰਮੁੱਖ ਯੂਨੀਵਰਸਿਟੀਆਂ ਨੂੰ ਆਪਣੀਆਂ ਅੰਤਿਮ ਪ੍ਰੀਖਿਆਵਾਂ ਮੁਲਤਵੀ ਕਰਨੀਆਂ ਪਈਆਂ ਹਨ

ਅਮਰੀਕਾ ਦੀ ਮਿਸੀਸਿਪੀ ਸਟੇਟ ਯੂਨੀਵਰਸਿਟੀ ਨੇ ਸ਼ੁੱਕਰਵਾਰ ਦੀਆਂ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਹਨ। ਇਕ ਵਿਦਿਆਰਥੀ ਅਨੁਸਾਰ, ਜਦੋਂ ਉਹ ਆਪਣਾ 2,900 ਸ਼ਬਦਾਂ ਦਾ ਪ੍ਰੀਖਿਆ ਨਿਬੰਧ ਪੂਰਾ ਕਰ ਚੁੱਕਾ ਸੀ, ਤਾਂ ਅਚਾਨਕ ਸਕ੍ਰੀਨ ’ਤੇ ਫਿਰੌਤੀ ਦਾ ਸੰਦੇਸ਼ ਆ ਗਿਆ। ਆਈਡਾਹੋ ਸਟੇਟ ਯੂਨੀਵਰਸਿਟੀ ਅਤੇ ਪੇਨ ਸਟੇਟ ਯੂਨੀਵਰਸਿਟੀ ਵਿਚ ਵੀ ਕੰਮਕਾਜ ਪ੍ਰਭਾਵਿਤ ਹੋਇਆ ਹੈ।

ਆਸਟ੍ਰੇਲੀਆ ਦੀ ਸਿਡਨੀ ਯੂਨੀਵਰਸਿਟੀ ਨੇ ਵਿਦਿਆਰਥੀਆਂ ਨੂੰ ਚੇਤਾਵਨੀ ਜਾਰੀ ਕਰਦਿਆਂ ਕਿਹਾ ਕਿ ਉਹ ਫਿਲਹਾਲ ‘ਕੈਨਵਸ’ ’ਤੇ ਲੌਗਇਨ ਨਾ ਕਰਨ।

‘ਕੈਨਵਸ’ ਦੀ ਮਾਲਕ ਕੰਪਨੀ ‘ਇੰਸਟ੍ਰਕਚਰ’ ਨੇ ਦੱਸਿਆ ਕਿ ਸ਼ੁੱਕਰਵਾਰ ਦੇਰ ਰਾਤ ਤੱਕ ਜ਼ਿਆਦਾਤਰ ਉਪਭੋਗਤਾਵਾਂ ਲਈ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ ਸਨ, ਪਰ ਸ਼ਨੀਵਾਰ ਤੱਕ ਵੀ ਕਈ ਸੰਸਥਾਵਾਂ ਵਿਚ ਵਿਘਨ ਜਾਰੀ ਰਿਹਾ। ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਆਪਣੇ ਡਾਟਾ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪਾਈ ਜਾ ਰਹੀ ਹੈ।

## ਡੇਨਵਰ ਏਅਰਪੋਰਟ ’ਤੇ ਟੇਕਆਫ ਦੌਰਾਨ ਰਨਵੇਅ ’ਤੇ ਮੌਜੂਦ ਵਿਅਕਤੀ ਨਾਲ ਟਕਰਾਇਆ ਜਹਾਜ਼

**ਡੇਨਵਰ, (ਪੰਜਾਬ ਮੇਲ)-** ਅਮਰੀਕਾ ਦੇ ਡੇਨਵਰ ਇੰਟਰਨੈਸ਼ਨਲ ਏਅਰਪੋਰਟ ’ਤੇ ਸ਼ੁੱਕਰਵਾਰ ਰਾਤ ਵੱਡਾ ਹਾਦਸਾ ਹੋ ਗਿਆ। ਫਰੰਟੀਅਰ ਏਅਰਲਾਈਨਜ਼ ਦਾ ਇਕ ਜਹਾਜ਼ ਟੇਕਆਫ ਦੌਰਾਨ ਰਨਵੇਅ ’ਤੇ ਮੌਜੂਦ ਇਕ ਪੈਦਲ ਵਿਅਕਤੀ ਨਾਲ ਟਕਰਾਅ ਗਿਆ। ਹਾਦਸੇ ਤੋਂ ਬਾਅਦ ਜਹਾਜ਼ ਦੇ ਇੰਜਣ ਨੂੰ ਅੱਗ ਲੱਗ ਗਈ ਅਤੇ ਯਾਤਰੀਆਂ ਨੂੰ ਤੁਰੰਤ ਬਾਹਰ ਕੱਢਣਾ ਪਿਆ।

ਏਅਰਪੋਰਟ ਪ੍ਰਸ਼ਾਸਨ ਅਨੁਸਾਰ, ਇਹ ਜਹਾਜ਼ ਡੇਨਵਰ ਤੋਂ ਲਾਸ ਏਂਜਲਸ ਜਾ ਰਿਹਾ ਸੀ।

ਹਾਦਸਾ ਰਾਤ ਕਰੀਬ 11:19 ਵਜੇ ਹੋਇਆ। ਪਾਇਲਟ ਨੇ ਏਅਰ ਟ੍ਰੈਫਿਕ ਕੰਟਰੋਲ ਨੂੰ ਦੱਸਿਆ ਕਿ ਅਸੀਂ ਰਨਵੇਅ ’ਤੇ ਰੁਕ ਰਹੇ ਹਾਂ। ਅਸੀਂ ਕਿਸੇ ਨੂੰ ਟੱਕਰ ਮਾਰ ਦਿੱਤੀ ਹੈ। ਇੰਜਣ ਵਿਚ ਅੱਗ ਲੱਗੀ ਹੈ। ਜਹਾਜ਼ ਵਿਚ ਕੁੱਲ 231 ਲੋਕ ਸਵਾਰ ਸਨ। ਇਸ ਤੋਂ ਬਾਅਦ ਕੰਟਰੋਲ ਟਾਵਰ ਨੇ ਤੁਰੰਤ ਰਾਹਤ ਅਤੇ ਬਚਾਅ ਟੀਮਾਂ ਨੂੰ ਭੇਜਿਆ। ਕੁਝ ਦੇਰ ਬਾਅਦ ਪਾਇਲਟ ਨੇ ਜਹਾਜ਼ ਵਿਚ ਧੂੰਆਂ ਭਰਨ ਦੀ ਜਾਣਕਾਰੀ ਦਿੱਤੀ ਅਤੇ ਰਨਵੇਅ ’ਤੇ ਹੀ ਐਮਰਜੈਂਸੀ ਐਗਜ਼ਿਟ ਸ਼ੁਰੂ ਕਰ ਦਿੱਤੀ ਗਈ।

## ਮਨੁੱਖੀ ਤਸਕਰੀ ਮਾਮਲੇ ’ਚ ਬਰੈਂਪਟਨ ਦਾ ਭਾਰਤੀ ਮੂਲ ਦਾ ਨੌਜਵਾਨ ਗ੍ਰਿਫ਼ਤਾਰ



ਕਬੀਰ ਜਾਂਗੜਾ

**ਬਰੈਂਪਟਨ, (ਪੰਜਾਬ ਮੇਲ)-** ਪੀਲ ਰੀਜਨਲ ਪੁਲਿਸ ਨੇ ਮਨੁੱਖੀ ਤਸਕਰੀ ਦੀ ਜਾਂਚ ਦੇ ਸਬੰਧ ਵਿਚ ਬਰੈਂਪਟਨ ਦੇ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ’ਤੇ ਦੋਸ਼ ਆਇਦ ਕੀਤੇ ਹਨ। ਇਹ ਮਾਮਲਾ ਸੈਕਸ ਵਪਾਰ ਵਿਚ ਇੱਕ ਔਰਤ ਦੇ ਕਥਿਤ ਸ਼ੋਸ਼ਣ ਨਾਲ ਜੁੜਿਆ ਹੋਇਆ ਹੈ।

ਬਰੈਂਪਟਨ ਦੇ ਰਹਿਣ ਵਾਲੇ ਕਬੀਰ ਜਾਂਗੜਾ (23) ਨੂੰ 24 ਅਪ੍ਰੈਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ’ਤੇ ਜਿਸਮ ਫਿਰੋਸ਼ੀ ਲਈ ਉਕਸਾਉਣ, ਜਿਨਸੀ ਸੇਵਾਵਾਂ ਦਾ ਇਸ਼ਤਿਹਾਰ ਦੇਣ, ਜਿਨਸੀ ਸੇਵਾਵਾਂ ਲਈ ਸੰਪਰਕ ਕਰਨ, ਵਿਅਕਤੀਆਂ ਦੀ ਤਸਕਰੀ ਕਰਨ, ਤਸਕਰੀ ਤੋਂ ਲਾਭ ਪ੍ਰਾਪਤ ਕਰਨ, ਜਿਨਸੀ ਸੇਵਾਵਾਂ ਤੋਂ ਪਦਾਰਥਕ ਲਾਭ ਲੈਣ ਅਤੇ ਕੰਟਰੋਲ ਕਰਨ ਵਰਗੇ ਗੰਭੀਰ ਦੋਸ਼ ਲਗਾਏ ਗਏ ਹਨ।

ਵਾਈਸ ਐਂਡ ਹਿਊਮਨ ਟ੍ਰੈਫਿਕਿੰਗ ਯੂਨਿਟ ਦੇ ਜਾਂਚਕਰਤਾਵਾਂ ਅਨੁਸਾਰ ਪੁਲਿਸ ਨੂੰ ਅਪ੍ਰੈਲ ਵਿਚ ਇੱਕ ਮਹਿਲਾ ਪੀੜਤ ਬਾਰੇ ਸੂਚਨਾ ਮਿਲੀ ਸੀ, ਜਿਸ ਦੀ ਕਥਿਤ ਤੌਰ ’ਤੇ ਸੈਕਸ ਉਦਯੋਗ ਵਿਚ ਤਸਕਰੀ ਕੀਤੀ ਜਾ ਰਹੀ ਸੀ। ਪੁਲਿਸ ਦਾ ਦੋਸ਼ ਹੈ ਕਿ ਅਕਤੂਬਰ 2025 ਤੋਂ ਫਰਵਰੀ 2026 ਦਰਮਿਆਨ ਮੁਲਜ਼ਮ ਨੇ ਔਰਤ ਨੂੰ ਸੈਕਸ ਵਪਾਰ ਵਿਚ ਕੰਮ ਕਰਨ ਲਈ ਮਾਨਸਿਕ ਤੌਰ ’ਤੇ ਉਕਸਾਇਆ ਅਤੇ ਫਿਰ ਉਸ ਦੀ ਜ਼ਿੰਦਗੀ ਦੇ ਕਈ ਪਹਿਲੂਆਂ ’ਤੇ ਕੰਟਰੋਲ ਕਰ ਲਿਆ।

ਜਾਂਚਕਰਤਾਵਾਂ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਜਾਂਗੜਾ ਨੇ ਇਸ਼ਤਿਹਾਰ ਤਿਆਰ ਕੀਤੇ, ਗਾਹਕਾਂ ਦਾ ਪ੍ਰਬੰਧ ਕੀਤਾ ਅਤੇ ਪੀੜਤ ਦੇ ਸ਼ੋਸ਼ਣ ਤੋਂ ਵਿੱਤੀ ਲਾਭ ਉਠਾਇਆ। ਜਾਂਗੜਾ ਨੂੰ ਜ਼ਮਾਨਤ ਦੀ ਸੁਣਵਾਈ ਲਈ ਹਿਰਾਸਤ ਵਿਚ ਰੱਖਿਆ ਗਿਆ ਸੀ ਅਤੇ ਉਹ ਬਰੈਂਪਟਨ ਵਿਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ ਹੋਇਆ।




# ਕੈਨੇਡਾ ’ਚ ਅਪ੍ਰੈਲ ਮਹੀਨੇ ਦੌਰਾਨ 18 ਹਜ਼ਾਰ ਨੌਕਰੀਆਂ ਹੋਈਆਂ ਖ਼ਤਮ !

**■ ਬੇਰੁਜ਼ਗਾਰੀ ਦਰ ਵਧ ਕੇ 6.9 ਫ਼ੀਸਦੀ ’ਤੇ ਪੁੱਜੀ**

ਟੋਰਾਂਟੋ/ਵਾਸ਼ਿੰਗਟਨ, (ਪੰਜਾਬ ਮੇਲ)- ਕੈਨੇਡਾ ਅਤੇ ਅਮਰੀਕਾ ਦੇ ਰੁਜ਼ਗਾਰ ਖੇਤਰ ਵੱਖੋ ਵੱਖਰੀ ਤਸਵੀਰ ਪੇਸ਼ ਕਰ ਰਹੇ ਹਨ ਜਿਥੇ ਇਕ ਪਾਸੇ ਬੇਰੁਜ਼ਗਾਰੀ ਦਰ ਵਧ ਰਹੀ ਹੈ ਅਤੇ ਨੌਕਰੀਆਂ ਖ਼ਤਮ ਹੋ ਰਹੀਆਂ ਹਨ ਤਾਂ ਦੂਜੇ ਪਾਸੇ ਰੁਜ਼ਗਾਰ ਦੇ ਨਵੇਂ ਮੌਕੇ ਆਰਥਿਕ ਮਾਹਰਾਂ ਦੇ ਕਿਆਸਿਆਂ ਨੂੰ ਥੋਥਾ ਸਾਬਤ ਕਰ ਰਹੇ ਹਨ। ਕੈਨੇਡਾ ਵਿਚ ਅਪ੍ਰੈਲ ਮਹੀਨੇ ਦੌਰਾਨ 18 ਹਜ਼ਾਰ ਨੌਕਰੀਆਂ ਖ਼ਤਮ ਹੋਈਆਂ ਅਤੇ ਬੇਰੁਜ਼ਗਾਰੀ ਦਰ ਵਧ ਕੇ 6.9 ਫ਼ੀਸਦੀ ’ਤੇ ਪੁੱਜ ਗਈ। ਸੀ.ਆਈ.ਬੀ.ਸੀ. ਦੇ ਇਕੌਨੋਮਿਸਟ ਐਂਡਰਿਊ ਗ੍ਰੈਂਥਮ ਨੇ ਦੱਸਿਆ ਕਿ ਮੌਜੂਦਾ ਵਰ੍ਹੇ ਦੇ ਪਹਿਲੇ ਚਾਰ ਵਿਚੋਂ ਤਿੰਨ ਮਹੀਨੇ ਰੁਜ਼ਗਾਰ ਖੇਤਰ ਵਾਸਤੇ ਚੰਗੇ ਸਾਬਤ ਨਹੀਂ ਹੋਏ। ਅਪ੍ਰੈਲ ਦੌਰਾਨ 29 ਹਜ਼ਾਰ ਨੌਕਰੀਆਂ ਪੈਦਾ ਹੋਈਆਂ ਪਰ 46,700 ਦਾ ਖ਼ਾਤਮਾ ਹੋ ਗਿਆ। ਕੁੱਲ ਮਿਲਾ ਕੇ ਨਵੇਂ ਸਾਲ ਵਿਚ ਰੁਜ਼ਗਾਰ ਦੇ 1 ਲੱਖ 12 ਹਜ਼ਾਰ ਮੌਕੇ ਖ਼ਤਮ ਹੋ ਚੁੱਕੇ ਹਨ।




ਦੂਜੇ ਪਾਸੇ ਸਟੈਟਸਕੈਨ ਦੇ ਅੰਕੜਿਆਂ ਮੁਤਾਬਕ 2026 ਦੇ ਪਹਿਲੇ ਚਾਰ ਮਹੀਨੇ ਦੌਰਾਨ ਇਕ ਲੱਖ 11 ਹਜ਼ਾਰ ਨੌਕਰੀਆਂ ਖ਼ਤਮ ਹੋਈਆਂ ਪਰ ਪ੍ਰਤੀ ਘੰਟਾ ਉਜਰਤ ਦਰ ’ਚ ਪਿਛਲੇ ਸਾਲ ਦੇ ਮੁਕਾਬਲੇ 4.8 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਸਟੈਟਸਕੈਨ ਨੇ ਦੱਸਿਆ ਕਿ ਮਾਰਚ ਦੌਰਾਨ ਕੈਨੇਡਾ ਦੇ ਕੰਮਕਾਜੀ ਲੋਕਾਂ ਦੀ ਵਸੋਂ ਵਿਚੋਂ 64.9 ਫ਼ੀਸਦੀ ਲੋਕ ਰੁਜ਼ਗਾਰ ’ਤੇ ਲੱਗੇ ਹੋਏ ਸਨ ਅਤੇ ਅਪ੍ਰੈਲ ਦੌਰਾਨ ਅੰਕੜਾ ਮਾਮੂਲੀ ਵਾਧੇ ਨਾਲ 65 ਫ਼ੀਸਦੀ ਹੋ ਗਿਆ। 15 ਸਾਲ ਤੋਂ 24 ਸਾਲ ਉਮਰ ਵਰਗ ਵਿਚ ਬੇਰੁਜ਼ਗਾਰੀ ਦਰ ਵਧ ਕੇ 14.3 ਫ਼ੀਸਦੀ ਹੋਣ ਦੀ ਰਿਪੋਰਟ ਹੈ। ਨੌਕਰੀਆਂ ਖ਼ਤਮ ਹੋਣ ਦੇ ਮਾਮਲੇ ’ਚ ਨਿਰਮਾਣ ਖੇਤਰ ਸਭ ਤੋਂ ਅੱਗੇ ਹੈ, ਜਿਥੇ ਅਪ੍ਰੈਲ ਦੌਰਾਨ 26,800 ਦੀ ਕਮੀ ਆਈ, ਜਦਕਿ ਸਰਵਿਸਿਜ਼ ਸੈਕਟਰ ’ਚ 9 ਹਜ਼ਾਰ ਤੋਂ ਵੱਧ ਨੌਕਰੀਆਂ ਦਾ ਫਾਇਦਾ ਹੋਇਆ।

ਆਰਥਿਕ ਮਾਹਰਾਂ ਵੱਲੋਂ 15 ਹਜ਼ਾਰ ਨੌਕਰੀਆਂ ਪੈਦਾ ਹੋਣ ਅਤੇ ਬੇਰੁਜ਼ਗਾਰੀ ਦਰ 6.7 ਫ਼ੀਸਦੀ ਰਹਿਣ ਦੇ ਕਿਆਸੇ ਲਾਏ ਜਾ ਰਹੇ ਸਨ ਪਰ ਅਸਲ ਅੰਕੜੇ ਬਿਲਕੁਲ ਉਲਟ ਸਾਬਤ ਹੋਏ।

ਉਧਰ, ਅਮਰੀਕਾ ਵਿਚ ਅਪ੍ਰੈਲ ਦੌਰਾਨ 1 ਲੱਖ 15 ਹਜ਼ਾਰ ਨਵੀਆਂ ਨੌਕਰੀਆਂ ਪੈਦਾ ਹੋਈਆਂ, ਜਦਕਿ ਆਰਥਿਕ ਮਾਹਰਾਂ ਨੇ ਸਿਰਫ਼ 65 ਹਜ਼ਾਰ ਨੌਕਰੀਆਂ ਪੈਦਾ ਹੋਣ ਦੀ ਪੇਸ਼ੀਨਗੋਈ ਕੀਤੀ ਸੀ। ਜੂਨ 2024 ਤੋਂ ਬਾਅਦ ਬੇਰੁਜ਼ਗਾਰੀ ਦਰ 4 ਫ਼ੀਸਦੀ ਤੋਂ ਉਤੇ ਚੱਲ ਰਹੀ ਹੈ, ਜੋ ਅਪ੍ਰੈਲ ਦੌਰਾਨ 4.3 ਫ਼ੀ ਸਦੀ ਦਰਜ ਕੀਤੀ ਗਈ। ਕਿਰਤ ਵਿਭਾਗ ਦੇ ਅੰਕੜਿਆਂ ਮੁਤਬਕ ਹੈਲਥ ਕੇਅਰ ਸੈਕਟਰ ’ਚ 37 ਹਜ਼ਾਰ ਅਤੇ ਟਰਾਂਸਪੋਰਟੇਸ਼ਨ ਤੇ ਵੇਅਰਹਾਊਸਿੰਗ ਖੇਤਰਾਂ ਵਿਚ 30 ਹਜ਼ਾਰ ਨਵੀਆਂ ਨੌਕਰੀਆਂ ਪੈਦਾ ਹੋਈਆਂ। ਕਿਰਤ ਵਿਭਾਗ ਨੇ ਮਾਰਚ ਦੇ ਸੋਧੇ ਹੋਏ ਅੰਕੜੇ ਵੀ ਪੇਸ਼ ਕੀਤੇ, ਜਿਨ੍ਹਾਂ ਮੁਤਾਬਕ ਅਮਰੀਕਾ ਵਿਚ ਰੁਜ਼ਗਾਰ ਦੇ 1 ਲੱਖ 85 ਹਜ਼ਾਰ ਨਵੇਂ ਮੌਕੇ ਪੈਦਾ ਹੋਏ।

# ਓਨਟਾਰੀਓ ’ਚ 92 ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਦੀ ਸੰਭਾਵਨਾ

ਓਨਟਾਰੀਓ, (ਪੰਜਾਬ ਮੇਲ)- ਸਟੈਟਿਸਟਿਕਸ ਕੈਨੇਡਾ ਦੀ ਨਵੀਂ ਰਿਪੋਰਟ ਅਨੁਸਾਰ, ਓਨਟਾਰੀਓ ਵਿਚ 2025-26 ਅਕਾਦਮਿਕ ਸਾਲ ਦੌਰਾਨ ਲਗਭਗ 92,000 ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਦੀ ਸੰਭਾਵਨਾ ਹੈ, ਜੋ ਕਿ ਕੁੱਲ ਵਿਦਿਆਰਥੀਆਂ ਦਾ ਇਕ ਤਿਹਾਈ ਤੋਂ ਵੱਧ ਹਿੱਸਾ ਬਣਦੀ ਹੈ। ਇਹ ਕਮੀ ਫ਼ੈਡਰਲ ਸਰਕਾਰ ਵਲੋਂ ਜਨਵਰੀ 2024 ਵਿਚ ਲਾਗੂ ਕੀਤੇ ਗਏ ‘ਸਟੂਡੈਂਟ ਪਰਮਿਟ ਕੈਪ’ ਕਾਰਨ ਆ ਰਹੀ ਹੈ। ਇਸ ਬਾਰੇ ਮੀਡੀਆ ਨਾਲ ਗੱਲਬਾਤ ’ਚ ਟੋਰਾਂਟੋ ਯੂਨੀਵਰਸਿਟੀ ਦੇ ਪੀ.ਐੱਚ.ਡੀ. ਵਿਦਿਆਰਥੀ ਅਮੀਰ ਮੁਕੱਦਮ ਨੇ ਕਿਹਾ, “ਅਸੀਂ ਕੈਨੇਡਾ ਇਸ ਲਈ ਆਏ ਸੀ ਕਿਉਂਕਿ ਇੱਥੇ ਸਵਾਗਤੀ ਮਾਹੌਲ ਸੀ, ਪਰ ਹੁਣ ਸਰਕਾਰ ਦੀ ਭਾਸ਼ਾ ਅਤੇ ਨੀਤੀਆਂ ਵੇਖ ਕੇ ਉਹ ਮਾਹੌਲ ਨਹੀਂ ਰਿਹਾ।” ਉਨ੍ਹਾਂ ਨੇ ਇਹ ਵੀ ਕਿਹਾ ਕਿ ਵਧ ਰਹੀ ਮਹਿੰਗਾਈ ਅਤੇ ਘੱਟ ਫੰਡਿੰਗ ਪਹਿਲਾਂ ਹੀ ਸਮੱਸਿਆ ਸੀ, ਪਰ ਹੁਣ ਵਿਦਿਆਰਥੀਆਂ ਨੂੰ ਹੀ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਜੌਰਜ ਬ੍ਰਾਊਨ ਪੌਲੀਟੈਕਨਿਕ ਦੇ ਪ੍ਰੋਫੈਸਰ ਜੈਫ਼ ਬ੍ਰਾਊਨ ਨੇ ਕਿਹਾ, “ਜੇਕਰ ਸਿਸਟਮ ਪਹਿਲਾਂ ਤੋਂ ਹੀ ਫੰਡਾਂ ਦੀ ਕਮੀ ਨਾਲ ਜੂਝ ਨਾ ਰਿਹਾ ਹੁੰਦਾ, ਤਾਂ ਇਸ ਕੈਪ ਦਾ ਇੰਨਾ ਵੱਡਾ ਅਸਰ ਨਾ ਹੁੰਦਾ।” ਉਧਰ ਓਨਟਾਰੀਓ ਸਰਕਾਰ ਦੀ ਬੁਲਾਰਨ ਬਿਆਂਕਾ ਜਿਆਕੋਬੋਨੀ ਨੇ ਦਾਅਵਾ ਕੀਤਾ ਕਿ ਪਰਮਿਟ ਕੈਪ ਦੇ ਬਾਵਜੂਦ ਸੂਬਾ ਸਰਕਾਰ ਨੇ ਪੋਸਟ-ਸੈਕੰਡਰੀ ਸਿੱਖਿਆ ਲਈ ਇਤਿਹਾਸਕ ਨਿਵੇਸ਼ ਕੀਤਾ ਹੈ ਅਤੇ 6.4 ਅਰਬ ਡਾਲਰ ਦੀ ਵਾਧੂ ਰਕਮ ਦਿਤੀ ਜਾ ਰਹੀ ਹੈ।



ਯੂਨੀਵਰਸਿਟੀ ਫੈਕਲਟੀ ਐਸੋਸੀਏਸ਼ਨਜ਼ ਦੇ ਪ੍ਰੈਜ਼ੀਡੈਂਟ ਰੌਬ ਕ੍ਰਿਸਟੋਫ਼ਰਸਨ ਨੇ ਚੇਤਾਵਨੀ ਦਿਤੀ ਕਿ ਓਨਟਾਰੀਓ ਦੀ ਅੰਤਰਰਾਸ਼ਟਰੀ ਸਿੱਖਿਆ ਦਾ ਅਕਸ ਵਿਸ਼ਵ ਪੱਧਰ ’ਤੇ ਨੁਕਸਾਨ ਝੱਲ ਰਿਹਾ ਹੈ ਅਤੇ ਸਰਕਾਰ ਨੂੰ ਮਜ਼ਬੂਤ ਫੰਡਿੰਗ ਨਾਲ ਸਿਸਟਮ ਨੂੰ ਦੁਬਾਰਾ ਖੜ੍ਹਾ ਕਰਨਾ ਪਵੇਗਾ। ਇਹ ਰਿਪੋਰਟ ਸੂਬੇ ਦੇ ਸਿੱਖਿਆ ਖੇਤਰ ਲਈ ਵੱਡੀ ਚੁਣੌਤੀ ਵਜੋਂ ਸਾਹਮਣੇ ਆਈ ਹੈ।



# ਇਜ਼ਰਾਈਲ-ਲੇਬਨਾਨ ਜੰਗ: ਭਿਆਨਕ ਹਮਲਿਆਂ 'ਚ ਘੱਟੋ-ਘੱਟ 39 ਲੋਕ ਦੀ ਮੌਤ

**ਲਿਬਨਾਨ, (ਪੰਜਾਬ ਮੇਲ)-** ਇਜ਼ਰਾਈਲ ਅਤੇ ਲੇਬਨਾਨ ਵਿਚਾਲੇ ਚੱਲ ਰਹੀ ਜੰਗ ਰੁਕਣ ਦਾ ਨਾਮ ਨਹੀਂ ਲੈ ਰਹੀ। ਲੇਬਨਾਨ ਦੇ ਸਿਹਤ ਮੰਤਰਾਲੇ ਅਨੁਸਾਰ ਇਜ਼ਰਾਈਲ ਵੱਲੋਂ ਕੀਤੇ ਗਏ ਤਾਜ਼ਾ ਭਿਆਨਕ ਹਮਲਿਆਂ ਵਿਚ ਘੱਟੋ-ਘੱਟ 39 ਲੋਕ ਮਾਰੇ ਗਏ ਹਨ। ਸਭ ਤੋਂ ਭਿਆਨਕ ਹਮਲਾ ਦੱਖਣੀ ਸ਼ਹਿਰ ਸਕਸਾਕੀਆ ਵਿਚ ਹੋਇਆ, ਜਿੱਥੇ ਇੱਕ ਮਾਸੂਮ ਬੱਚੀ ਸਮੇਤ 7 ਲੋਕਾਂ ਦੀ ਮੌਤ ਹੋ ਗਈ।

ਲੇਬਨਾਨ ਦੀ ਸਰਕਾਰੀ ਸਮਾਚਾਰ ਏਜੰਸੀ (ਐੱਨ.ਐੱਨ.ਏ.) ਅਨੁਸਾਰ ਇਜ਼ਰਾਈਲੀ ਫੌਜ (ਆਈ.ਡੀ.ਐੱਫ.) ਨੇ ਦੱਖਣੀ ਲੇਬਨਾਨ ਦੇ ਕਈ ਇਲਾਕਿਆਂ ਵਿਚ ਹਵਾਈ ਹਮਲੇ ਕੀਤੇ। ਸਕਸਾਕੀਆ ਵਿਚ ਹੋਏ ਹਮਲੇ ਵਿਚ 7 ਲੋਕਾਂ ਦੀ ਮੌਤ ਤੋਂ ਇਲਾਵਾ 15 ਹੋਰ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿਚ ਤਿੰਨ ਬੱਚੇ ਵੀ ਸ਼ਾਮਲ ਹਨ। ਦੂਜੇ ਪਾਸੇ ਇਜ਼ਰਾਈਲੀ ਫੌਜ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਅੱਤਵਾਦੀ

**■ ਬੀਤੇ ਹਫ਼ਤੇ ਹੀ ਲੇਬਨਾਨ 'ਚ ਔਰਤਾਂ ਅਤੇ ਬੱਚਿਆਂ ਸਮੇਤ 120 ਤੋਂ ਵੱਧ ਲੋਕਾਂ ਦੀ ਗਈ ਸੀ ਜਾਨ**



ਸਮੂਹ ਹਿਜ਼ਬੁੱਲਾ ਵੱਲੋਂ ਫੌਜੀ ਉਦੇਸ਼ਾਂ ਲਈ ਵਰਤੀ ਜਾ ਰਹੀ ਇੱਕ ਇਮਾਰਤ ਨੂੰ ਨਿਸ਼ਾਨਾ ਬਣਾਇਆ ਸੀ। ਫੌਜ ਅਨੁਸਾਰ ਹਮਲੇ ਤੋਂ ਪਹਿਲਾਂ ਨਾਗਰਿਕਾਂ ਦੇ ਨੁਕਸਾਨ ਨੂੰ ਘਟਾਉਣ ਲਈ ਕਦਮ ਚੁੱਕੇ ਗਏ ਸਨ, ਪਰ ਉਹ ਨਿਰਦੋਸ਼ ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਤੋਂ ਜਾਣੂ ਹਨ

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 16 ਅਪ੍ਰੈਲ ਨੂੰ ਇਜ਼ਰਾਈਲ ਅਤੇ ਲੇਬਨਾਨ ਵਿਚਕਾਰ ਜੰਗਬੰਦੀ ਦਾ ਐਲਾਨ ਕੀਤਾ ਸੀ, ਪਰ ਦੋਵਾਂ ਪਾਸਿਆਂ ਤੋਂ ਗੋਲੀਬਾਰੀ ਲਗਾਤਾਰ ਜਾਰੀ ਹੈ। ਪਿਛਲੇ ਇੱਕ ਹਫ਼ਤੇ ਵਿਚ ਹੀ ਇਜ਼ਰਾਈਲੀ ਹਮਲਿਆਂ ਕਾਰਨ ਲੇਬਨਾਨ ਵਿਚ ਔਰਤਾਂ ਅਤੇ ਬੱਚਿਆਂ ਸਮੇਤ 120 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਜ਼ਰਾਈਲ ਵੱਲੋਂ ਪੂਰੇ ਦੇ ਪੂਰੇ ਪਿੰਡਾਂ ਨੂੰ ਤਬਾਹ ਕਰਨਾ 'ਯੁੱਧ ਅਪਰਾਧ' ਦੀ ਸ਼੍ਰੇਣੀ ਵਿਚ ਆ ਸਕਦਾ ਹੈ।

ਇਜ਼ਰਾਈਲੀ ਹਵਾਈ ਹਮਲਿਆਂ ਦੇ ਜਵਾਬ ਵਿਚ ਹਿਜ਼ਬੁੱਲਾ ਨੇ ਵੀ ਉੱਤਰੀ ਇਜ਼ਰਾਈਲ 'ਤੇ ਰਾਕੇਟਾਂ ਅਤੇ ਡਰੋਨਾਂ ਨਾਲ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ ਵਿਚ ਇਜ਼ਰਾਈਲ ਦੇ ਤਿੰਨ ਰਿਜ਼ਰਵ ਸੈਨਿਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿਚੋਂ ਇੱਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

# ਰੂਸ ਇਰਾਨ ਦਾ ਇਨਰਿਚਡ ਯੂਰੇਨੀਅਮ ਸਾਂਭਣ ਲਈ ਤਿਆਰ !

**ਮਾਸਕੋ, (ਪੰਜਾਬ ਮੇਲ)-** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਹੈ ਕਿ ਮਾਸਕੋ ਇਰਾਨ ਦੇ ਇਨਰਿਚਡ ਯੂਰੇਨੀਅਮ ਭੰਡਾਰ ਨੂੰ ਆਪਣੇ ਇੱਥੇ ਲਿਆਉਣ ਅਤੇ ਸੁਰੱਖਿਅਤ ਰੱਖਣ ਲਈ ਤਿਆਰ ਹੈ। ਮਾਸਕੋ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਪੁਤਿਨ ਨੇ ਕਿਹਾ ਕਿ ਰੂਸ ਨੇ 2015 ਵਿਚ ਵੀ ਇਰਾਨ ਤੋਂ ਇਨਰਿਚਡ ਯੂਰੇਨੀਅਮ ਬਾਹਰ ਕੱਢਿਆ ਸੀ ਅਤੇ ਹੁਣ ਉਸ ਤਜ਼ਰਬੇ ਨੂੰ ਦੁਹਰਾਉਣ ਲਈ ਤਿਆਰ ਹੈ।

ਉਨ੍ਹਾਂ ਦੇ ਮੁਤਾਬਕ ਜੰਗ ਨਾਲ ਜੁੜੀਆਂ ਸਾਰੀਆਂ ਧਿਰਾਂ ਇਸ ਗੱਲ 'ਤੇ ਸਹਿਮਤ ਸਨ ਕਿ ਯੂਰੇਨੀਅਮ ਨੂੰ ਇਰਾਨ ਤੋਂ ਬਾਹਰ ਭੇਜਿਆ ਜਾਵੇ ਪਰ ਬਾਅਦ ਵਿਚ ਅਮਰੀਕਾ ਨੇ ਆਪਣਾ ਰੁਖ਼ ਸਖ਼ਤ ਕਰ ਲਿਆ ਅਤੇ ਮੰਗ ਕੀਤੀ ਕਿ ਯੂਰੇਨੀਅਮ ਸਿਰਫ਼ ਅਮਰੀਕੀ ਖੇਤਰ ਵਿਚ ਹੀ ਭੇਜਿਆ ਜਾਵੇ। ਇਸ ਤੋਂ ਬਾਅਦ ਇਰਾਨ ਨੇ ਵੀ ਆਪਣਾ ਰੁਖ਼ ਸਖ਼ਤ ਕਰ ਲਿਆ।

# ਇਜ਼ਰਾਈਲ 'ਚ ਨੇਤਨਯਾਹੂ ਪ੍ਰਸ਼ਾਸਨ ਖਿਲਾਫ਼ ਲੋਕਾਂ ਵੱਲੋਂ ਪ੍ਰਦਰਸ਼ਨ !

**ਤੇਲ ਅਵੀਵ, (ਪੰਜਾਬ ਮੇਲ)-** ਇਜ਼ਰਾਈਲ ਵਿਚ ਸ਼ਨੀਵਾਰ ਰਾਤ ਦਰਜਨਾਂ ਇਜ਼ਰਾਈਲੀ ਨਾਗਰਿਕਾਂ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ ਅਤੇ ਦੱਖਣੀ ਲਿਬਨਾਨ 'ਤੇ ਜਾਰੀ ਹਮਲਿਆਂ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਇਰਾਨ ਅਤੇ ਲਿਬਨਾਨ ਦੇ ਨਾਲ ਜਾਰੀ ਜੰਗ ਦੇ ਵਿਚਾਲੇ ਇਸ ਸਾਲ ਇਜ਼ਰਾਈਲ ਵਿਚ ਆਮ ਚੋਣਾਂ ਹੋਣ ਦੀ ਉਮੀਦ ਹੈ। ਦੇਸ਼ ਦੇ ਅੰਦਰ ਵੀ ਤਣਾਅ ਵਧਿਆ ਹੋਇਆ ਹੈ। ਖ਼ਾਸਕਰ ਆਰਥੋਡਾਕਸ ਯਹੂਦੀ ਭਾਈਚਾਰੇ ਦੇ ਕੁਝ ਲੋਕ ਫੌਜ ਵਿਚ ਭਰਤੀ ਹੋਣ ਤੋਂ ਇਨਕਾਰ ਕਰ ਰਹੇ ਹਨ, ਜਿਸ ਨੂੰ ਲੈ ਕੇ ਵਿਵਾਦ ਬਣਿਆ ਹੋਇਆ ਹੈ।

83 ਸਾਲਾਂ ਦੇ ਸੇਵਾਮੁਕਤ ਨਾਗਰਿਕ ਡੇਵਿਡ ਅਲਕਨ ਨੇ ਕਿਹਾ, "ਮੈਂ ਇੱਥੇ ਸਰਕਾਰ ਦੇ ਖ਼ਿਲਾਫ਼ ਪ੍ਰਦਰਸ਼ਨ ਕਰਨ ਆਇਆ ਹਾਂ ਕਿਉਂਕਿ ਇਹ ਸਰਕਾਰ ਇਕ



ਆਫ਼ਤ ਬਣ ਚੁੱਕੀ ਹੈ। ਸਰਕਾਰ ਪੂਰੀ ਤਰ੍ਹਾਂ ਗਲਤ ਦਿਸ਼ਾ ਵੱਲ ਜਾ ਰਹੀ ਹੈ। ਉਹ ਲੋਕਾਂ ਨੂੰ ਝੂਠ ਅਤੇ ਫਰਜ਼ੀ ਖ਼ਬਰਾਂ ਪਰੋਸ ਰਹੀ ਹੈ, ਜਿਸ ਦਾ ਅਸੀਂ ਵਿਰੋਧ ਕਰਦੇ ਹਾਂ।" ਪ੍ਰਦਰਸ਼ਨ ਵਿਚ ਕੁਝ ਲੋਕ 'ਸਟਾਪ ਦਿ ਜੈਨੋਸਾਈਡ' ਵਰਗੇ ਪੋਸਟਰ ਲਈ ਨਜ਼ਰ ਆਏ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕਿਮ ਜੋਂਗ ਵੱਲੋਂ ਸੰਵਿਧਾਨ 'ਚ ਬੇਹੱਦ ਡਰਾਉਣੀ ਸੋਧ ! ਪੂਰੀ ਦੁਨੀਆਂ 'ਚ ਚਿੰਤਾ

**ਸਿਓਲ, (ਪੰਜਾਬ ਮੇਲ)-** ਉੱਤਰੀ ਕੋਰੀਆ ਨੇ ਆਪਣੇ ਸੰਵਿਧਾਨ ਵਿਚ ਇੱਕ ਬੇਹੱਦ ਡਰਾਉਣੀ ਸੋਧ ਕੀਤੀ ਹੈ, ਜਿਸ ਮਗਰੋਂ ਪੂਰੀ ਦੁਨੀਆਂ ਹੀ ਚਿੰਤਾ 'ਚ ਪੈ ਗਈ ਹੈ। ਨਵੀਂ ਨੀਤੀ ਅਨੁਸਾਰ, ਜੇਕਰ ਕਿਸੇ ਵਿਦੇਸ਼ੀ ਹਮਲੇ ਵਿਚ ਉੱਤਰੀ ਕੋਰੀਆ ਦੇ ਸੁਪਰੀਮ ਲੀਡਰ ਕਿਮ ਜੋਂਗ ਉਨ ਮਾਰੇ ਜਾਂਦੇ ਹਨ ਜਾਂ ਉਹ ਫੌਜ ਦੀ ਕਮਾਂਡ ਸੰਭਾਲਣ ਦੇ ਯੋਗ ਨਹੀਂ ਰਹਿੰਦੇ, ਤਾਂ ਦੇਸ਼ ਦਾ ਪਰਮਾਣੂ ਸਿਸਟਮ ਆਪਣੇ-ਆਪ ਦੁਸ਼ਮਣ 'ਤੇ ਹਮਲਾ ਕਰ ਦੇਵੇਗਾ।

ਦੱਖਣੀ ਕੋਰੀਆ ਦੀ ਖ਼ੁਫ਼ੀਆ ਏਜੰਸੀ (ਐੱਨ.ਆਈ.ਐੱਸ.) ਨੇ ਸਰਕਾਰੀ ਅਧਿਕਾਰੀਆਂ ਨੂੰ ਦਿੱਤੀ ਰਿਪੋਰਟ 'ਚ ਦੱਸਿਆ ਹੈ ਕਿ ਉੱਤਰੀ ਕੋਰੀਆ ਨੇ ਆਪਣੇ ਪਰਮਾਣੂ ਨੀਤੀ ਕਾਨੂੰਨ ਦੀ ਧਾਰਾ 3 ਵਿਚ ਬਦਲਾਅ ਕੀਤਾ ਹੈ। ਜੇਕਰ ਦੇਸ਼ ਦਾ ਕਮਾਂਡ-ਐਂਡ-ਕੰਟਰੋਲ ਸਿਸਟਮ (ਕਿਮ ਜੋਂਗ ਉਨ) ਖ਼ਤਰੇ ਵਿਚ ਆਉਂਦਾ ਹੈ, ਤਾਂ ਪਰਮਾਣੂ ਹਮਲਾ ਤੁਰੰਤ ਅਤੇ ਆਪਣੇ-ਆਪ ਲਾਂਚ ਹੋ ਜਾਵੇਗਾ। ਇਸ ਦਾ ਮਤਲਬ ਹੈ ਕਿ ਜੇਕਰ ਕੋਈ ਦੇਸ਼ ਕਿਮ ਜੋਂਗ ਉਨ ਨੂੰ ਮਾਰ ਕੇ ਉੱਤਰੀ ਕੋਰੀਆ ਨੂੰ ਹਰਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਵੀ ਉਸ

**■ ਪਰਮਾਣੂ ਹਮਲੇ ਨੂੰ ਲੈ ਕੇ ਕੀਤਾ ਵੱਡਾ ਐਲਾਨ**



ਦੇਸ਼ ਦਾ ਬਚਣਾ ਮੁਸ਼ਕਿਲ ਹੋਵੇਗਾ। ਇਸ ਪ੍ਰਣਾਲੀ ਨੂੰ ਰੂਸ ਦੇ ਕੋਲਡ ਵਾਰ ਦੇ 'ਡੈੱਡ ਹੈਂਡ' ਸਿਸਟਮ ਵਰਗਾ ਮੰਨਿਆ ਜਾ ਰਿਹਾ ਹੈ।

ਮਾਹਿਰਾਂ ਅਨੁਸਾਰ ਉੱਤਰੀ ਕੋਰੀਆ ਦੇ ਇਸ ਫੈਸਲੇ ਪਿੱਛੇ ਮਾਰਚ 2026 ਵਿਚ ਇਰਾਨ 'ਤੇ ਹੋਏ ਅਮਰੀਕੀ-ਇਜ਼ਰਾਈਲੀ ਹਮਲੇ 'ਚ ਸੁਪਰੀਮ ਲੀਡਰ ਦੀ ਮੌਤ ਵੱਡਾ ਕਾਰਨ ਹੋ ਸਕਦੀ ਹੈ। ਮਾਰਚ ਵਿਚ ਅਮਰੀਕਾ ਅਤੇ ਇਜ਼ਰਾਈਲ ਦੇ ਸਾਂਝੇ ਹਮਲੇ ਵਿਚ ਇਰਾਨ ਦੇ ਸੁਪਰੀਮ ਲੀਡਰ ਅਲੀ ਖ਼ਾਮੇਨੇਈ ਸਣੇ ਕਈ ਸੀਨੀਅਰ ਅਧਿਕਾਰੀ ਮਾਰੇ ਗਏ ਸਨ। ਦੱਸਿਆ ਜਾ ਰਿਹਾ ਹੈ ਕਿ ਇਸ ਹਮਲੇ ਨੇ ਕਿਮ ਜੋਂਗ ਉਨ ਨੂੰ ਬੁਰੀ ਤਰ੍ਹਾਂ ਡਰਾ ਦਿੱਤਾ। ਉਨ੍ਹਾਂ ਨੂੰ ਲੱਗਦਾ ਹੈ ਕਿ ਅਮਰੀਕਾ ਅਜਿਹੀ ਹੀ ਕਾਰਵਾਈ ਉਨ੍ਹਾਂ ਖ਼ਿਲਾਫ਼ ਵੀ ਕਰ ਸਕਦਾ ਹੈ। ਰੱਖਿਆ ਮਾਹਿਰਾਂ ਅਨੁਸਾਰ, ਉੱਤਰੀ ਕੋਰੀਆ ਹੁਣ ਜਾਸੂਸਾਂ ਨਾਲੋਂ ਜ਼ਿਆਦਾ ਅਮਰੀਕੀ ਸੈਟੇਲਾਈਟ ਤਕਨੀਕ ਤੋਂ ਡਰ ਰਿਹਾ ਹੈ, ਜੋ ਕਿਮ ਜੋਂਗ ਉਨ ਦੀ ਹਰ ਹਰਕਤ 'ਤੇ ਨਜ਼ਰ ਰੱਖ ਸਕਦੀ ਹੈ। ਕਿਮ ਆਮ ਤੌਰ 'ਤੇ ਹਵਾਈ ਸਫ਼ਰ ਤੋਂ ਬਚਦੇ ਹਨ ਅਤੇ ਅੰਡਰਗ੍ਰਾਊਂਡ ਟ੍ਰੇਨ ਵਿਚ ਸਫ਼ਰ ਕਰਦੇ ਹਨ, ਪਰ ਹੁਣ ਉਨ੍ਹਾਂ ਨੇ ਆਪਣੀ ਸੁਰੱਖਿਆ ਨੂੰ ਕਾਨੂੰਨੀ ਤੌਰ 'ਤੇ 'ਪਰਮਾਣੂ ਗਾਰੰਟੀ' ਦੇ ਦਿੱਤੀ ਹੈ। ਇਸ ਦੇ ਨਾਲ ਹੀ ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਦੀ ਸਰਹੱਦ ਨੇੜੇ ਨਵੀਂ ਲੰਬੀ ਦੂਰੀ ਦਾ ਟੈਂਕ ਸਿਸਟਮ ਤਾਇਨਾਤ ਕਰਨ ਦਾ ਵੀ ਐਲਾਨ ਕੀਤਾ ਹੈ, ਜਿਸ ਦੀ ਰੇਂਜ ਵਿਚ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਸਿੱਧੇ ਤੌਰ 'ਤੇ ਆ ਗਈ ਹੈ। ਕਿਮ ਜੋਂਗ ਪ੍ਰਸ਼ਾਸਨ ਦੇ ਇਸ ਮਗਰੋਂ ਇਕੱਲੇ ਦੱਖਣੀ ਕੋਰੀਆ ਹੀ ਨਹੀਂ, ਸਗੋਂ ਪੂਰੀ ਦੁਨੀਆ 'ਚ ਅਨੋਖੀ ਚਰਚਾ ਛਿੜ ਗਈ ਹੈ।

## ਸਫਾ 1 ਦਾ ਬਾਕੀ ICE ਦਾ ਦਾਅਵਾ: 10 ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀ...

ਇਹ ਖੁਲਾਸੇ ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ 'ਤੇ ਚੱਲ ਰਹੀ ਚਰਚਾ ਨੂੰ ਹੋਰ ਤੇਜ਼ ਕਰ ਸਕਦੇ ਹਨ। ਕਈ ਰੂੜੀਵਾਦੀ ਨੇਤਾ ਪਹਿਲਾਂ ਤੋਂ ਹੀ ਓ.ਪੀ.ਟੀ. ਅਤੇ ਹੋਰ ਵਿਦਿਆਰਥੀ ਜਾਂ ਹਾਈ-ਸਕਿੱਲਡ ਵਰਕਰ ਪ੍ਰੋਗਰਾਮਾਂ ਦੀ ਆਲੋਚਨਾ ਕਰਦੇ ਆ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਕੁਝ ਕੰਪਨੀਆਂ ਘੱਟ ਤਨਖਾਹ 'ਤੇ ਵਿਦੇਸ਼ੀ ਕਰਮਚਾਰੀ ਰੱਖ ਕੇ ਅਮਰੀਕੀ ਗ੍ਰੈਜੂਏਟਾਂ ਨੂੰ ਨੌਕਰੀਆਂ ਤੋਂ ਵੰਚਿਤ ਕਰਦੀਆਂ ਹਨ।

ਡੋਨਾਲਡ ਟਰੰਪ ਪ੍ਰਸ਼ਾਸਨ ਪਹਿਲਾਂ ਹੀ ਵਿਦੇਸ਼ੀ ਵਿਦਿਆਰਥੀ ਵੀਜ਼ਿਆਂ ਅਤੇ ਓ.ਪੀ.ਟੀ. ਪ੍ਰੋਗਰਾਮ 'ਤੇ ਸਖ਼ਤੀ ਵਧਾ ਚੁੱਕਾ ਹੈ। 2025 'ਚ ਕਈ ਵਿਦਿਆਰਥੀਆਂ ਨੇ ਅਦਾਲਤਾਂ ਦਾ ਰੁਖ ਕੀਤਾ ਸੀ, ਇਹ ਦੋਸ਼ ਲਗਾਉਂਦੇ ਹੋਏ ਕਿ ਉਨ੍ਹਾਂ ਦੀ ਵਿਦਿਆਰਥੀ ਸਥਿਤੀ ਗਲਤ ਤਰੀਕੇ ਨਾਲ ਖਤਮ ਕੀਤੀ ਗਈ। ਇਸ ਤੋਂ ਇਲਾਵਾ, USCIS ਮੁਖੀ ਜੋਸਫ਼ ਐਡਲੋ ਨੇ 2025 'ਚ ਕਾਨੂੰਨਸਾਜ਼ਾਂ ਨੂੰ ਕਿਹਾ ਸੀ ਕਿ ਉਹ ਓ.ਪੀ.ਟੀ. ਪ੍ਰੋਗਰਾਮ ਨੂੰ ਖਤਮ ਕਰਨ ਵੱਲ ਕਦਮ ਚੁੱਕਣਗੇ, ਕਿਉਂਕਿ ਇਹ ਪ੍ਰੋਗਰਾਮ ਸੰਘੀ ਕਾਨੂੰਨ 'ਚ ਸਿੱਧੇ ਤੌਰ 'ਤੇ ਦਰਜ ਨਹੀਂ ਹੈ।

## ਸਫਾ 1 ਦਾ ਬਾਕੀ USCIS ਵੱਲੋਂ ਡਿਪੋਰਟੇਸ਼ਨ ਰੋਕਣ ਲਈ ਨਵੇਂ ਸਖ਼ਤ ਨਿਯਮ

ਨਵੇਂ ਮੈਮੋ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਇਮੀਗ੍ਰੇਸ਼ਨ ਸਿਸਟਮ ਦੀ ਸਾਫ਼-ਸੁਥਰੀ ਕਾਰਗੁਜ਼ਾਰੀ, ਰਾਸ਼ਟਰੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਨੂੰ ਬਰਕਰਾਰ ਰੱਖਣਾ ਸਰਕਾਰ ਦੀ ਪਹਿਲ ਹੈ ਅਤੇ ਇਹ ਵਿਅਕਤੀਗਤ ਦਿਲਚਸਪੀਆਂ ਤੋਂ ਵੱਧ ਮਹੱਤਵਪੂਰਨ ਹੈ। ਇਹ ਨਵੀਂ ਨੀਤੀ 8 ਮਈ 2026 ਤੋਂ ਬਾਅਦ ਦਾਇਰ ਹੋਈਆਂ ਅਤੇ ਮੌਜੂਦਾ ਲੰਬਿਤ ਸਾਰੀਆਂ ਅਰਜ਼ੀਆਂ 'ਤੇ ਲਾਗੂ ਹੋਵੇਗੀ। ਇਸ ਨਾਲ USCIS ਦੀਆਂ ਪੁਰਾਣੀਆਂ ਡੈਫਰਡ ਐਕਸ਼ਨ ਨੀਤੀਆਂ ਅਤੇ ਮੈਮੋ ਰੱਦ ਮੰਨੇ ਜਾਣਗੇ।

# ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਗ੍ਰੰਥੀਆਂ ਵੱਲੋਂ ਨਵੇਂ ਕਾਨੂੰਨ 'ਤੇ ਇਤਰਾਜ਼

**ਅੰਮ੍ਰਿਤਸਰ, (ਪੰਜਾਬ ਮੇਲ)-** ਅਕਾਲ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਜਥੇਬੰਦੀਆਂ ਤੋਂ ਬਾਅਦ ਹੁਣ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੇ ਗ੍ਰੰਥੀਆਂ ਨੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਨੂੰ ਗ੍ਰੰਥੀਆਂ, ਪਾਠੀ ਸਿੰਘਾਂ ਤੇ ਹੋਰਾਂ ਨੂੰ ਭੈਅਭੀਤ ਕਰਨ ਵਾਲਾ ਕਾਨੂੰਨ ਆਖਦਿਆਂ ਇਸ ਵਿਚ ਸੋਧ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਵੱਲੋਂ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਦੇ ਸਬੰਧ ਵਿਚ ਸਿੱਖ ਕੌਮ ਵੱਲੋਂ ਕੀਤੇ ਜਾ ਰਹੇ ਇਤਰਾਜ਼ਾਂ ਸਬੰਧੀ ਸੱਚਖੰਡ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਸਮੂਹ ਸਿੰਘ ਸਾਹਿਬਾਨ, ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਤੇ ਐਡੀਸ਼ਨਲ ਮੁੱਖ ਗ੍ਰੰਥੀ ਨੇ ਇਸ ਸਬੰਧ 'ਚ ਵਿਸ਼ੇਸ਼ ਮੀਟਿੰਗ ਕੀਤੀ।



*ਮੀਟਿੰਗ ਕਰਦੇ ਹੋਏ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੇ ਗ੍ਰੰਥੀ।*

ਮੀਟਿੰਗ 'ਚ ਨਵੇਂ ਕਾਨੂੰਨ ਬਾਰੇ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਮਗਰੋਂ ਸਮੂਹ ਸਿੰਘ ਸਾਹਿਬਾਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਹਰ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦਾ ਕਾਨੂੰਨ ਬਿਨਾਂ ਸ਼ੱਕ ਕੌਮ ਦੇ ਹੱਕ ਵਿਚ ਹੈ ਪਰ ਇਸ ਦੇ ਨਾਲ ਹੀ ਸਿੱਖ ਕੌਮ ਦੀਆਂ ਮਹਾਨ ਸੰਸਥਾਵਾਂ ਅਤੇ ਗ੍ਰੰਥੀਆਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤ ਨੂੰ ਬੇਅਦਬੀ ਦੇ ਅਪਰਾਧ ਤੋਂ ਇਲਾਵਾ ਮਰਿਆਦਾ ਸਬੰਧੀ ਮਾਮਲਿਆਂ 'ਚ ਕਾਨੂੰਨੀ ਦਾਇਰੇ 'ਚ ਲਿਆਉਣਾ ਅਤਿ ਇਤਰਾਜ਼ਯੋਗ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਇਸ ਸੰਜੀਦਾ ਮਸਲੇ 'ਤੇ ਵਿਚਾਰ ਕਰਨ ਦਾ ਸੁਝਾਅ ਦਿੰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਅਨੁਸਾਰ ਕਾਨੂੰਨ 'ਚ ਸੋਧਾਂ ਕਰਨੀਆਂ ਕੌਮ ਦੇ ਭਲੇ 'ਚ ਹੈ, ਜਿਸ 'ਤੇ ਸਰਕਾਰ ਨੂੰ ਅੜੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੇ ਪੂਰੀ ਕੌਮ ਦੇ ਗ੍ਰੰਥੀ ਸਿੰਘਾਂ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦੀ ਸੇਵਾਦਾਰ ਧਿਰ ਗ੍ਰੰਥੀ ਸਿੰਘ ਕੌਮ ਦੀ ਰੀੜ੍ਹ ਦੀ ਹੱਡੀ ਵਾਂਗ ਹਨ, ਜਿਨ੍ਹਾਂ ਨੂੰ ਕਿਸੇ ਵੀ ਕਾਨੂੰਨ ਨਾਲ ਭੈਅਤੀਤ ਨਹੀਂ ਕਰਨਾ ਚਾਹੀਦਾ, ਸਗੋਂ ਅਜਿਹਾ ਕਾਨੂੰਨ ਹੋਣਾ ਚਾਹੀਦਾ ਹੈ, ਜਿਸ ਨੂੰ ਪ੍ਰਚਾਰਨ ਅਤੇ ਪਾਲਣਾ ਲਈ ਗ੍ਰੰਥੀ ਸਿੰਘ ਇਸ ਦੀ ਪ੍ਰੋੜ੍ਹਤਾ ਕਰਨ। ਇਸ ਲਈ ਮੁੱਖ ਮੰਤਰੀ ਤੁਰੰਤ ਇਸ ਕਾਨੂੰਨ ਵਿਚੋਂ ਗ੍ਰੰਥੀ ਸ਼੍ਰੇਣੀ, ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤ ਵਿਰੁੱਧ ਜਾਂਦੀਆਂ ਮੱਦਾਂ ਖ਼ਤਮ ਕਰਨ ਦੀ ਪਹਿਲਕਦਮੀ ਕਰਨ।

## ਸਫਾ 1 ਦਾ ਬਾਕੀ ਕਰੂਜ਼ ਸ਼ਿਪ 'ਤੇ ਹੰਟਾਵਾਇਰਸ...

8 ਮਈ ਤੱਕ, ਲੱਛਣਾਂ ਵਾਲੇ ਅੱਠ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਤਿੰਨ ਮੌਤਾਂ ਸ਼ਾਮਲ ਹਨ। 6 ਮਾਮਲਿਆਂ ਵਿਚ ਲੈਬਾਰਟਰੀ ਟੈਸਟਾਂ ਰਾਹੀਂ 'ਐਂਡੀਜ਼ ਵਾਇਰਸ' (ANDV) ਹੰਟਾਵਾਇਰਸ ਇਨਫੈਕਸ਼ਨ ਦੀ ਪੁਸ਼ਟੀ ਹੋਈ ਹੈ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਹੰਟਾਵਾਇਰਸ ਇਨਫੈਕਸ਼ਨ ਦੇ ਸ਼ੁਰੂਆਤੀ ਲੱਛਣਾਂ ਵਿਚ ਸਿਰ ਦਰਦ, ਚੱਕਰ ਆਉਣੇ, ਠੰਢ ਲੱਗਣਾ, ਬੁਖਾਰ, ਮਾਸਪੇਸ਼ੀਆਂ ਵਿਚ ਦਰਦ, ਪੇਟ ਦੀਆਂ ਸਮੱਸਿਆਵਾਂ ਜਿਵੇਂ ਕਿ ਜੀਅ ਕੱਚਾ ਹੋਣਾ, ਉਲਟੀਆਂ, ਦਸਤ ਅਤੇ ਪੇਟ ਦਰਦ ਸ਼ਾਮਲ ਹਨ।

ਕਿਉਂਕਿ ਪਿਛਲੇ ਪ੍ਰਕੋਪਾਂ ਵਿਚ ਲੱਛਣ ਦਿਖਾਈ ਦੇਣ ਤੋਂ ਪਹਿਲਾਂ ਵਾਇਰਸ ਫੈਲਣ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ, ਇਸ ਲਈ ਡਬਲਯੂ.ਐੱਚ.ਓ. ਨੇ ਘੱਟ-ਜ਼ੋਖਮ ਵਾਲੇ ਸੰਪਰਕਾਂ ਲਈ ਵੀ ਸਵੈ-ਨਿਗਰਾਨੀ, ਡਾਕਟਰੀ ਜਾਂਚ ਅਤੇ ਲੱਛਣ ਹੋਣ 'ਤੇ ਮਾਸਕ ਪਹਿਨਣ ਦੀ ਸਲਾਹ ਦਿੱਤੀ ਹੈ। ਸੰਗਠਨ ਨੇ ਸਬੰਧਤ ਦੇਸ਼ਾਂ ਨੂੰ ਜਨਤਕ ਸਿਹਤ ਤਾਲਮੇਲ, ਸੰਪਰਕ ਟਰੇਸਿੰਗ ਅਤੇ ਪਾਰਦਰਸ਼ੀ ਸੰਚਾਰ ਜਾਰੀ ਰੱਖਣ ਦੀ ਅਪੀਲ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਸਫਾ 1 ਦਾ ਬਾਕੀ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ਼ ਕਾਰਵਾਈ...

ਉੱਧਰ, ਵ੍ਹਾਈਟ ਹਾਊਸ ਬਾਰਡਰ ਜ਼ਾਰ ਟੌਮ ਹੋਮਨ ਨੇ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਲੋਕਾਂ ਨੇ ਅਜੇ ICE ਦੀ ਅਸਲੀ ਕਾਰਵਾਈ ਨਹੀਂ ਵੇਖੀ। ਉਨ੍ਹਾਂ ਕਿਹਾ ਕਿ ਬਾਇਡਨ ਸਰਕਾਰ ਦੌਰਾਨ ਅਮਰੀਕਾ ਵਿਚ ਦਾਖ਼ਲ ਹੋਏ ਲੋਕਾਂ ਨੂੰ ਵੱਡੇ ਪੱਧਰ 'ਤੇ ਡਿਪੋਰਟ ਕੀਤਾ ਜਾਵੇਗਾ।

ਟਰੰਪ ਨੇ 2024 ਦੀ ਚੋਣ ਦੌਰਾਨ ਹਰ ਸਾਲ 10 ਲੱਖ ਲੋਕਾਂ ਨੂੰ ਡਿਪੋਰਟ ਕਰਨ ਦਾ ਵਾਅਦਾ ਕੀਤਾ ਸੀ। ਸਰਕਾਰੀ ਅੰਕੜਿਆਂ ਮੁਤਾਬਕ, ਜਨਵਰੀ 2025 ਤੋਂ ਅਪ੍ਰੈਲ 2026 ਤੱਕ 4.77 ਲੱਖ ਤੋਂ ਵੱਧ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਭੇਜਿਆ ਗਿਆ।

ਪਰ ਇਸ ਕਾਰਵਾਈ ਨੂੰ ਲੈ ਕੇ ਲੋਕਾਂ ਵਿਚ ਨਾਰਾਜ਼ਗੀ ਵੀ ਵਧ ਰਹੀ ਹੈ। ਇੱਕ ਸਰਵੇਖਣ ਮੁਤਾਬਕ, ਅਮਰੀਕਾ ਦੇ ਲਗਭਗ ਅੱਧੇ ਲੋਕਾਂ ਦਾ ਮੰਨਣਾ ਹੈ ਕਿ ICE ਦੀ ਕਾਰਵਾਈ ਬਹੁਤ ਜ਼ਿਆਦਾ ਸਖ਼ਤ ਹੋ ਚੁੱਕੀ ਹੈ।

ਰਿਪੋਰਟ ਵਿਚ ਇਹ ਵੀ ਸਾਹਮਣੇ ਆਇਆ ਕਿ ਅਪ੍ਰੈਲ 2026 ਤੱਕ ਇੰਮੀਗ੍ਰੇਸ਼ਨ ਡਿਟੈਨਸ਼ਨ ਵਿਚ ਬੰਦ 35 ਫ਼ੀਸਦੀ ਲੋਕਾਂ 'ਤੇ ਕੋਈ ਅਪਰਾਧਿਕ ਮਾਮਲਾ ਨਹੀਂ ਸੀ।

ਅਮਰੀਕੀ ਸਰਕਾਰ ਨੇ ਇੰਮੀਗ੍ਰੇਸ਼ਨ ਕਾਰਵਾਈ ਨੂੰ ਮਜ਼ਬੂਤ ਕਰਨ ਲਈ ਹੋਮਲੈਂਡ ਸਕਿਓਰਿਟੀ ਡਿਪਾਰਟਮੈਂਟ ਨੂੰ 170 ਬਿਲੀਅਨ ਡਾਲਰ ਤੋਂ ਵੱਧ ਦਾ ਫੰਡ ਦਿੱਤਾ ਹੈ। ਇਸ ਪੈਸੇ ਨਾਲ ਹਜ਼ਾਰਾਂ ਨਵੇਂ ICE ਅਤੇ ਬਾਰਡਰ ਪੈਟਰੋਲ ਅਧਿਕਾਰੀ ਭਰਤੀ ਕੀਤੇ ਜਾਣਗੇ।

ਡੀ.ਐੱਚ.ਐੱਸ. ਮੁਤਾਬਕ, ICE ਦੀ ਸਟਾਫ਼ ਗਿਣਤੀ ਪਹਿਲਾਂ ਹੀ 10 ਹਜ਼ਾਰ ਤੋਂ ਵੱਧ ਕੇ 22 ਹਜ਼ਾਰ ਹੋ ਚੁੱਕੀ ਹੈ। ਕਈ ਡੈਮੋਕ੍ਰੇਟ ਸ਼ਹਿਰਾਂ ਨੇ ਸਥਾਨਕ ਪੁਲਿਸ ਨੂੰ ICE ਨਾਲ ਸਹਿਯੋਗ ਕਰਨ ਤੋਂ ਸੀਮਤ ਕੀਤਾ ਹੋਇਆ ਹੈ। ਇਸ 'ਤੇ ਟਰੰਪ ਪ੍ਰਸ਼ਾਸਨ ਨੇ ਕਈ ਸ਼ਹਿਰਾਂ ਖ਼ਿਲਾਫ਼ ਕੇਸ ਵੀ ਕੀਤੇ ਹਨ।

ਨਿਊਯਾਰਕ ਦੀ ਗਵਰਨਰ ਕੈਥੀ ਹੁਚਲ ਨੇ ਕਿਹਾ ਕਿ ਟਰੰਪ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਬਿਨਾਂ ਮੰਗੇ ਨਿਊਯਾਰਕ 'ਚ ICE ਏਜੰਟਾਂ ਦੀ "ਭਾਰੀ ਤਾਇਨਾਤੀ" ਨਹੀਂ ਕੀਤੀ ਜਾਵੇਗੀ।

ਇਸਦੇ ਬਾਵਜੂਦ, ਹੋਮਲੈਂਡ ਸਕਿਓਰਿਟੀ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਸ਼ਹਿਰ ਸਹਿਯੋਗ ਨਹੀਂ ਕਰਨਗੇ, ਉਥੇ ICE ਦੀ ਮੌਜੂਦਗੀ ਹੋਰ ਵਧਾਈ ਜਾਵੇਗੀ।

# ਸਰੀ ਪੁਲਿਸ ਵੱਲੋਂ ਜਬਰੀ ਵਸੂਲੀ ’ਚ ਸ਼ਾਮਲ 7 ਪੰਜਾਬੀ ਨੌਜਵਾਨ ਡਿਪੋਰਟ

## 16.5 ਕਰੋੜ ਰੁਪਏ ਦੀ ਭੰਗ ਬਰਾਮਦ





*ਹਰਜੋਤ ਸਿੰਘ, ਦਯਾਜੀਤ ਬਿਲਿੰਗ, ਲਵਬੀਰ ਸਿੰਘ, ਹੰਸਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਤਰਨਵੀਰ ਸਿੰਘ, ਹਰਸ਼ਦੀਪ ਸਿੰਘ।*

**ਸਰੀ, (ਪੰਜਾਬ ਮੇਲ)-** ਕੈਨੇਡਾ ਦੀ ਸਰੀ ਪੁਲਿਸ ਸਰਵਿਸ ਨੇ ਕੁਝ ਦਿਨ ਪਹਿਲਾਂ ਹੀ ਜਬਰੀ ਵਸੂਲੀ ਅਤੇ ਹਥਿਆਰਾਂ ਨਾਲ ਸਬੰਧਤ ਹਿੰਸਾ ਦੇ ਮਾਮਲਿਆਂ ’ਚ ਸ਼ਾਮਲ ਭਾਰਤੀ ਮੂਲ ਦੇ 7 ਪੰਜਾਬੀ ਨੌਜਵਾਨਾਂ ਦੀ ਲਿਸਟ ਜਾਰੀ ਕੀਤੀ ਸੀ। ਹੁਣ ਜਾਣਕਾਰੀ ਮਿਲੀ ਹੈ ਕਿ ਇਨ੍ਹਾਂ 7 ਨੌਜਵਾਨਾਂ ਨੂੰ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਡਿਪੋਰਟ ਕਰ ਦਿੱਤਾ ਹੈ। ਪੁਲਿਸ ਵੱਲੋਂ ਜਾਰੀ ਕੀਤੀ ਗਈ ਲਿਸਟ ’ਚ ਹੰਸਪ੍ਰੀਤ ਸਿੰਘ, ਹਰਸ਼ਦੀਪ ਸਿੰਘ, ਹਰਜੋਤ ਸਿੰਘ, ਤਰਨਵੀਰ ਸਿੰਘ, ਲਵਬੀਰ ਸਿੰਘ, ਦਯਾਜੀਤ ਬਿਲਿੰਗ ਅਤੇ ਪ੍ਰਭਜੋਤ ਸਿੰਘ ਦੇ ਨਾਂ ਸ਼ਾਮਲ ਹਨ। ਰਿਪੋਰਟਾਂ ਮੁਤਾਬਕ ਇਨ੍ਹਾਂ ਵਿਚੋਂ 22 ਸਾਲਾ ਲਵਬੀਰ ਸਿੰਘ ਅਤੇ 20 ਸਾਲਾ ਪ੍ਰਭਜੋਤ ਸਿੰਘ ਨੂੰ ਪਹਿਲਾਂ ਹੀ ਕੈਨੇਡਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਹੈ, ਜਦਕਿ ਬਾਕੀਆਂ ਨੂੰ ਜਾਂਚ ਤੋਂ ਬਾਅਦ ਡਿਪੋਰਟ ਕੀਤਾ ਗਿਆ ਹੈ।

ਸਰੀ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ ਵਿਅਕਤੀਆਂ ਦੀਆਂ ਤਸਵੀਰਾਂ ਅਤੇ ਜਾਣਕਾਰੀ ਜਨਤਕ ਕਰਨਾ ਚੱਲ ਰਹੀ ਜਾਂਚ ਵਿਚ ਗਵਾਹਾਂ, ਪੀੜਤਾਂ ਜਾਂ ਹੋਰ ਸਹਿਯੋਗੀਆਂ ਦੀ ਪਛਾਣ ਕਰਨ ਲਈ ਜ਼ਰੂਰੀ ਸੀ। ਇਸੇ ਮਾਮਲੇ ਦੇ ਸਬੰਧ ਵਿਚ ਪੁਲਿਸ ਨੇ 27 ਸਾਲਾ ਜਸਕਰਨ ਸਰੋਏ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਉਸ ’ਤੇ ਰਿਹਾਇਸ਼ੀ ਇਲਾਕੇ ’ਚ ਗੋਲੀਬਾਰੀ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਹਨ ਅਤੇ ਉਹ ਇਸ ਵੇਲੇ ਕੈਨੇਡਾ ਪੁਲਿਸ ਦੀ ਹਿਰਾਸਤ ਵਿਚ ਹੈ। ਸਰੀ ਪੁਲਿਸ ਦੇ ਚੀਫ ਕਾਂਸਟੇਬਲ ਨੌਰਮ ਲਿਪਿੰਸਕੀ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਗੰਨ ਵਾਇਲੈਂਸ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਲਈ ਪੁਲਿਸ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਇਸ ਤੋਂ ਪਹਿਲਾਂ ਸਰੀ ਪੁਲਿਸ ਨੇ ਜਬਰਨ ਵਸੂਲੀ ਦੇ ਮਾਮਲਿਆਂ ’ਚ ਸ਼ਾਮਲ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਨੂੰ ਸਜ਼ਾ ਦਿਵਾਉਣ ਵਿਚ ਮਦਦ ਕਰਨ ਵਾਲੀ ਜਾਣਕਾਰੀ ਦੇਣ ਵਾਲੇ ਲਈ 250,000 ਕੈਨੇਡੀਅਨ ਡਾਲਰ ਦਾ ਇਨਾਮ ਰੱਖਿਆ ਸੀ। ਇਸ ਇਨਾਮ ਦਾ ਮੁੱਖ ਮਕਸਦ ਲੋਕਾਂ ਨੂੰ ਅਪਰਾਧਿਕ ਨੈੱਟਵਰਕਾਂ ਬਾਰੇ ਖ਼ੁਫ਼ੀਆ ਜਾਣਕਾਰੀ ਦੇਣ ਲਈ ਉਤਸ਼ਾਹਿਤ ਕਰਨਾ ਹੈ, ਤਾਂ ਜੋ ਇਨ੍ਹਾਂ ਗਿਰੋਹਾਂ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ।

# ਕੈਨੇਡਾ ’ਚ ਬਜ਼ੁਰਗ ਜੋੜੇ ਦੇ ਕਤਲ ਮਾਮਲੇ ’ਚ 3 ਪੰਜਾਬੀ ਨੌਜਵਾਨ ਦੋਸ਼ੀ ਕਰਾਰ

**ਐਬੋਟਸਫੋਰਡ, (ਪੰਜਾਬ ਮੇਲ)-** ਕੈਨੇਡਾ ਵਿਚ ਤਿੰਨ ਪੰਜਾਬੀ ਨੌਜਵਾਨਾਂ ਨੂੰ ਬਜ਼ੁਰਗ ਜੋੜੇ ਦੇ ਕਤਲ ਦਾ ਦੋਸ਼ੀ ਕਰਾਰ ਦਿਤਾ ਗਿਆ ਹੈ ਅਤੇ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਬੀ.ਸੀ ਦੀ ਸੁਪਰੀਮ ਕੋਰਟ ਨੇ ਗੁਰਕਰਨ ਸਿੰਘ, ਅਭਿਜੀਤ ਸਿੰਘ ਅਤੇ ਖ਼ੁਸ਼ਵੀਰ ਤੂਰ ਨੂੰ ਪਹਿਲੇ ਦਰਜੇ ਦੀ ਹੱਤਿਆ ਦਾ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਬਿਨਾਂ ਸ਼ੱਕ ਪੈਸੇ ਖਾਤਰ ਬਜ਼ੁਰਗ ਪਤੀ-ਪਤੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਹ ਦੋਹਰਾ ਕਤਲਕਾਂਡ ਬੀ.ਸੀ. ਦੇ ਐਬਸਫੋਰਡ ਸ਼ਹਿਰ ਵਿਚ 9 ਮਈ 2022 ਨੂੰ ਵਾਪਰਿਆ ਅਤੇ ਕਾਤਲਾਂ ਵਿਚੋਂ ਇਕ ਗੁਰਕਰਨ ਸਿੰਘ ਸਿਰਫ਼ 24 ਦਿਨ ਪਹਿਲਾਂ ਹੀ ਸਟੱਡੀ ਵੀਜ਼ਾ ’ਤੇ ਕੈਨੇਡਾ ਪੁੱਜਾ ਸੀ। ਜਸਟਿਸ ਬਰੈਂਡਾ ਬ੍ਰਾਊਨ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਹਰ ਸ਼ੱਕੀ ਆਪਣੀ ਮਰਜ਼ੀ ਅਤੇ ਮੁਕੰਮਲ ਜਾਣਕਾਰੀ ਨਾਲ ਦੋਹਰੇ ਕਤਲਕਾਂਡ ਵਿਚ ਸ਼ਾਮਲ ਰਿਹਾ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ ਅਭਿਜੀਤ ਸਿੰਘ ਇਕ ਕਲੀਨਿੰਗ ਕੰਪਨੀ ਦਾ ਮਾਲਕ ਹੈ, ਜਦਕਿ ਗੁਰਕਰਨ ਅਤੇ ਖ਼ੁਸ਼ਵੀਰ ਉਸ ਕੋਲ ਕੰਮ ਕਰਦੇ ਸਨ। ਅਭਿਜੀਤ ਨੇ ਵਾਰਦਾਤ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਬਜ਼ੁਰਗ ਜੋੜੇ ਦੇ ਘਰ ਵਿਚ ਸਾਫ਼-ਸਫ਼ਾਈ ਦਾ ਕੰਮ ਕੀਤਾ ਅਤੇ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ 77 ਸਾਲ ਦਾ ਆਰਨੌਲਡ ਅਤੇ ਉਸ ਦੀ 76 ਸਾਲਾ ਪਤਨੀ ਜੋਆਨ ਇਕੱਲੇ ਰਹਿੰਦੇ ਹਨ। ਸਰਕਾਰੀ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਲੁੱਟ ਦੇ ਇਰਾਦੇ ਨਾਲ ਕਤਲ ਦੀ ਵਾਰਦਾਤ ਮਗਰੋਂ ਬਜ਼ੁਰਗ ਜੋੜੇ ਦੇ ਕਰੈਡਿਟ ਕਾਰਡ, ਚੈਕਬੁੱਕ ਅਤੇ ਪ੍ਰੈਸ਼ਰ ਵਾਸ਼ਰ ਗਾਇਬ ਹੋ ਗਏ।

# ਕੈਨੇਡਾ ’ਚ ਵਧਦੀ ਬੇਰੁਜ਼ਗਾਰੀ ਹੋਈ ਚਿੰਤਾਜਨਕ !

## ਪਿਛਲੇ 6 ਮਹੀਨਿਆਂ ਦਾ ਤੋੜਿਆ ਰਿਕਾਰਡ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ’ਚ ਪ੍ਰਵਾਸੀਆਂ ਦੀ ਵਧਦੀ ਜਾ ਰਹੀ ਗਿਣਤੀ ਦੀ ਮਾਰ ਨੌਕਰੀਆਂ ’ਤੇ ਹੁਣ ਸਾਫ਼ ਦਿਖਾਈ ਦੇਣ ਲੱਗੀ ਹੈ, ਜਿਸ ਕਾਰਨ ਬੇਰੁਜ਼ਗਾਰੀ ਦੀ ਸਥਿਤੀ ਹੋਰ ਚਿੰਤਾਜਨਕ ਬਣਦੀ ਨਜ਼ਰ ਆ ਰਹੀ ਹੈ। ਅੰਕੜਿਆਂ ਅਨੁਸਾਰ ਅਪ੍ਰੈਲ ਮਹੀਨੇ ਦੌਰਾਨ ਦੇਸ਼ ਵਿਚ ਕੁੱਲ 17,700 ਨੌਕਰੀਆਂ ਘੱਟ ਹੋਈਆਂ ਹਨ, ਜਿਸ ਕਾਰਨ ਬੇਰੁਜ਼ਗਾਰੀ ਦਰ ਵਧ ਕੇ 6.9 ਫੀਸਦੀ ਤੱਕ ਪਹੁੰਚ ਗਈ ਹੈ, ਜੋ ਪਿਛਲੇ 6 ਮਹੀਨਿਆਂ ਵਿਚ ਸਭ ਤੋਂ ਉੱਚਾ ਪੱਧਰ ਦੱਸਿਆ ਜਾ ਰਿਹਾ ਹੈ।

ਰਿਪੋਰਟਾਂ ਮੁਤਾਬਕ ਸਭ ਤੋਂ ਵੱਧ ਅਸਰ ਫੁੱਲ-ਟਾਈਮ ਨੌਕਰੀਆਂ ’ਤੇ ਪਿਆ ਹੈ। ਹਾਲਾਂਕਿ ਪਾਰਟ-ਟਾਈਮ ਨੌਕਰੀਆਂ ਵਿਚ ਕੁਝ ਵਾਧਾ ਵੀ ਦਰਜ ਕੀਤਾ ਗਿਆ। ਜਾਣਕਾਰੀ ਅਨੁਸਾਰ ਉਤਪਾਦਨ ਅਤੇ ਨਿਰਮਾਣ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕੀ ਟੈਰਿਫ਼, ਵਪਾਰਕ ਅਨਿਸ਼ਚਿਤਤਾ ਅਤੇ ਤੇਲ-ਗੈਸ ਦੀਆਂ ਵਧ ਰਹੀਆਂ ਕੀਮਤਾਂ ਕਾਰਨ ਕਾਰੋਬਾਰੀ ਨਵੀਆਂ ਭਰਤੀਆਂ ਕਰਨ ਤੋਂ ਹਿਚਕਿਚਾ ਰਹੇ ਹਨ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਨੌਜਵਾਨਾਂ ਵਿਚ ਬੇਰੁਜ਼ਗਾਰੀ ਦਰ 14.3 ਫੀਸਦੀ ਤੱਕ ਪਹੁੰਚ ਗਈ ਹੈ, ਜਿਸ ਨੂੰ ਲੈ ਕੇ ਆਰਥਿਕ ਮਾਹਿਰਾਂ ਨੇ ਚਿੰਤਾ ਜਤਾਈ ਹੈ। ਆਰਥਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕੈਨੇਡਾ ਦਾ ਰੁਜ਼ਗਾਰ ਬਾਜ਼ਾਰ ਇਸ ਸਮੇਂ ਦਬਾਅ ਹੇਠ ਹੈ ਅਤੇ ਆਉਣ ਵਾਲੇ ਮਹੀਨਿਆਂ ਵਿਚ ਵੀ ਸਥਿਤੀ ’ਚ ਤੁਰੰਤ ਵੱਡੇ ਸੁਧਾਰ ਦੀ ਸੰਭਾਵਨਾ ਘੱਟ ਦਿਖਾਈ ਦੇ ਰਹੀ ਹੈ।

# ਕੈਨੇਡਾ ਸਰਕਾਰ ਦਾ ਇਤਿਹਾਸਕ ਫੈਸਲਾ; ਇਮੀਗ੍ਰੇਸ਼ਨ ਕੰਸਲਟੈਂਟ ਵੱਲੋਂ ਠੱਗੀ ਮਾਰਨ ’ਤੇ ਪੀੜਤ ਨੂੰ ਮਿਲੇਗਾ ਮੁਆਵਜ਼ਾ

**ਟੋਰਾਂਟੋ, (ਪੰਜਾਬ ਮੇਲ)-** ਭਾਰਤੀ ਨੌਜਵਾਨ, ਖ਼ਾਸ ਕਰ ਪੰਜਾਬੀ ਨੌਜਵਾਨਾਂ ਕੈਨੇਡਾ ਜਾ ਕੇ ਵਸਣ ਦੇ ਚੱਕਰ ’ਚ ਕਈ ਵਾਰ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ। ਇਸੇ ਮਾਮਲੇ ਨੂੰ ਧਿਆਨ ’ਚ ਰੱਖਦੇ ਹੋਏ ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਅਤੇ ਪੀ.ਆਰ. ਦੇ ਨਾਂ ’ਤੇ ਹੋਣ ਵਾਲੀ ਠੱਗੀ ਨੂੰ ਰੋਕਣ ਅਤੇ ਪੀੜਤਾਂ ਨੂੰ ਰਾਹਤ ਦੇਣ ਲਈ ਇੱਕ ਇਤਿਹਾਸਕ ਫੈਸਲਾ ਸੁਣਾਇਆ ਹੈ। 15 ਜੁਲਾਈ ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਅਨੁਸਾਰ, ਜੇਕਰ ਕੋਈ ਲਾਇਸੰਸਸ਼ੁਦਾ ਇਮੀਗ੍ਰੇਸ਼ਨ ਕੰਸਲਟੈਂਟ ਕਿਸੇ ਵਿਦਿਆਰਥੀ ਜਾਂ ਵਰਕਰ ਨਾਲ ਠੱਗੀ ਮਾਰਦਾ ਹੈ, ਤਾਂ ਪੀੜਤ ਨੂੰ ਸਰਕਾਰੀ ਫੰਡ ’ਚੋਂ ਮੁਆਵਜ਼ਾ ਦਿੱਤਾ ਜਾਵੇਗਾ।

ਜਾਣਕਾਰੀ ਅਨੁਸਾਰ, ਇਸ ਫੈਸਲੇ ਦਾ ਸਭ ਤੋਂ ਵੱਧ ਅਸਰ ਪੰਜਾਬ ਦੇ ਉਨ੍ਹਾਂ ਹਜ਼ਾਰਾਂ ਪਰਿਵਾਰਾਂ ’ਤੇ ਪਵੇਗਾ, ਜੋ ਲੱਖਾਂ ਰੁਪਏ ਖਰਚ ਕੇ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਦੇ ਹਨ। ਰਿਪੋਰਟਾਂ ਮੁਤਾਬਕ, ਕੈਨੇਡਾ ਵਿਚ ਫੜੇ ਗਏ ਲਗਭਗ 10,000 ਫਰਜ਼ੀ ਐਡਮਿਸ਼ਨ ਲੈਟਰਾਂ ਵਿਚੋਂ 80 ਫੀਸਦੀ ਮਾਮਲੇ ਇਕੱਲੇ ਪੰਜਾਬ ਅਤੇ ਗੁਜਰਾਤ ਨਾਲ ਸਬੰਧਤ ਸਨ।

ਕੈਨੇਡਾ ਦੇ ਨਵੇਂ ਇਮੀਗ੍ਰੇਸ਼ਨ ਨਿਯਮਾਂ ਮੁਤਾਬਕ ਲੋਕਾਂ ਨਾਲ ਧੋਖਾਧੜੀ ਕਰਨ ਵਾਲੇ ਏਜੰਟਾਂ ’ਤੇ 9 ਕਰੋੜ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ 2 ਸਾਲ ਤੱਕ ਦੀ ਜੇਲ੍ਹ ਵੀ ਹੋ ਸਕਦੀ ਹੈ, ਜਦਕਿ ਠੱਗੀ ਦਾ ਸ਼ਿਕਾਰ ਹੋਏ ਪੀੜਤਾਂ ਨੂੰ ਸਰਕਾਰੀ ਫੰਡਾਂ ’ਚੋਂ ਮੁਆਵਜ਼ਾ ਦਿੱਤਾ ਜਾਵੇਗਾ। ਇਹ ਫੰਡ ਉਨ੍ਹਾਂ ਲੋਕਾਂ ਲਈ ਉਪਲਬਧ ਹੋਵੇਗਾ, ਜੋ 23 ਨਵੰਬਰ 2021 ਤੋਂ ਬਾਅਦ ਠੱਗੀ ਦਾ ਸ਼ਿਕਾਰ ਹੋਏ ਹਨ। ਅਪ੍ਰੈਲ 2027 ਤੋਂ ਸਰਕਾਰ ਲਾਇਸੰਸਸ਼ੁਦਾ ਕੰਸਲਟੈਂਟਸ ਦੀ ਇੱਕ ਆਨਲਾਈਨ ਜਨਤਕ ਸੂਚੀ ਜਾਰੀ ਕਰੇਗੀ, ਜਿਸ ਵਿਚ ਉਨ੍ਹਾਂ ਦਾ ਪਿਛਲਾ ਰਿਕਾਰਡ ਅਤੇ ਸ਼ਿਕਾਇਤਾਂ ਦਾ ਵੇਰਵਾ ਹੋਵੇਗਾ।

ਇੱਕ ਪਾਸੇ ਜਿੱਥੇ ਕੈਨੇਡੀਅਨ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਠੱਗੀ ਖ਼ਿਲਾਫ਼ ਸਖ਼ਤੀ ਕੀਤੀ ਹੈ, ਉੱਥੇ ਹੀ ਪੰਜਾਬੀ ਵਿਦਿਆਰਥੀਆਂ ਲਈ ਪੀ.ਆਰ. ਦੇ ਨਿਯਮਾਂ ਨੇ ਚਿੰਤਾ ਵਧਾ ਦਿੱਤੀ ਹੈ। ਕੈਨੇਡਾ ਸਰਕਾਰ ਨੇ ਫੂਡ ਅਤੇ ਸਰਵਿਸ ਸੈਕਟਰ (ਜਿਵੇਂ ਕਿ ਸਬਵੇਅ, ਟਿਮ ਹੌਰਟਨਸ, ਗੈਸ ਸਟੇਸ਼ਨ) ਨੂੰ ਆਪਣੀ ਪ੍ਰਾਇਓਰਿਟੀ ਲਿਸਟ ਵਿਚੋਂ ਹਟਾ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਇਨ੍ਹਾਂ ਸੈਕਟਰਾਂ ’ਚ ਕੰਮ ਕਰਨ ਵਾਲੇ ਹਜ਼ਾਰਾਂ ਪੰਜਾਬੀ ਨੌਜਵਾਨਾਂ ਲਈ ਪੱਕੇ ਹੋਣਾ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮੁਸ਼ਕਲ ਹੋਵੇਗਾ। ਹੁਣ ਸਰਕਾਰ ਸਿਰਫ਼ ਹੈਲਥਕੇਅਰ, ਕੰਸਟ੍ਰਕਸ਼ਨ ਅਤੇ ਸਾਇੰਸ ਵਰਗੇ ਸੈਕਟਰਾਂ ਵਿਚ ਕੰਮ ਕਰਨ ਵਾਲਿਆਂ ਨੂੰ ਹੀ ਪੀ.ਆਰ. ਦੀ ਤਰਜੀਹ ਦੇ ਰਹੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਹੱਤਿਆ ਕਰਕੇ ਅਮਰੀਕਾ ਭੱਜਿਆ ਮੁਲਜ਼ਮ ਕੈਨੇਡਾ ਪੁਲਿਸ ਵੱਲੋਂ ਗ੍ਰਿਫ਼ਤਾਰ

## ਕਰੀਬ ਸਵਾ ਸਾਲ ਪਹਿਲਾਂ ਸਰੀ ’ਚ ਹੱਤਿਆ ਕਰਕੇ ਅਮਰੀਕਾ ਭੱਜ ਗਿਆ ਸੀ ਦੋਸ਼ੀ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਪੁਲਿਸ ਨੇ ਸਰੀ ਦੇ ਦੱਖਣੀ ਖੇਤਰ ਵਿਚ ਦਸੰਬਰ 2024 ’ਚ ਹੋਏ ਹੱਤਿਆ ਕਾਂਡ ਦੇ ਮੁਲਜ਼ਮ ਨੂੰ ਅਮਰੀਕਾ ਤੋਂ ਗ੍ਰਿਫ਼ਤਾਰ ਕੀਤਾ ਹੈ। ਇੱਕ ਮੁਲਜ਼ਮ ਸਰਤਾਜ ਸਿੰਘ ਨੂੰ ਤਾਂ ਪੁਲਿਸ ਨੇ ਪਹਿਲਾਂ ਹੀ ਕਾਬੂ ਕਰ ਲਿਆ ਸੀ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੁਲਿਸ ਦੇ ਹੱਤਿਆਵਾਂ ਮਾਮਲਿਆਂ ਨਾਲ ਸਬੰਧਤ ਸ਼ਾਖਾ ਦੇ ਬੁਲਾਰੇ ਸਰਜੈਂਟ ਫਰੈਡਾ ਫੌਂਗ ਨੇ ਦੱਸਿਆ ਕਿ 14 ਦਸੰਬਰ 2024 ਨੂੰ ਸਰੀ ਦੇ 108 ਐਵੇਨਿਊ ਅਤੇ 147 ਬਲਾਕ ਸਥਿੱਤ ਘਰ ’ਚ ਹੋਈ ਗੋਲੀਬਾਰੀ ਵਿਚ ਨੌਜਵਾਨ ਨੂੰ ਮਾਰ ਦਿੱਤਾ ਗਿਆ ਸੀ। ਪੁਲਿਸ ਨੇ ਸਬੂਤ ਇੱਕਠੇ ਕਰਦਿਆਂ ਇਸ ਮਾਮਲੇ ਵਿਚ ਸਰਤਾਜ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ, ਪਰ ਅਮਨ ਵਾਰਦਾਤ ਕਰਕੇ ਅਮਰੀਕਾ ਭੱਜ ਗਿਆ ਸੀ।

ਉਨ੍ਹਾਂ ਦੱਸਿਆ ਕਿ ਅਮਰੀਕਾ ’ਚ ਉਸ ਦੇ ਠਿਕਾਣੇ ਦਾ ਪਤਾ ਲਾ ਕੇ ਉਸ ਨੂੰ ਕਾਬੂ ਕੀਤਾ ਅਤੇ ਕੈਨੇਡਾ ਲਿਆਂਦਾ ਹੈ, 11 ਮਈ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

ਓਨਟਾਰੀਓ ਦੀ ਪੀਲ ਪੁਲਿਸ ਨੇ 23 ਸਾਲਾਂ ਦੇ ਨੌਜਵਾਨ ਕਬੀਰ ਜਾਂਗਰਾ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ’ਤੇ ਇੱਕ ਲੜਕੀ ਨੂੰ ਗੁੰਮਰਾਹ ਕਰਕੇ ਆਪਣੇ ਜਾਲ ’ਚ ਫਸਾਉਣ ਤੋਂ ਬਾਦ ਉਸਤੋਂ ਦੇਹ-ਵਪਾਰ ਕਰਾਉਣ ਦੇ ਦੋਸ਼ ਹਨ। ਉਸ ਸੋਸ਼ਲ ਮੀਡੀਆ ਰਾਹੀਂ ਗ੍ਰਾਹਕ ਲੱਭ ਕੇ ਉਨ੍ਹਾਂ ਤੋਂ ਲਏ ਪੈਸੇ ਆਪਣੇ ਕੋਲ ਰੱਖਦਾ ਸੀ। ਪੁਲਿਸ ਨੇ ਉਸ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਹੇਠ 7 ਦੋਸ਼ ਆਇਦ ਕੀਤੇ ਹਨ ਅਤੇ ਪੀੜਤ ਹੋਰ ਔਰਤਾਂ ਨੂੰ ਸਾਹਮਣੇ ਆਉਣ ਦੀ ਅਪੀਲ ਕੀਤੀ ਹੈ, ਤਾਂ ਕਿ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕੇ।

# ਸਰੀ ਪੁਲਿਸ ਵੱਲੋਂ ਜਬਰੀ ਵਸੂਲੀ ਤੇ ਫਾਇਰਿੰਗ ਮਾਮਲੇ ’ਚ ਪੰਜਾਬੀ ਨੌਜਵਾਨ ਗ੍ਰਿਫ਼ਤਾਰ

## ਪੁਲਿਸ ਵੱਲੋਂ ਮੁਲਜ਼ਮ ਦੀ ਤਸਵੀਰ ਜਾਰੀ ਕਰਕੇ ਹੋਰ ਜਾਣਕਾਰੀ ਦੀ ਕੀਤੀ ਮੰਗ



**ਸਰੀ, (ਪੰਜਾਬ ਮੇਲ)-** ਸਰੀ ਪੁਲਿਸ ਨੇ ਖੇਤਰ ’ਚ ਚੱਲ ਰਹੀ ਜਬਰੀ ਵਸੂਲੀ (ਐਕਸਟੌਰਸ਼ਨ) ਅਤੇ ਹਿੰਸਾ ਦੀਆਂ ਘਟਨਾਵਾਂ ਦੇ ਸਬੰਧ ਵਿਚ ਇੱਕ 27 ਸਾਲਾ ਪੰਜਾਬੀ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਮੁਲਜ਼ਮ ਦੀ ਪਛਾਣ ਜਸਕਰਨ ਸਰੋਏ ਵਜੋਂ ਹੋਈ ਹੈ। ਪੁਲਿਸ ਦਾ ਮੰਨਣਾ ਹੈ ਕਿ ਇਹ ਗ੍ਰਿਫ਼ਤਾਰੀ ਇਲਾਕੇ ’ਚ ਸਰਗਰਮ ਅਪਰਾਧਿਕ ਨੈੱਟਵਰਕਾਂ ਦਾ ਪਰਦਾਫਾਸ਼ ਕਰਨ ਵਿਚ ਅਹਿਮ ਸਾਬਤ ਹੋ ਸਕਦੀ ਹੈ।

ਇਹ ਮਾਮਲਾ 13 ਅਪ੍ਰੈਲ ਦੀ ਤੜਕਸਾਰ ਦਾ ਹੈ, ਜਦੋਂ ਸਰੀ ਦੇ 94ਏ ਐਵੇਨਿਊ ਅਤੇ 127 ਸਟਰੀਟ ਨੇੜੇ ਸਥਿਤ ਇੱਕ ਰਿਹਾਇਸ਼ੀ ਘਰ ’ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਸਨ। ਹਾਲਾਂਕਿ ਇਸ ਹਮਲੇ ਵਿਚ ਘਰ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ, ਪਰ ਖੁਸ਼ਕਿਸਮਤੀ ਨਾਲ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਸਰੀ ਪੁਲਿਸ ਦੀ ‘ਐਕਸਟੌਰਸ਼ਨ ਰਿਸਪਾਂਸ ਟੀਮ’ ਨੇ ਤਫਤੀਸ਼ ਦੌਰਾਨ ਇੱਕ ਸ਼ੱਕੀ ਵਾਹਨ ਦੀ ਪਛਾਣ ਕੀਤੀ, ਜਿਸ ਤੋਂ ਬਾਅਦ ਸਰਚ ਵਾਰੰਟ ਜਾਰੀ ਕਰਕੇ ਮੁਲਜ਼ਮ ਨੂੰ ਦਬੋਚ ਲਿਆ ਗਿਆ।

ਸਰੀ ਪੁਲਿਸ ਦੇ ਚੀਫ਼ ਕਾਂਸਟੇਬਲ ਨੋਰਮ ਲਿਪਿੰਸਕੀ ਨੇ ਇਸ ਘਟਨਾ ਨੂੰ ਬਹੁਤ ਗੰਭੀਰ ਦੱਸਦਿਆਂ ਕਿਹਾ ਕਿ ਆਬਾਦੀ ਵਾਲੇ ਇਲਾਕਿਆਂ ਵਿਚ ਗੋਲੀਬਾਰੀ ਕਰਨਾ ਜਨਤਕ ਸੁਰੱਖਿਆ ਲਈ ਵੱਡਾ ਖ਼ਤਰਾ ਹੈ। ਪੁਲਿਸ ਨੇ ਮੁਲਜ਼ਮ ਜਸਕਰਨ ਸਰੋਏ ਦੀ ਤਸਵੀਰ ਵੀ ਜਨਤਕ ਕੀਤੀ ਹੈ, ਤਾਂ ਜੋ ਜੇਕਰ ਕਿਸੇ ਕੋਲ ਇਸ ਨਾਲ ਸਬੰਧਤ ਅਪਰਾਧਿਕ ਗਤੀਵਿਧੀਆਂ ਬਾਰੇ ਹੋਰ ਕੋਈ ਜਾਣਕਾਰੀ ਹੋਵੇ, ਤਾਂ ਉਹ ਪੁਲਿਸ ਨਾਲ ਸਾਂਝੀ ਕਰ ਸਕੇ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਦੇ ਸਰੀ ਅਤੇ ਹੋਰਨਾਂ ਸ਼ਹਿਰਾਂ ਵਿਚ ਦੱਖਣੀ ਏਸ਼ੀਆਈ, ਖਾਸ ਕਰਕੇ ਭਾਰਤੀ ਭਾਈਚਾਰੇ ਦੇ ਵਪਾਰੀਆਂ ਨੂੰ ਨਿਸ਼ਾਨਾ ਬਣਾ ਕੇ ਜਬਰੀ ਵਸੂਲੀ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਫਿਲਹਾਲ ਮੁਲਜ਼ਮ ਪੁਲਿਸ ਹਿਰਾਸਤ ਵਿਚ ਹੈ ਅਤੇ ਉਸ ਵਿਰੁੱਧ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ’ਚ ਖੂਨੀ ਗੈਂਗਵਾਰ: ਸਰੀ ’ਚ 2 ਨੌਜਵਾਨਾਂ ਦਾ ਗੋਲੀਆਂ ਮਾਰ ਕੇ ਕਤਲ

**ਸਰੀ, (ਪੰਜਾਬ ਮੇਲ)-** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ ਗੈਂਗਵਾਰ ਦੀ ਇੱਕ ਭਿਆਨਕ ਘਟਨਾ ਸਾਹਮਣੇ ਆਈ ਹੈ। ਪੰਜਾਬੀ ਬਹੁਲਤਾ ਵਾਲੇ ਨਿਊਟਨ ਇਲਾਕੇ ਵਿਚ ਐਤਵਾਰ ਰਾਤ ਨੂੰ ਇੱਕ ਅੰਡਰਗਰਾਊਂਡ ਪਾਰਕਿੰਗ ਲੋਟ ਵਿਚ ਦੋ ਨੌਜਵਾਨਾਂ (ਉਮਰ 16 ਅਤੇ 18 ਸਾਲ) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਹਾਲਾਂਕਿ ਪੁਲਿਸ ਅਤੇ ਕੈਨੇਡੀਅਨ ਮੀਡੀਆ ਵੱਲੋਂ ਅਜੇ ਮ੍ਰਿਤਕਾਂ ਦੀ ਪਛਾਣ ਜਨਤਕ ਨਹੀਂ ਕੀਤੀ ਗਈ, ਪਰ ਇਲਾਕੇ ਦੇ ਪੰਜਾਬੀ ਗੜ੍ਹ ਹੋਣ ਕਾਰਨ ਇਹ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਦੋਵੇਂ ਮ੍ਰਿਤਕ ਪੰਜਾਬੀ ਮੂਲ ਦੇ ਸਨ।

ਸਰੀ ਪੁਲਿਸ ਅਨੁਸਾਰ ਇਹ ਘਟਨਾ 10 ਮਈ ਦੀ ਰਾਤ ਕਰੀਬ 10 ਵਜੇ 133ਬੀ ਸਟਰੀਟ ਦੇ 7000-ਬਲਾਕ ਵਿਚ ਵਾਪਰੀ।

**■ ਮ੍ਰਿਤਕ ਪੰਜਾਬੀ ਮੂਲ ਦੇ ਹੋਣ ਦਾ ਖਦਸ਼ਾ**

ਗੋਲੀਆਂ ਚੱਲਣ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਮੌਕੇ ’ਤੇ ਪਹੁੰਚੀ, ਜਿੱਥੇ ਦੋਵੇਂ ਨੌਜਵਾਨ ਖੂਨ ਨਾਲ ਲੱਥਪੱਥ ਹਾਲਤ ਵਿਚ ਮਿਲੇ। ਪੈਰਾਮੈਡਿਕਸ ਵੱਲੋਂ ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਮੌਕੇ ’ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐੱਚ.ਆਈ.ਟੀ.) ਨੇ ਮਾਮਲੇ ਦੀ ਜਾਂਚ ਸੰਭਾਲ ਲਈ ਹੈ। ਪੁਲਿਸ ਦਾ ਮੰਨਣਾ ਹੈ ਕਿ ਇਹ ਕਤਲ ਸੋਚੀ-ਸਮਝੀ ਸਾਜ਼ਿਸ਼ ਦਾ ਨਤੀਜਾ ਹੈ ਅਤੇ ਇਸ ਦਾ ਸਬੰਧ ਬ੍ਰਿਟਿਸ਼ ਕੋਲੰਬੀਆ ਵਿਚ ਚੱਲ ਰਹੇ ਖੂਨੀ ਗੈਂਗ ਸੰਘਰਸ਼ ਨਾਲ ਹੈ। ਜਾਂਚ



ਅਧਿਕਾਰੀਆਂ ਅਨੁਸਾਰ ਮ੍ਰਿਤਕਾਂ ਦਾ ਸਬੰਧ ਸੰਗਠਿਤ ਅਪਰਾਧਿਕ ਗਤੀਵਿਧੀਆਂ ਨਾਲ ਹੋ ਸਕਦਾ ਹੈ।

ਘਟਨਾ ਸਥਾਨ ਤੋਂ ਕੁਝ ਦੂਰੀ ’ਤੇ ਇੱਕ ਸਲੇਟੀ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਸੇਡਾਨ ਕਾਰ ਸੜੀ ਹੋਈ ਹਾਲਤ ਵਿਚ ਮਿਲੀ। ਜਾਂਚਕਰਤਾਵਾਂ ਨੂੰ ਸ਼ੱਕ ਹੈ ਕਿ ਹਮਲਾਵਰਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਲਈ ਇਸੇ ਗੱਡੀ ਦੀ ਵਰਤੋਂ ਕੀਤੀ ਸੀ ਅਤੇ ਬਾਅਦ ਵਿਚ ਸਬੂਤ ਨਸ਼ਟ ਕਰਨ ਲਈ ਇਸ ਨੂੰ ਅੱਗ ਲਗਾ ਦਿੱਤੀ।

ਆਈ.ਐੱਚ.ਆਈ.ਟੀ. ਦੀ ਬੁਲਾਰਾ ਸਾਰਜੈਂਟ ਫਰੀਦਾ ਫੌਂਗ ਨੇ ਕਿਹਾ ਕਿ ਇਸ ਘਟਨਾ ਨੇ ਦੋ ਪਰਿਵਾਰਾਂ ਦੇ ਚਿਰਾਗ ਬੁਝਾ ਦਿੱਤੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਕੋਲ ਰਾਤ 9 ਤੋਂ 11 ਵਜੇ ਦੇ ਦਰਮਿਆਨ ਦੀ ਕੋਈ ਡੈਸ਼ਕੈਮ ਫੁਟੇਜ ਜਾਂ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਸਾਂਝੀ ਕਰਨ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਇਸ ਵਧ ਰਹੀ ਹਿੰਸਾ ’ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਵਿਚ ਪੰਜਾਬੀ ਨੌਜਵਾਨਾਂ ਦਾ ਗੈਂਗਵਾਰ ਦੀ ਭੇਟ ਚੜ੍ਹਨਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਫਿਲਹਾਲ ਇਸ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

# ਵਿਦੇਸ਼ੀ ਨਾਗਰਿਕਤਾ ਲੈਣ ਤੋਂ ਬਾਅਦ ਭਾਰਤੀ ਪਾਸਪੋਰਟ ਦੀ ਵਰਤੋਂ ਕਰਨਾ ਹੈ ਗੈਰ-ਕਾਨੂੰਨੀ!

**ਨਵੀਂ ਦਿੱਲੀ, (ਪੰਜਾਬ ਮੇਲ)-** ਹਰ ਸਾਲ ਵੱਡੀ ਗਿਣਤੀ ਵਿੱਚ ਭਾਰਤੀ ਬਿਹਤਰ ਨੌਕਰੀਆਂ, ਪੜ੍ਹਾਈ ਅਤੇ ਪੱਕੇ ਤੌਰ ’ਤੇ ਵੱਸਣ ਲਈ ਕੈਨੇਡਾ, ਅਮਰੀਕਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਦਾ ਰੁਖ ਕਰਦੇ ਹਨ। ਇਨ੍ਹਾਂ ’ਚੋਂ ਬਹੁਤ ਸਾਰੇ ਲੋਕ ਕੁਝ ਸਾਲਾਂ ਬਾਅਦ ਉੱਥੋਂ ਦੀ ਨਾਗਰਿਕਤਾ ਹਾਸਲ ਕਰ ਲੈਂਦੇ ਹਨ। ਵਿਦੇਸ਼ੀ ਨਾਗਰਿਕਤਾ ਲੈਂਦੇ ਹੀ ਤੁਹਾਡਾ ਭਾਰਤ ਨਾਲ ਰਿਸ਼ਤਾ ਕਾਨੂੰਨੀ ਤੌਰ ’ਤੇ ਪੂਰੀ ਤਰ੍ਹਾਂ ਬਦਲ ਜਾਂਦਾ ਹੈ।

ਭਾਰਤ ਦੇ ਸੰਵਿਧਾਨ ਅਨੁਸਾਰ ਇੱਥੇ ਦੋਹਰੀ ਨਾਗਰਿਕਤਾ ਦਾ ਕੋਈ ਪ੍ਰਬੰਧ ਨਹੀਂ ਹੈ। ਜਿਵੇਂ ਹੀ ਕੋਈ ਭਾਰਤੀ ਕਿਸੇ ਦੂਜੇ ਦੇਸ਼ ਦੀ ਨਾਗਰਿਕਤਾ ਸਵੀਕਾਰ ਕਰਦਾ ਹੈ, ਉਸ ਦੀ ਭਾਰਤੀ ਨਾਗਰਿਕਤਾ ਆਪਣੇ ਆਪ ਖ਼ਤਮ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿਚ ਉਹ ਵਿਅਕਤੀ ਭਾਰਤੀ ਪਾਸਪੋਰਟ ਦੀ ਵਰਤੋਂ ਨਹੀਂ ਕਰ ਸਕਦਾ। ਉਸ ਨੂੰ ਆਪਣਾ ਭਾਰਤੀ ਪਾਸਪੋਰਟ ਜਮ੍ਹਾ ਕਰਵਾਉਣਾ ਪੈਂਦਾ ਹੈ, ਜਿਸ ਨੂੰ ‘ਪਾਸਪੋਰਟ ਸਰੈਂਡਰ’ ਪ੍ਰਕਿਰਿਆ ਕਿਹਾ ਜਾਂਦਾ ਹੈ। ਵਿਦੇਸ਼ੀ ਨਾਗਰਿਕਤਾ ਲੈਣ ਤੋਂ ਬਾਅਦ ਭਾਰਤੀ ਪਾਸਪੋਰਟ ਦੀ ਵਰਤੋਂ ਕਰਨਾ ਗੈਰ-ਕਾਨੂੰਨੀ ਹੈ ਅਤੇ ਇਸ ਲਈ ਜੁਰਮਾਨਾ ਵੀ ਲੱਗ ਸਕਦਾ ਹੈ।

ਵਿਦੇਸ਼ੀ ਨਾਗਰਿਕ ਬਣ ਚੁੱਕੇ ਭਾਰਤੀ ਮੂਲ ਦੇ ਲੋਕਾਂ ਨੂੰ ਭਾਰਤ ਸਰਕਾਰ ਓਵਰਸੀਜ਼ ਸਿਟੀਜ਼ਨ ਆਫ ਇੰਡੀਆ (ਓ.ਸੀ.ਆਈ.) ਕਾਰਡ

**■ ਵਿਦੇਸ਼ੀ ਨਾਗਰਿਕਤਾ ਲੈਂਦਿਆਂ ਹੀ ਬਦਲ ਜਾਂਦੇ ਹਨ ਭਾਰਤੀਆਂ ਦੇ ਅਧਿਕਾਰ!**

ਦੀ ਸਹੂਲਤ ਦਿੰਦੀ ਹੈ। ਓ.ਸੀ.ਆਈ. ਕਾਰਡ ਧਾਰਕਾਂ ਨੂੰ ਭਾਰਤ ਆਉਣ ਲਈ ਵਾਰ-ਵਾਰ ਵੀਜ਼ਾ ਲੈਣ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਨੂੰ ਜੀਵਨ ਭਰ ਭਾਰਤ ਆਉਣ-ਜਾਣ ਅਤੇ ਇੱਥੇ ਰਹਿਣ ਦੀ ਇਜਾਜ਼ਤ ਮਿਲਦੀ ਹੈ। ਭਾਰਤ ਵਿਚ ਬੈਂਕ ਖਾਤੇ ਖੋਲ੍ਹਣ, ਪੈਨ ਕਾਰਡ ਬਣਵਾਉਣ ਅਤੇ ਕੁਝ ਨਿਵੇਸ਼ ਸੰਬੰਧੀ ਕੰਮਾਂ ਵਿਚ ਆਸਾਨੀ ਹੁੰਦੀ ਹੈ।

ਇਸ ਤੋਂ ਇਲਾਵਾ ਓ.ਸੀ.ਆਈ. ਕਾਰਡ ਹੋਣ ਦੇ ਬਾਵਜੂਦ ਵਿਦੇਸ਼ੀ ਨਾਗਰਿਕਤਾ ਲੈਣ ਵਾਲੇ ਲੋਕ ਭਾਰਤੀ ਨਾਗਰਿਕਾਂ ਦੇ ਬਰਾਬਰ ਨਹੀਂ ਹੁੰਦੇ। ਉਨ੍ਹਾਂ ਦੇ ਕਈ ਅਧਿਕਾਰ ਖ਼ਤਮ ਹੋ ਜਾਂਦੇ ਹਨ, ਜਿਵੇਂ ਕਿ ਉਹ ਭਾਰਤ ਵਿਚ ਵੋਟ ਨਹੀਂ ਪਾ ਸਕਦੇ। ਉਹ ਐੱਮ.ਪੀ., ਐੱਮ.ਐੱਲ.ਏ. ਸਰਪੰਚ ਜਾਂ ਕਿਸੇ ਹੋਰ ਸੰਵਿਧਾਨਕ ਅਹੁਦੇ ਲਈ ਚੋਣ ਨਹੀਂ ਲੜ ਸਕਦੇ। ਉਹ ਆਈ.ਏ.ਐੱਸ., ਆਈ.ਪੀ.ਐੱਸ., ਆਈ.ਐੱਫ.ਐੱਸ. ਜਾਂ ਫੌਜ ਵਰਗੀਆਂ ਸੰਵੇਦਨਸ਼ੀਲ ਸਰਕਾਰੀ ਨੌਕਰੀਆਂ ਨਹੀਂ ਕਰ ਸਕਦੇ। ਓ.ਸੀ.ਆਈ. ਕਾਰਡ ਧਾਰਕ ਭਾਰਤ ਵਿਚ ਖੇਤੀ ਵਾਲੀ ਜ਼ਮੀਨ ਜਾਂ ਪਲਾਂਟੇਸ਼ਨ ਪ੍ਰਾਪਰਟੀ ਨਹੀਂ ਖਰੀਦ ਸਕਦੇ, ਹਾਲਾਂਕਿ ਉਹ ਰਿਹਾਇਸ਼ੀ ਫਲੈਟ ਜਾਂ ਕਮਰਸ਼ੀਅਲ ਇਮਾਰਤਾਂ ਖਰੀਦ ਸਕਦੇ ਹਨ।

# ਇਟਲੀ ਪੁਲਿਸ ਵੱਲੋਂ ਵੱਡੇ ਇਮੀਗ੍ਰੇਸ਼ਨ ਫਰੌਡ ਸਿੰਡੀਕੇਟ ਦਾ ਪਰਦਾਫਾਸ਼

**ਇਟਲੀ, (ਪੰਜਾਬ ਮੇਲ)-** ਇਟਲੀ ਦੀ ਪੁਲਿਸ ਨੇ ਦੇਸ਼ ਭਰ ’ਚ ਗੈਰ-ਕਾਨੂੰਨੀ ਧੰਦਿਆਂ ਅਤੇ ਪ੍ਰਸ਼ਾਸਨ ਨੂੰ ਗੁੰਮਰਾਹ ਕਰਨ ਵਾਲੇ ਅਨਸਰਾਂ ਵਿਰੁੱਧ ਸਖ਼ਤ ਮੁਹਿੰਮ ਵਿੱਢੀ ਹੋਈ ਹੈ। ਇਸੇ ਤਹਿਤ ਸੂਬਾ ਕਲਾਬਰੀਆ ਦੇ ਪੁਲਿਸ ਪ੍ਰਸ਼ਾਸਨ ਨੇ ਮਿਸ਼ਨ “ਵੈਲਕਮ” ਰਾਹੀਂ ਇੱਕ ਵੱਡੇ ਇਮੀਗ੍ਰੇਸ਼ਨ ਫਰੌਡ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ। ਇਸ ਕਾਰਵਾਈ ਵਿਚ 19 ਭਾਰਤੀਆਂ ਸਮੇਤ ਕੁੱਲ 93 ਸ਼ੱਕੀ ਲੋਕਾਂ ਵਿਰੁੱਧ ਕਾਨੂੰਨੀ ਸ਼ਿਕੰਜਾ ਕੱਸਿਆ ਗਿਆ ਹੈ, ਜਿਨ੍ਹਾਂ ਵਿਚ ਇਟਾਲੀਅਨ, ਪਾਕਿਸਤਾਨੀ ਅਤੇ ਬੰਗਲਾਦੇਸ਼ੀ ਨਾਗਰਿਕ ਵੀ ਸ਼ਾਮਲ ਹਨ।

ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਗਿਰੋਹ ਗੈਰ-ਯੂਰਪੀਅਨ

**■ 19 ਭਾਰਤੀਆਂ ਸਮੇਤ ਕੁੱਲ 93 ਸ਼ੱਕੀ ਲੋਕਾਂ ਵਿਰੁੱਧ ਕੱਸਿਆ ਕਾਨੂੰਨੀ ਸ਼ਿਕੰਜਾ**

ਪ੍ਰਵਾਸੀਆਂ ਨੂੰ ਇਟਲੀ ਵਿਚ ਸਿਆਸੀ ਸ਼ਰਨ ਦਿਵਾਉਣ ਲਈ ਮੋਟੀ ਰਕਮ ਲੈ ਕੇ ਫਰਜ਼ੀ ਰਿਹਾਇਸ਼ੀ ਪੇਪਰ ਬਣਾ ਕੇ ਦਿੰਦਾ ਸੀ। ਪੁਲਿਸ ਨੇ ਜਦੋਂ ਇਮੀਗ੍ਰੇਸ਼ਨ ਦਫ਼ਤਰ ਵਿਚ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ ਦੀ ਤੁਲਨਾ ਮਿਊਂਸਪਲ ਰਜਿਸਟਰੀ ਦਫ਼ਤਰਾਂ ਦੇ ਰਿਕਾਰਡ ਨਾਲ ਕੀਤੀ, ਤਾਂ ਵੱਡੇ ਖੁਲਾਸੇ ਹੋਏ। ਜਾਂਚ ਅਨੁਸਾਰ, ਬਿਨੈਕਾਰਾਂ ਦੁਆਰਾ ਦਿੱਤੇ ਗਏ ਪਤੇ ਅਸਲ ਰਿਹਾਇਸ਼ ਨਾਲ ਮੇਲ ਨਹੀਂ ਖਾਂਦੇ ਸਨ ਅਤੇ ਕਈ ਘਰ ਤਾਂ ਰਹਿਣ ਦੇ ਲਾਇਕ ਹੀ ਨਹੀਂ ਸਨ। ਕਈ ਮਾਮਲਿਆਂ ਵਿਚ ਤਾਂ ਵਿਦੇਸ਼ੀ ਬਿਨੈਕਾਰ ਉਸ ਇਲਾਕੇ ਵਿਚ ਰਹਿੰਦੇ ਹੀ ਨਹੀਂ ਸਨ। ਇਸ ਮਿਸ਼ਨ ਦੀ ਅਗਵਾਈ ਮੁੱਖ ਸਰਕਾਰੀ ਵਕੀਲ ਦੋਮੇਨੀਕੋ ਗੁਆਰਾਸੀਓ ਅਤੇ ਵਿਸ਼ੇਸ਼ ਜੱਜਾਂ ਦੀ ਟੀਮ ਵੱਲੋਂ ਕੀਤੀ ਗਈ। ਇਸ ਕਾਰਵਾਈ ਵਿਚ ਕਰੋਤੋਨੇ ਪੁਲਿਸ ਹੈੱਡਕੁਆਰਟਰ ਦੇ ਫਲਾਇੰਗ ਸਕੁਐਡ, ਕਲਾਬਰੀਆ ਕਰਾਈਮ ਪ੍ਰੀਵੈਂਸ਼ਨ ਯੂਨਿਟ ਅਤੇ ਪੁਲਿਸ ਦੇ ਹੈਲੀਕਾਪਟਰ ਯੂਨਿਟ ਨੇ ਵੀ ਅਹਿਮ ਭੂਮਿਕਾ ਨਿਭਾਈ।

ਕਲਾਬਰੀਆ ਤੋਂ ਇਲਾਵਾ, ਲਾਸੀਓ ਸੂਬੇ ਦੇ ਜ਼ਿਲ੍ਹਾ ਲਾਤੀਨਾ ਦੇ ਭਾਰਤੀਆਂ ਦਾ ਨਾਮ ਵੀ ਇਸ ਕਾਰਵਾਈ ਵਿਚ ਸ਼ਾਮਿਲ ਦੱਸਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਲਾਸੀਓ ਸੂਬੇ ਨੂੰ ਇਟਲੀ ਵਿਚ ‘ਮਿੰਨੀ ਪੰਜਾਬ’ ਵਜੋਂ ਜਾਣਿਆ ਜਾਂਦਾ ਹੈ। ਕੁਝ ਲੋਕਾਂ ਵੱਲੋਂ ਲਾਲਚ ਵੱਸ ਕੀਤੇ ਜਾਂਦੇ ਅਜਿਹੇ ਗੈਰ-ਕਾਨੂੰਨੀ ਕੰਮਾਂ ਕਾਰਨ ਸਮੁੱਚੇ ਭਾਰਤੀ ਭਾਈਚਾਰੇ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਿਸ ਅਜਿਹੇ ਅਨਸਰਾਂ ’ਤੇ ਤਿੱਖੀ ਨਜ਼ਰ ਰੱਖ ਰਹੀ ਹੈ, ਜੋ ਗੈਰ-ਕਾਨੂੰਨੀ ਢੰਗਾਂ ਨਾਲ ਆਪਣੀਆਂ ਜੇਬਾਂ ਭਰ ਰਹੇ ਹਨ।

# ਸਰੀ ’ਚ ਗੋਲੀ ਮਾਰ ਕੇ ਪੰਜਾਬੀ ਕਾਰੋਬਾਰੀ ਦਾ ਕਤਲ

**ਸਰੀ, (ਪੰਜਾਬ ਮੇਲ)-** ਸਰੀ ਦੇ ਬਿਜ਼ਨਸ ਸੈਂਟਰ ਵਿਚ ਆਪਣੇ ਦਫ਼ਤਰ ’ਚ ਬੈਠੇ ਕਾਰੋਬਾਰੀ 30 ਸਾਲਾ ਸਤਬੀਰ ਸਿੰਘ ਵੜਿੰਗ ਉਰਫ਼ ਸੈਮ ਕੈਨੇਡਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਰੋਹਿਤ ਗੋਦਾਰਾ ਦੇ ਗਰੋਹ ਨੇ ਲਈ ਹੈ।

ਗਰੋਹ ਨੇ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਸੈਮ ਕੈਨੇਡਾ ਨੂੰ ਲਾਰੈਂਸ ਬਿਸ਼ਨੋਈ ਗਰੋਹ ਦਾ ਕਰੀਬੀ ਦੱਸਿਆ ਹੈ। ਪੁਲਿਸ ਨੇ ਮੁੱਢਲੀ ਜਾਂਚ ਤੋਂ ਬਾਅਦ ਕਿਹਾ ਕਿ ਮਾਮਲਾ ਫ਼ਿਰੌਤੀ ਨਾਲ ਸਬੰਧਤ ਨਹੀਂ ਲੱਗਦਾ।

ਪੁਲਿਸ ਅਨੁਸਾਰ ਉਹ ਮ੍ਰਿਤਕ ਦੇ ਪਰਿਵਾਰ ਤੋਂ ਉਸ ਦੇ ਪਿਛੋਕੜ ਬਾਰੇ ਜਾਣਕਾਰੀ ਹਾਸਲ ਕਰ ਰਹੇ ਹਨ, ਤਾਂ ਕਿ ਉਸ ਦੇ ਕਤਲ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਸੈਮ ਦਾ ਬਿਜ਼ਨਸ ਸੈਂਟਰ ਵਿਚ ਦਫ਼ਤਰ ਸੀ, ਜਿੱਥੇ ਉਹ ਇਮੀਗ੍ਰੇਸ਼ਨ, ਪ੍ਰਾਪਰਟੀ ਡੀਲਰ ਅਤੇ ਹੋਰ ਕੰਮ ਕਰਦਾ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com



FOR SALE & PURCHASE OF ANY KIND OF PROPERTY



RE/MAX
RE/MAX Outstanding Agents Outstanding Results®
Gurjatinder S. Randhawa
REALTOR CA DRE licence # 01490567
916-320-9444

# ਬੰਦੀ ਸਿੰਘਾਂ ਦੀ ਰਿਹਾਈ ਲਈ ਸੰਸਦ ਭਵਨ ਵੱਲ ਰੋਸ ਮਾਰਚ ਕਰ ਰਹੇ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਬੇਇਨਸਾਫ਼ੀ - ਐਡਵੋਕੇਟ ਧਾਮੀ

**■ ਕਿਹਾ; ਸਿੱਖਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਰੋਸ ਕਰਨ ਤੋਂ ਰੋਕਣਾ ਲੋਕਤੰਤਰ ਦੇ ਵਿਰੁੱਧ**



**ਅੰਮ੍ਰਿਤਸਰ, (ਪੰਜਾਬ ਮੇਲ)-** ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਤੋਂ ਅਰਦਾਸ ਕਰਕੇ ਸੰਸਦ ਭਵਨ ਵੱਲ ਸ਼ਾਂਤਮਈ ਰੋਸ ਮਾਰਚ ਕਰ ਰਹੇ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਨੂੰ ਗ੍ਰਿਫਤਾਰ ਕਰਨਾ ਵੱਡੀ ਬੇਇਨਸਾਫ਼ੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੁਲਿਸ ਵੱਲੋਂ ਸਿੱਖ ਆਗੂਆਂ ਦੀ ਕੀਤੀ ਗ੍ਰਿਫਤਾਰੀ ਤੇ ਪ੍ਰਤੀਕਿਰਿਆ ਦਿੰਦਿਆਂ ਕੀਤਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਕਰੀਬ ਤਿੰਨ ਦਹਾਕਿਆਂ ਤੋਂ ਜੇਲ੍ਹਾਂ ਅੰਦਰ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਵੱਲੋਂ ਲਗਾਤਾਰ ਅਵਾਜ਼ ਉਠਾਈ ਜਾ ਰਹੀ ਹੈ ਪਰੰਤੂ ਸਰਕਾਰਾਂ ਨੇ ਹਮੇਸ਼ਾ ਹੀ ਸਿੱਖ ਭਾਵਨਾਵਾਂ ਨੂੰ ਅਣਗੌਲਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨ ਅਨੁਸਾਰ ਹਰ ਨਾਗਰਿਕ ਨੂੰ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਰੋਸ ਕਰਨ ਦਾ ਹੱਕ ਹੈ ਪਰੰਤੂ ਦੇਸ਼ ਦੀ ਰਾਜਧਾਨੀ ਵਿਚ ਸਿੱਖਾਂ ਤੋਂ ਇਹ ਹੱਕ ਵੀ ਖੋਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੋਸ ਮਾਰਚ ਕਰ ਰਹੇ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਨੂੰ ਜ਼ਬਰਦਸਤੀ ਗ੍ਰਿਫਤਾਰ ਕਰਕੇ ਵੱਖ-ਵੱਖ ਠਾਣਿਆਂ 'ਚ ਬੰਦ ਕਰ ਦੇਣਾ ਇਨਸਾਫ਼ ਦੀ ਆਵਾਜ਼ ਨੂੰ ਦਬਾਉਣ ਦੀ ਕਾਰਵਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦੀ ਕਰੜੀ ਨਿੰਦਾ ਕਰਦੀ ਹੈ।

ਉਨ੍ਹਾਂ ਕਿਹਾ ਕਿ ਕੌਮ 'ਤੇ ਹੋਏ ਜ਼ੁਲਮਾਂ ਵਿਰੁੱਧ ਸੰਘਰਸ਼ ਕਰਨ ਵਾਲੇ ਬੰਦੀ ਸਿੰਘ ਅਦਾਲਤ ਤੋਂ ਮਿਲੀਆਂ ਸਜ਼ਾਵਾਂ ਤੋਂ ਕਿਤੇ ਵਧੇਰੇ ਸਮਾਂ ਜੇਲ੍ਹਾਂ ਅੰਦਰ ਬਿਤਾ ਚੁੱਕੇ ਹਨ। ਇਸੇ ਦੇਸ਼ ਅੰਦਰ ਜਦੋਂ ਹੋਰ ਧਰਮ ਦੇ ਲੋਕਾਂ ਨੂੰ ਸਰਕਾਰਾਂ ਸਜ਼ਾ 'ਚ ਕਟੌਤੀ ਕਰਕੇ ਰਿਹਾਅ ਕਰ ਸਕਦੀਆਂ ਹਨ, ਤਾਂ ਸਿੱਖਾਂ ਨਾਲ ਬੇਇਨਸਾਫ਼ੀ ਕਿਉਂ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਕੌਮ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਸਰਕਾਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਹੋਰ ਸਿੰਘਾਂ ਦੀ ਤੁਰੰਤ ਰਿਹਾਈ ਦਾ ਐਲਾਨ ਕਰੇ। ਉਨ੍ਹਾਂ ਰੋਸ ਮਾਰਚ ਕਰ ਰਹੇ ਆਗੂਆਂ ਨੂੰ ਵੀ ਤੁਰੰਤ ਰਿਹਾਅ ਕਰਨ ਲਈ ਆਖਿਆ।

# ਅੰਮ੍ਰਿਤਪਾਲ ਸਿੰਘ ਮਾਮਲੇ 'ਚ ਸੈਸ਼ਨ ਕੋਰਟ 'ਚ ਸੁਣਵਾਈ, ਡਿਸਚਾਰਜ ਅਰਜ਼ੀ 'ਤੇ ਨੋਟਿਸ ਜਾਰੀ

**ਅੰਮ੍ਰਿਤਸਰ, (ਪੰਜਾਬ ਮੇਲ)-** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਸੰਬੰਧਿਤ ਮਾਮਲੇ ਦੀ ਅੰਮ੍ਰਿਤਸਰ ਸੈਸ਼ਨ ਕੋਰਟ ਵਿਚ ਸੁਣਵਾਈ ਹੋਈ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਵੱਲੋਂ ਉਨ੍ਹਾਂ ਦੇ ਵਕੀਲ ਰੀਤੂ ਰਾਜ ਸਿੰਘ ਸੰਧੂ ਅਦਾਲਤ ਵਿਚ ਪੇਸ਼ ਹੋਏ। ਸੁਣਵਾਈ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਵਕੀਲ ਸੰਧੂ ਨੇ ਦੱਸਿਆ ਕਿ ਤਾਰੀਖ ਦੌਰਾਨ ਉਨ੍ਹਾਂ ਵੱਲੋਂ ਅਦਾਲਤ ਵਿਚ ਇੱਕ ਅਹਿਮ ਅਰਜ਼ੀ ਦਾਇਰ ਕੀਤੀ ਗਈ ਹੈ, ਜਿਸ 'ਚ ਅੰਮ੍ਰਿਤਪਾਲ ਸਿੰਘ 'ਤੇ ਲਗਾਏ ਗਏ ਚਾਰਜਾਂ ਨੂੰ "ਬੇਬੁਨਿਆਦ" ਦੱਸਦਿਆਂ ਉਨ੍ਹਾਂ ਨੂੰ ਡਿਸਚਾਰਜ ਕਰਨ ਦੀ ਮੰਗ ਕੀਤੀ ਗਈ ਹੈ। ਵਕੀਲ ਨੇ ਦੱਸਿਆ ਕਿ ਉਨ੍ਹਾਂ ਨੇ ਚਲਾਨ ਅਤੇ ਕੇਸ ਨਾਲ ਜੁੜੇ ਸਾਰੇ ਦਸਤਾਵੇਜ਼ਾਂ ਦਾ ਅਧਿਐਨ ਕਰਨ ਤੋਂ ਬਾਅਦ ਅਦਾਲਤ ਵਿਚ ਵਿਸਥਾਰ ਨਾਲ ਆਪਣੀ ਅਰਜ਼ੀ ਦਾਇਰ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਧਾਰਾਵਾਂ ਤਹਿਤ ਚਾਰਜ ਲਗਾਏ ਗਏ ਹਨ, ਉਹ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਠੀਕ ਨਹੀਂ ਬਣਦੇ ਅਤੇ ਇਸ ਲਈ ਅਦਾਲਤ ਨੂੰ ਅੰਮ੍ਰਿਤਪਾਲ ਨੂੰ ਇਨ੍ਹਾਂ ਚਾਰਜਾਂ ਤੋਂ ਬਰੀ ਕਰਨਾ ਚਾਹੀਦਾ ਹੈ। ਰੀਤੂ ਰਾਜ ਸਿੰਘ ਸੰਧੂ ਨੇ ਦੱਸਿਆ ਕਿ ਅਦਾਲਤ ਵੱਲੋਂ ਹੁਣ ਇਸ ਅਰਜ਼ੀ 'ਤੇ ਸਟੇਟ ਨੂੰ ਜਵਾਬ ਦਾਇਰ ਕਰਨ ਲਈ ਸਮਾਂ ਦਿੱਤਾ ਗਿਆ ਹੈ। ਸਟੇਟ ਪੱਖ ਵੱਲੋਂ ਰਿਪਲਾਈ ਫਾਈਲ ਕਰਨ ਤੋਂ ਬਾਅਦ ਅਗਲੀ ਕਾਰਵਾਈ ਅਦਾਲਤ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਦੀ ਹਾਜ਼ਰੀ ਲਗਾਤਾਰ ਵੀਡੀਓ ਕਾਨਫਰੰਸਿੰਗ ਰਾਹੀਂ ਲਗਾਈ ਜਾ ਰਹੀ ਹੈ। ਵਕੀਲ ਮੁਤਾਬਕ ਉਹ ਇਸ ਸਮੇਂ ਵੀ ਉਸੇ ਸੈੱਲ ਵਿਚ ਹਨ, ਜਿੱਥੇ ਪਹਿਲਾਂ ਰੱਖੇ ਗਏ ਸਨ ਅਤੇ ਉਨ੍ਹਾਂ ਦੀ ਸਥਿਤੀ ਵਿਚ ਕੋਈ ਵੱਡਾ ਬਦਲਾਅ ਨਹੀਂ ਕੀਤਾ ਗਿਆ।

# ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸਬੰਧੀ ਐਕਟ ਦੀ ਸ਼ਬਦਾਵਲੀ ਸਿੱਧੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ : ਗਿਆਨੀ ਅਮਰਜੀਤ ਸਿੰਘ

**■ ਐਕਟ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਚੁਣੌਤੀ ਦੇਣ ਵਾਲੀ ਸਿਆਸੀ ਸਾਜ਼ਿਸ਼ : ਐਡਵੋਕੇਟ ਧਾਮੀ**



**ਅੰਮ੍ਰਿਤਸਰ, (ਪੰਜਾਬ ਮੇਲ)-** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਗਏ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026" ਦੀ ਸ਼ਬਦਾਵਲੀ ਸਿੱਧੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ ਹੈ। ਇਹ ਪ੍ਰਗਟਾਵਾ ਗਿਆਨੀ ਅਮਰਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪ੍ਰਚਾਰਕ, ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ, ਪ੍ਰਬੰਧਕ ਕਮੇਟੀਆਂ ਅਤੇ ਅਖੰਡਪਾਠੀ ਸਭਾਵਾਂ ਦੀ ਵਿਸ਼ੇਸ਼ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕੌਮ ਨੂੰ ਸਰਕਾਰ ਦੀ ਇਸ ਸ਼ਰਾਰਤ ਭਰੀ ਕਾਰਵਾਈ ਤੋਂ ਸੁਚੇਤ ਹੋਣ ਲਈ ਆਖਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਪਾਸ ਕੀਤੇ ਗਏ ਐਕਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸਟੋਰ ਸ਼ਬਦ ਵਰਤਣਾ ਪੰਥਕ ਭਾਵਨਾਵਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਸਿੱਖ ਪ੍ਰੰਪਰਾ ਅਤੇ ਮਰਿਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰਨ ਲਈ ਸੁਖਆਸਣ ਅਤੇ ਸੱਚਖੰਡ ਅਸਥਾਨ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ ਜੋਤ ਗੁਰੂ ਹਨ, ਜਿਸ ਨੂੰ ਸਟੋਰ ਕੀਤੇ ਜਾਣ ਦੀ ਸ਼ਬਦਾਵਲੀ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਐਕਟ ਨੌਜੁਆਨਾਂ ਨੂੰ ਧਾਰਮਿਕ ਜ਼ਿੰਮੇਵਾਰੀਆਂ ਤੋਂ ਦੂਰ ਰੱਖਣ ਦਾ ਕਾਰਨ ਬਣੇਗਾ, ਜੋ ਕੌਮ ਦੇ ਕਦੇ ਵੀ ਹਿੱਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਕੁਝ ਹਿੱਸੇ ਨੂੰ ਭਾਵੁਕ ਹੋ ਕੇ ਇਸ ਐਕਟ ਦੀ ਹਰ ਮੱਧ ਦੀ ਪ੍ਰੋੜਤਾ ਨਹੀਂ ਕਰਨੀ ਚਾਹੀਦੀ।

ਇਸ ਇਕੱਤਰਤਾ ਦੌਰਾਨ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਇਹ ਕਾਨੂੰਨ ਜਿਥੇ ਸਿੱਖ ਸੰਸਥਾਵਾਂ ਵਿਚ ਸਿੱਧੀ ਦਖ਼ਲਅੰਦਾਜ਼ੀ ਹੈ, ਉਥੇ ਸਿੱਖ ਸੰਗਤਾਂ ਅੰਦਰ ਵੀ ਵੱਡੇ ਸ਼ੰਕੇ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਅਤ ਤਾਂ ਇਸ ਗੱਲ ਤੋਂ ਹੀ ਸਪੱਸ਼ਟ ਹੈ ਕਿ ਪੰਜਾਬੀ ਬੋਲਦੇ ਸੂਬੇ ਅੰਦਰ ਹੀ ਇਸ ਦਾ ਤਰਜ਼ਮਾ ਪੰਜਾਬੀ ਵਿਚ ਮੌਜੂਦ ਨਹੀਂ ਹੈ। ਵੱਖ-ਵੱਖ ਬੁਲਾਰਿਆਂ ਦੇ ਵਿਚਾਰ ਜਾਣਨ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026" ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਥਾਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਹੀ ਚੁਣੌਤੀ ਦੇਣ ਵਾਲੀ ਸਿਆਸੀ ਸਾਜ਼ਿਸ਼ ਹੈ। ਖ਼ਾਲਸਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਹੱਕ ਵਿਚ ਹੈ ਅਤੇ ਅਜਿਹੇ ਕਿਸੇ ਵੀ ਕਾਨੂੰਨ ਦਾ ਵਿਰੋਧ ਨਹੀਂ ਕਰਦਾ, ਜੋ ਬੇਅਦਬੀ ਕਰਨ ਵਾਲਿਆਂ ਨੂੰ ਕਰੜੀਆਂ ਸਜ਼ਾਵਾਂ ਦਿੰਦਾ ਹੋਵੇ, ਲੇਕਿਨ ਇਹ ਹਰਗਿਜ਼ ਪ੍ਰਵਾਨ ਨਹੀਂ ਹੈ ਕਿ ਸਰਕਾਰ ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਪੰਥ ਦੇ ਮਾਮਲਿਆਂ 'ਚ ਸਰਕਾਰੀ ਦਖ਼ਲਅੰਦਾਜ਼ੀ ਦਾ ਰਾਹ ਪੱਧਰਾ ਕਰੇ। ਉਨ੍ਹਾਂ ਕਿਹਾ ਕਿ ਇਸ ਇਕੱਠ ਨੇ ਸਰਕਾਰ ਦੀ ਇਸ ਸਿਆਸੀ ਚਾਲ ਦਾ ਵਿਰੋਧ ਕਰਦਿਆਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਬਾਰੇ ਗੰਭੀਰ ਵਿਚਾਰ ਕਰਕੇ ਆਦੇਸ਼ ਦੇਣ ਦੀ ਅਪੀਲ ਕੀਤੀ ਹੈ, ਜੋ ਵੀ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤਾ ਜਾਵੇਗਾ, ਸਮੁੱਚੇ ਖ਼ਾਲਸਾ ਪੰਥ ਨੂੰ ਪ੍ਰਵਾਨ ਹੋਵੇਗਾ।

ਉਨ੍ਹਾਂ ਕਿਹਾ ਕਿ ਇਸ ਐਕਟ ਵਿਚ ਬਹੁਤ ਸਾਰੇ ਸ਼ਬਦ ਸਿੱਖ ਭਾਵਨਾਵਾਂ ਦੇ ਵਿਰੁੱਧ ਹਨ ਅਤੇ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਸਰਕਾਰ ਨੂੰ ਇਸ ਕਾਨੂੰਨ ਬਾਰੇ ਮੁੜ ਪੜਚੋਲ ਕਰਨੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਿੱਖ ਸੰਸਥਾਵਾਂ ਨਾਲ ਵਿਚਾਰ ਕਰਕੇ ਜ਼ਰੂਰੀ ਸੋਧਾਂ ਕਰਨੀਆਂ ਚਾਹੀਦੀਆਂ ਹਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਉਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਉਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


# ਸਾਬਕਾ 'ਆਪ' ਵਿਧਾਇਕ ਅਮਰਜੀਤ ਸੰਦੋਆ ਨੂੰ ਵਿਜੀਲੈਂਸ ਵੱਲੋਂ ਸੰਮਨ



**ਰੋਪੜ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਨੇ ਰੋਪੜ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੂੰ ਕਰੋੜਾਂ ਰੁਪਏ ਦੇ ਜੰਗਲਾਤ ਜ਼ਮੀਨ ਘੁਟਾਲੇ ਦੀ ਜਾਂਚ ਦੇ ਸਬੰਧ ਵਿਚ ਪੁੱਛਗਿੱਛ ਲਈ ਸੰਮਨ ਭੇਜਿਆ ਹੈ। ਅਧਿਕਾਰਤ ਨੋਟਿਸ ਅਨੁਸਾਰ ਸੰਦੋਆ ਨੂੰ ਸ਼ੁੱਕਰਵਾਰ ਸਵੇਰੇ 10 ਵਜੇ ਰੋਪੜ ਸਥਿਤ ਵਿਜੀਲੈਂਸ ਦਫ਼ਤਰ ਵਿਖੇ ਜਾਂਚ ਅਧਿਕਾਰੀ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਹ ਜਾਂਚ ਸਾਲ 2022 'ਚ ਨੂਰਪੁਰ ਬੇਦੀ ਪੁਲਿਸ ਸਟੇਸ਼ਨ ਵਿਚ ਦਰਜ ਐੱਫ.ਆਈ.ਆਰ. ਨਾਲ ਸਬੰਧਤ ਹੈ, ਜਿਸ ਵਿਚ ਧੋਖਾਧੜੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਸ਼ਾਮਲ ਹਨ। ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਜੰਗਲਾਤ ਨਿਗਮ ਵੱਲੋਂ ਪਿੰਡ ਕਰੂਰਾ ਵਿਚ 54 ਏਕੜ ਤੋਂ ਵੱਧ ਜ਼ਮੀਨ 9.9 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖਰੀਦੀ ਗਈ ਸੀ, ਜਦਕਿ ਉੱਥੇ ਕਲੈਕਟਰ ਰੇਟ ਸਿਰਫ਼ 90,000 ਰੁਪਏ ਸੀ। ਦੋਸ਼ ਹੈ ਕਿ ਜੰਗਲਾਤ ਜ਼ਮੀਨ ਨੂੰ ਕਾਗਜ਼ਾਂ ਵਿਚ ਗੈਰ-ਜੰਗਲਾਤ ਦਿਖਾ ਕੇ ਮਹਿੰਗੇ ਭਾਅ 'ਤੇ ਖਰੀਦ ਕੇ ਸਰਕਾਰੀ ਖ਼ਜ਼ਾਨੇ ਨੂੰ ਨੁਕਸਾਨ ਪਹੁੰਚਾਇਆ ਗਿਆ।

ਵਿਜੀਲੈਂਸ ਦੀ ਜਾਂਚ ਵਿਚ ਇਹ ਵੀ


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com


# ਬੀ.ਸੀ.ਸੀ.ਆਈ. ਵੱਲੋਂ ਅਰਸ਼ਦੀਪ ਸਿੰਘ ਦੇ ਵਲੌਗ ਬਣਾਉਣ 'ਤੇ ਰੋਕ



**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਭਾਰਤੀ ਕ੍ਰਿਕਟ ਖਿਡਾਰੀ ਅਤੇ ਪੰਜਾਬ ਕਿੰਗਜ਼ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਸੋਸ਼ਲ ਮੀਡੀਆ ਲਈ ਵਲੌਗ ਨਾ ਬਣਾਉਣ ਦੀ ਹਦਾਇਤ ਕੀਤੀ ਹੈ। ਸੂਤਰਾਂ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਗਿਆ ਹੈ ਕਿ ਬੋਰਡ ਨੇ ਅਰਸ਼ਦੀਪ ਨੂੰ ਹਦਾਇਤ ਦਿੱਤੀ ਹੈ ਕਿ ਉਹ ਟੂਰਨਾਮੈਂਟ ਦੇ ਬਾਕੀ ਰਹਿੰਦੇ ਸਮੇਂ ਲਈ ਕੋਈ ਵੀ ਵਲੌਗ ਪੋਸਟ ਨਾ ਕਰਨ।

ਇਹ ਨਿਰਦੇਸ਼ ਉਸ ਸਮੇਂ ਆਇਆ ਹੈ, ਜਦੋਂ ਅਰਸ਼ਦੀਪ ਦੇ ਸਾਥੀ ਖਿਡਾਰੀ ਯੁਜਵਿੰਦਰ ਚਾਹਲ ਇੱਕ ਵਿਵਾਦ ਵਿਚ ਫਸ ਗਏ ਹਨ। ਸੋਸ਼ਲ ਮੀਡੀਆ ਯੂਜ਼ਰਸ ਨੇ ਦੋਸ਼ ਲਗਾਇਆ ਹੈ ਕਿ ਅਰਸ਼ਦੀਪ ਦੇ ਇੱਕ ਤਾਜ਼ਾ ਵਲੌਗ ਵਿਚ ਚਾਹਲ ਜਹਾਜ਼ ਦੇ ਅੰਦਰ ਈ-ਸਿਗਰੇਟ ਦੀ ਵਰਤੋਂ ਕਰ ਰਹੇ ਹਨ। ਇਹ ਘਟਨਾ ਉਸ ਸਮੇਂ ਦੀ ਦੱਸੀ ਜਾ ਰਹੀ ਹੈ, ਜਦੋਂ ਟੀਮ ਅਹਿਮਦਾਬਾਦ ਤੋਂ ਹੈਦਰਾਬਾਦ ਜਾ ਰਹੀ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਟੂਰਨਾਮੈਂਟ ਦੀ ਸ਼ੁਰੂਆਤ ਤੋਂ ਪਹਿਲਾਂ ਚਾਹਲ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦਾ ਪੂਰਾ ਧਿਆਨ ਆਪਣੀ ਫਿਟਨੈਸ 'ਤੇ ਹੈ। ਆਈ.ਪੀ.ਐੱਲ. ਵਿਚ ਕਿਸੇ ਖਿਡਾਰੀ ਦਾ ਵੇਪਿੰਗ ਵਿਵਾਦ ਵਿਚ ਫਸਣ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਹਾਲ ਹੀ ਵਿਚ ਰਾਜਸਥਾਨ ਰਾਇਲਜ਼ ਦੇ ਕਪਤਾਨ ਰਿਆਨ ਪਰਾਗ ਨੂੰ ਮੁੱਲਾਂਪੁਰ ਵਿਚ ਪੰਜਾਬ ਕਿੰਗਜ਼ ਦੇ ਖਿਲਾਫ ਮੈਚ ਦੌਰਾਨ ਡਰੈਸਿੰਗ ਰੂਮ ਵਿਚ ਵੇਪ ਦੀ ਵਰਤੋਂ ਕਰਦੇ ਹੋਏ ਕੈਮਰੇ ਵਿਚ ਕੈਦ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਮੈਚ ਫੀਸ ਦਾ 25 ਫੀਸਦੀ ਜੁਰਮਾਨਾ ਲਗਾਇਆ ਗਿਆ ਸੀ। ਅਰਸ਼ਦੀਪ ਸਿੰਘ ਅਕਸਰ ਆਪਣੀਆਂ ਮਜ਼ਾਕੀਆ ਵੀਡੀਓਜ਼ ਕਾਰਨ ਸੋਸ਼ਲ ਮੀਡੀਆ 'ਤੇ ਕਾਫੀ ਸਰਗਰਮ ਰਹਿੰਦੇ ਹਨ, ਪਰ ਹੁਣ ਉਨ੍ਹਾਂ ਨੂੰ ਇਸ ਤੋਂ ਦੂਰ ਰਹਿਣਾ ਪਵੇਗਾ।

# ਹਿਮਾਚਲ ਪ੍ਰਦੇਸ਼ ਦੇ ਅੰਦਰੇਟਾ ਵਿਖੇ ਮਿੰਨੀ ਕਹਾਣੀ ਗੋਸ਼ਟੀ ਆਯੋਜਿਤ



ਅੰਦਰੇਟਾ, ਹਿਮਾਚਲ ਪ੍ਰਦੇਸ਼ ਵਿਖੇ ਡਾ.ਹਰਪ੍ਰੀਤ ਸਿੰਘ ਰਾਣਾ (ਪਟਿਆਲਾ) ਦੀ ਪੁਸਤਕ 'ਪੰਜਾਬੀ ਮਿੰਨੀ ਕਹਾਣੀ ਦਾ ਇਤਿਹਾਸ' ਲੋਕ ਅਰਪਣ ਕਰਦੇ ਹੋਏ ਡਾ. ਚੰਦਰਕਾਂਤ ਸਿੰਘ, ਮੁਖੀ ਹਿੰਦੀ ਵਿਭਾਗ, ਸੈਂਟਰਲ ਯੂਨੀਵਰਸਿਟੀ ਧਰਮਸ਼ਾਲਾ (ਹਿਮਾਚਲ ਪ੍ਰਦੇਸ਼), ਨਾਲ ਖੜ੍ਹਾ ਹੈ ਪ੍ਰਧਾਨਗੀ ਮੰਡਲ।

**ਅੰਦਰੇਟਾ, (ਪੰਜਾਬ ਮੇਲ)**- ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅੰਮ੍ਰਿਤਸਰ ਪੰਜਾਬ ਅਤੇ ਅਦਾਰਾ ਮਿੰਨੀ ਮੈਗਜ਼ੀਨ ਵੱਲੋਂ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿਚ ਸਥਿਤ ਕਾਂਗੜਾ ਜ਼ਿਲ੍ਹੇ ਦੇ ਪਿੰਡ ਅੰਦਰੇਟਾ ਵਿਖੇ ਸਥਿਤ ਨਾਟਕ ਦੀ ਨਕੜਦਾਦੀ ਨੌਰਾ ਰਿਚਰਡਜ਼ ਦੀ ਅਮੀਰ ਵਿਰਾਸਤ ਦੇ ਸਥਾਨ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਹੈ, ਵਿਖੇ ਇਕ ਰੋਜ਼ਾ ਰਾਸ਼ਟਰੀ ਮਿੰਨੀ ਕਹਾਣੀ ਗੋਸ਼ਟੀ ਆਯੋਜਿਤ ਕੀਤੀ ਗਈ। ਜਿਸ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਲੇਖਕਾਂ ਨੇ ਵੀ ਹਿੱਸਾ ਲਿਆ। ਇਸ ਗੋਸ਼ਟੀ ਦੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਚੰਦਰ ਕਾਂਤ ਸਿੰਘ, ਮੁਖੀ ਹਿੰਦੀ ਵਿਭਾਗ, ਕੇਂਦਰੀ ਯੂਨੀਵਰਸਿਟੀ ਧਰਮਸ਼ਾਲਾ (ਹਿਮਾਚਲ ਪ੍ਰਦੇਸ਼), ਪ੍ਰਸਿੱਧ ਲਘੂਕਥਾਕਾਰ ਅਸ਼ੋਕ ਦਰਦ (ਬਨੀਖੇਤ, ਡਲਹੌਜ਼ੀ), ਡਾ. ਨਾਇਬ ਸਿੰਘ ਮੰਡੇਰ, ਪ੍ਰਸਿੱਧ ਆਲੋਚਕ (ਹਰਿਆਣਾ), ਡਾ. ਹਰਪ੍ਰੀਤ ਸਿੰਘ ਰਾਣਾ (ਸੰਪਾਦਕ ਅਤੇ ਆਲੋਚਕ) ਅਤੇ ਜਗਦੀਸ਼ ਰਾਏ ਕੁਲਰੀਆਂ (ਆਨਰੇਰੀ ਸੰਪਾਦਕ 'ਮਿੰਨੀ ਮੈਗਜ਼ੀਨ) ਸ਼ਾਮਲ ਸਨ। ਪ੍ਰੋਗਰਾਮ ਦੇ ਪਹਿਲੇ ਸ਼ੈਸ਼ਨ ਦਾ ਆਗਾਜ਼ ਡਾ. ਭਵਾਨੀ ਸ਼ੰਕਰ ਗਰਗ ਨੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਗਜ਼ਲ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ..' ਗਾ ਕੇ ਕੀਤਾ ਅਤੇ ਇਸ ਇਤਿਹਾਸਕ ਸਥਾਨ ਦੇ ਬਾਰੇ ਜਾਣਕਾਰੀ ਦਿੰਦਿਆ ਸ਼੍ਰੀਮਤੀ ਨੌਰਾ ਰਿਚਰਡਜ਼ ਅਤੇ ਸ. ਸ਼ੋਭਾ ਸਿੰਘ ਚਿਤਰਕਾਰ ਦੀ ਦੇਣ ਨੂੰ ਯਾਦ ਕੀਤਾ। ਇਸ ਉਪਰੰਤ ਜਗਦੀਸ਼ ਰਾਏ ਕੁਲਰੀਆਂ ਨੇ ਕਿਹਾ ਕਿ ਮੰਚ ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਇਲਾਕਿਆਂ ਵਿਚ ਜਾ ਕੇ ਗੋਸ਼ਟੀਆਂ ਕਰਨ ਦਾ ਮਕਸਦ ਜਿਥੇ ਮਿੰਨੀ ਕਹਾਣੀ ਵਿਧਾ ਦਾ ਵਿਕਾਸ ਅਤੇ ਪ੍ਰਚਾਰ ਪਾਸਾਰ ਕਰਨਾ ਹੈ, ਉਥੇ ਦੂਜੇ ਪ੍ਰਦੇਸ਼ਾਂ ਵਿਚ ਲਿਖੀ ਜਾ ਰਹੀ ਇਸ ਵਿਧਾ ਦੇ ਲੇਖਕਾਂ ਨਾਲ ਸੰਵਾਦ ਰਚਾਉਣਾ ਅਤੇ ਅਦਾਨ ਪ੍ਰਦਾਨ ਕਰਨਾ ਵੀ ਹੈ। ਮੰਚ ਦੇ ਆਗੂ ਬੀਰ ਇੰਦਰ ਬਨਭੌਰੀ ਨੇ ਕਿਹਾ ਕਿ ਸੱਭਿਆਚਾਰ ਅਤੇ ਸਾਹਿਤਕ ਪ੍ਰਫੁਲਤਾ ਲਈ ਅਜਿਹੇ ਪ੍ਰੋਗਰਾਮਾਂ ਦੀ ਬਹੁਤ ਲੋੜ ਹੈ। ਇਸ ਤੋਂ ਬਾਅਦ ਪ੍ਰਧਾਨਗੀ ਮੰਡਲ ਵੱਲੋਂ 'ਮਿੰਨੀ ਮੈਗਜ਼ੀਨ ਦਾ ਨਵਾਂ ਅੰਕ', ਡਾ. ਹਰਪ੍ਰੀਤ ਸਿੰਘ ਰਾਣਾ ਦੀ ਆਲੋਚਨਾਤਮਕ ਪੁਸਤਕ 'ਪੰਜਾਬੀ ਮਿੰਨੀ ਕਹਾਣੀ ਦਾ ਇਤਿਹਾਸ', ਡਾ. ਸ਼ਿਆਮ ਸੁੰਦਰ ਦੀਪਤੀ ਦਾ ਮਿੰਨੀ ਕਹਾਣੀ ਸੰਗ੍ਰਹਿ 'ਸੱਤਰਵਾਂ ਬਸੰਤ', ਮੰਗਤ ਕੁਲਜਿੰਦ ਦਾ ਮਿੰਨੀ ਕਹਾਣੀ ਸੰਗ੍ਰਹਿ 'ਐਮਬਾਮਿੰਗ', ਦਰਸ਼ਨ ਸਿੰਘ ਬਰੇਟਾ ਦੇ ਮਿੰਨੀ ਕਹਾਣੀ ਸੰਗ੍ਰਹਿ ਦਾ ਦੂਜਾ ਸੰਸਕਰਣ 'ਰੂਹ ਦੀਆਂ ਤੰਦਾਂ', ਡਾ. ਨਾਇਬ ਸਿੰਘ ਮੰਡੇਰ ਦੇ ਮਿੰਨੀ ਕਹਾਣੀ ਸੰਗ੍ਰਹਿ ਦਾ ਦੂਜਾ ਸੰਸਕਰਣ 'ਦਿਲਾਂ ਦੀ ਸਾਂਝ' ਅਤੇ ਤਿਰਪਤ ਭੱਟੀ, ਦਵਿੰਦਰ ਪਟਿਆਲਵੀ, ਹਰਦੀਪ ਸੱਭਰਵਾਲ ਵੱਲੋਂ ਸੰਪਾਦਿਤ 'ਛਿਣ' ਮੈਗਜ਼ੀਨ ਦਾ ਨਵਾਂ ਅੰਕ ਰਿਲੀਜ਼ ਕੀਤੇ ਗਏ।

ਸਮਾਗਮ ਦੇ ਦੂਜੇ ਸ਼ੈਸ਼ਨ ਵਿਚ ਮਿੰਨੀ ਕਹਾਣੀਆਂ ਪੜ੍ਹਨ ਦੇ ਸ਼ੁਰੂ ਹੋਏ ਦੌਰ ਵਿਚ ਕੁਲਵਿੰਦਰ ਕੌਸ਼ਲ ਨੇ 'ਮੈਂ ਮੁੜ ਆਵਾਂਗਾ' ਤੇ 'ਸੀਰੀਅਲ ਕਿਲਰ', ਗੁਰਮੀਤ ਸਿੰਘ ਮਰਾੜ ਨੇ 'ਵੇਲਾ ਆਪੋ ਆਪਣਾ' ਤੇ 'ਕੋਈ ਇਕ ਤਾਂ ਹੋਵੇ', ਕਵਿਤਾ ਰਾਜਬੰਸ ਨੇ 'ਵਿਰਾਸਤ' ਤੇ 'ਹਵਾ ਦਾ ਬੁੱਲ੍ਹਾ', ਜੋਗਿੰਦਰ ਕੌਰ ਅਗਨੀਹੋਤਰੀ ਨੇ 'ਤਪ' ਤੇ 'ਕੰਨਿਆ ਦਾਨ', ਦਵਿੰਦਰ ਪਟਿਆਲਵੀ ਨੇ 'ਅਸੂਲਾਂ ਦੀ ਜਿਤ' ਤੇ 'ਸੰਸਕਾਰ', ਕੁਲਵਿੰਦਰ ਕੁਮਾਰ ਬਹਾਦਰਗੜ੍ਹ ਨੇ 'ਆਲ੍ਹਣੇ' ਤੇ 'ਨਾਗ', ਪਰਮਜੀਤ ਕੌਰ ਸ਼ੇਖੂਪੁਰ ਕਲਾਂ ਨੇ 'ਸਿਸਟਮ' ਤੇ 'ਸੱਚਾ ਪਿਆਰ', ਮਹਿੰਦਰਪਾਲ ਬਰੇਟਾ ਨੇ 'ਬਾਪੂ ਦੇ ਫੁੱਲ' ਤੇ 'ਏਹੋ ਹਮਾਰਾ ਜੀਵੁਣਾ', ਸ਼ੌਕੀਨ ਸਿੰਘ ਨੇ 'ਅਲਜ਼ਾਈਮਰ' ਤੇ 'ਖਾਲੀ ਧਰਤੀ ਦਾ ਵਾਰਿਸ', ਅਸ਼ੋਕ ਦਰਦ ਬਨੀਖੇਤ ਨੇ 'ਹਥਿਆਰ' ਤੇ 'ਰਾਜਨੀਤੀ ਕਾ ਗਣਿਤ', ਤਰੁਣਵੀਰ ਸਿੰਘ ਨੇ 'ਹਾਹਾ' ਤੇ 'ਦੀਦਾਰ ਏ ਜ਼ਿੰਦਗੀ', ਬੀਰ ਇੰਦਰ ਬਨਭੌਰੀ ਨੇ 'ਅਧਵੱਟੇ ਬੰਬਲ' ਤੇ 'ਨਾਇਕ', ਰਾਜਿੰਦਰ ਰਾਣੀ ਨੇ 'ਰੁੱਖੀ ਮਿੱਸੀ', ਵਿਸ਼ਾਲ ਵਰਮਾ ਹਿਮਾਚਲ ਪ੍ਰਦੇਸ਼ ਨੇ 'ਏਕ ਝੋਕਾ ਪਿਆਰ ਕਾ', ਜਗਦੀਸ਼ ਰਾਏ ਕੁਲਰੀਆਂ ਨੇ 'ਜ਼ਿੰਦਗੀ' ਤੇ 'ਟਿਕਟ' ਅਤੇ ਬਲਰਾਜ ਕੁਹਾੜਾ ਨੇ 'ਹੱਕ' ਤੇ 'ਬੁੱਕਲ' ਨਾਮੀਂ ਆਪੋ ਆਪਣੀਆਂ ਦੋ-ਦੋ ਮਿੰਨੀ ਕਹਾਣੀਆਂ ਦਾ ਪਾਠ ਕੀਤਾ।

ਡਾ. ਨਾਇਬ ਸਿੰਘ ਮੰਡੇਰ ਨੇ ਕਿਹਾ ਕਿ ਪੜ੍ਹੀਆਂ ਗਈਆਂ ਮਿੰਨੀ ਕਹਾਣੀਆਂ ਵਿਸ਼ੇ ਅਤੇ ਰੂਪਕ ਪੱਖੋਂ ਧਿਆਨ ਖਿਚਦੀਆਂ ਹਨ। ਇਹ ਮਿੰਨੀ ਕਹਾਣੀਆਂ ਮਿੰਨੀ ਕਹਾਣੀ ਦੇ ਵਿਧਾਨਕ ਢਾਂਚੇ ਅਨੁਸਾਰ ਮੇਲ ਖਾਂਦੀਆ ਹਨ। ਉਨ੍ਹਾਂ ਲੇਖਕਾਂ ਨੂੰ ਵਿਧਾ ਨੂੰ ਸੰਜੀਦਗੀ ਅਤੇ ਪ੍ਰਤੀਬਧਤਾ ਨਾਲ ਅਪਣਾਉਣ ਦੀ ਅਪੀਲ ਕੀਤੀ। ਅਸ਼ੋਕ ਦਰਦ ਬਨੀਖੇਤ ਨੇ ਕਿਹਾ ਕਿ ਅਜਿਹੇ ਸਮਾਗਮ ਲੇਖਕਾਂ ਲਈ ਨਵੇਂ ਰਾਹ ਖੋਲ੍ਹਦੇ ਹਨ। ਡਾ. ਹਰਪ੍ਰੀਤ ਸਿੰਘ ਰਾਣਾ ਨੇ ਮਿੰਨੀ ਕਹਾਣੀ ਦੇ ਇਤਿਹਾਸ ਦੇ ਹਵਾਲੇ ਨਾਲ ਗੱਲ ਕਰਦੇ ਹੋਏ ਕਿਹਾ ਕਿ ਵਰਤਮਾਨ ਸਮੇਂ ਦੀ ਮਿੰਨੀ ਕਹਾਣੀ ਨਵੀਆਂ ਮੰਜ਼ਿਲਾਂ ਸਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਨੂੰ ਇਸ ਵਿਧਾ ਦੇ ਵਿਕਾਸ ਲਈ ਹੋਰ ਉਪਰਾਲੇ ਕਰਨੇ ਚਾਹੀਦੇ ਹਨ। ਪ੍ਰੋ. ਚੰਦਰਕਾਂਤ ਸਿੰਘ ਨੇ ਸਫ਼ਲ ਸਮਾਗਮ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਹਿਤ ਦੇ ਖੇਤਰ ਵਿਚ ਲਘੂਕਥਾ ਵਿਧਾ ਵਿਚ ਬਹੁਤ ਸੰਭਾਵਨਾਵਾਂ ਹਨ। ਸਮਾਗਮ ਦਾ ਤੀਜਾ ਸ਼ੈਸ਼ਨ 'ਓਪਨ ਸ਼ੈਸ਼ਨ' ਸੀ, ਜਿਸ ਵਿਚ ਦੇਰ ਰਾਤ ਤੱਕ ਮਿੰਨੀ ਕਹਾਣੀ ਲੇਖਕਾਂ ਨੇ ਆਪਣੀ ਸਿਰਜਣ ਪ੍ਰਕ੍ਰਿਆ ਦੇ ਹਵਾਲੇ ਨਾਲ ਆਪਣੀ ਗੱਲ ਰੱਖੀ ਅਤੇ ਸਵਾਲਾਂ ਦੇ ਜਵਾਬ ਦਿੱਤੇ। ਮੰਚ ਵੱਲੋਂ ਪ੍ਰਧਾਨਗੀ ਮੰਡਲ ਦਾ ਸਨਮਾਨ ਕੀਤਾ ਗਿਆ ਅਤੇ ਭਾਗੀਦਾਰਾਂ ਨੂੰ ਪ੍ਰਮਾਣ ਪੱਤਰ ਭੇਂਟ ਕੀਤੇ ਗਏ। ਮਹਿੰਦਰਪਾਲ ਬਰੇਟਾ ਨੇ ਪ੍ਰੋਗਰਾਮ ਦੀ ਰਿਕਾਰਡਿੰਗ, ਸ਼ੌਕੀਨ ਸਿੰਘ, ਤਰੁਣਵੀਰ ਸਿੰਘ ਅਤੇ ਰਾਜਿੰਦਰ ਰਾਣੀ ਨੇ ਫੋਟੋਗ੍ਰਾਫ਼ੀ ਕੀਤੀ। ਖਜ਼ਾਨਚੀ ਕੁਲਵਿੰਦਰ ਕੌਸ਼ਲ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਲੈਕਚਰਾਰ ਅੰਜਨਾ ਰਾਣੀ, ਕਿਰਨਬਾਲਾ ਸੰਗਰੂਰ, ਸ਼ਿਖਾ ਗਰਗ, ਵਤਨਦੀਪ, ਸੋਹਿਤ ਰਾਏ, ਆਸ਼ਾ ਠਾਕੁਰ ਬਨੀਖੇਤ, ਉੱਤਮ ਸਿੰਘ, ਪਾਰਿਕਾ ਸਿੰਗਲਾ, ਅਜੈ ਸ਼ਰਮਾ ਤੇ ਰਾਜ ਭਵਨ ਵੀ ਮੌਜੂਦ ਸਨ।

# ਐੱਸ.ਜੀ.ਪੀ.ਸੀ. ਵੱਲੋਂ ਵੱਡੇ ਪੱਧਰ 'ਤੇ ਮਨਾਈ ਜਾਵੇਗੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ 650ਵੀਂ ਜਨਮ ਸ਼ਤਾਬਦੀ



**ਅੰਮ੍ਰਿਤਸਰ, (ਪੰਜਾਬ ਮੇਲ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਜਨਮ ਦਿਹਾੜੇ ਦੀ ਸ਼ਤਾਬਦੀ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਵੱਲੋਂ ਗਠਿਤ ਸਬ-ਕਮੇਟੀ ਦੀ ਪਲੇਠੀ ਮੀਟਿੰਗ ਹੋਈ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਪ੍ਰੈੱਸ ਕਾਨਫਰੰਸ ਰਾਹੀਂ ਅਹਿਮ ਫੈਸਲਿਆਂ ਦੀ ਜਾਣਕਾਰੀ ਸਾਂਝੀ ਕੀਤੀ। ਧਾਮੀ ਨੇ ਦੱਸਿਆ ਕਿ ਰਵਿਦਾਸ ਮਹਾਰਾਜ ਜੀ ਦੀ 650 ਸਾਲਾ ਸ਼ਤਾਬਦੀ 20 ਫਰਵਰੀ 2027 ਨੂੰ ਆ ਰਹੀ ਹੈ। ਇਸ ਸਬੰਧੀ ਮੁੱਖ ਸਮਾਗਮ 18, 19 ਅਤੇ 20 ਫਰਵਰੀ 2027 ਨੂੰ ਤਿੰਨ ਦਿਨਾਂ ਲਈ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ।

ਐਡਵੋਕੇਟ ਧਾਮੀ ਨੇ ਕਿਹਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ (ਬਨਾਰਸ) ਤੋਂ ਇੱਕ ਵਿਸ਼ਾਲ ਨਗਰ ਕੀਰਤਨ ਆਰੰਭ ਕੀਤਾ ਜਾਵੇਗਾ। ਇਸ ਨਗਰ ਕੀਰਤਨ ਦੇ ਰੂਟ ਦੀ ਰੂਪਰੇਖਾ ਤੈਅ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਅਧਿਕਾਰੀਆਂ ਦੀ ਇੱਕ ਟੀਮ ਪੰਜਾਬ ਤੋਂ ਬਾਹਰਲੇ ਮਿਸ਼ਨਾਂ ਨਾਲ ਤਾਲਮੇਲ ਕਰੇਗੀ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਦਿਅਕ ਅਦਾਰਿਆਂ ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ (ਫਤਿਹਗੜ੍ਹ ਸਾਹਿਬ), ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ) ਅਤੇ ਹੋਰ ਕਾਲਜਾਂ ਵਿਚ 6 ਸੈਮੀਨਾਰ ਕਰਵਾਏ ਜਾਣਗੇ। ਇਨ੍ਹਾਂ ਸੈਮੀਨਾਰਾਂ ਦਾ ਵਿਸ਼ਾ 'ਗੁਰਬਾਣੀ ਫਲਸਫਾ ਤੇ ਜੀਵਨ ਜਾਂਚ' ਹੋਵੇਗਾ, ਜੋ ਕੇਵਲ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਗੁਰਬਾਣੀ 'ਤੇ ਹੋਣਗੇ।

ਪ੍ਰਧਾਨ ਧਾਮੀ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਇਤਿਹਾਸਕ ਅਸਥਾਨਾਂ 'ਤੇ 8 ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਨ੍ਹਾਂ ਵਿਚ ਕੇਵਲ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਗਾਇਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਯਤਨ ਕੀਤਾ ਜਾਵੇਗਾ ਕਿ ਇਕ ਸੈਮੀਨਾਰ 'ਤੇ ਕੀਰਤਨ ਦਰਬਾਰ ਪੰਜਾਬ ਤੋਂ ਬਾਹਰ ਵੀ ਕਰਵਾਇਆ ਜਾਵੇਗਾ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਬਾਣੀ ਖੋਜ 'ਤੇ ਆਧਾਰਿਤ 20, 22 ਪੰਨਿਆਂ ਦੀ ਇੱਕ ਪੁਸਤਕ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ 'ਚ ਪ੍ਰਕਾਸ਼ਿਤ ਕੀਤੀ ਜਾਵੇਗੀ, ਤਾਂ ਜੋ ਨਗਰ ਕੀਰਤਨ 'ਚ ਵੰਡਿਆ ਜਾ ਸਕੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਫਲੋਰੀਡਾ ਦੇ ਕਰੂਜ਼ ਜਹਾਜ਼ 'ਤੇ 100 ਤੋਂ ਵੱਧ ਲੋਕ ਨੋਰੋਵਾਇਰਸ ਨਾਲ ਬਿਮਾਰ

ਫੋਰਟ ਲਾਡਰਡੇਲ, ਫਲੋਰੀਡਾ (ਪੰਜਾਬ ਮੇਲ)- ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ.) ਦੇ ਅਨੁਸਾਰ, ਪਿਛਲੇ ਹਫ਼ਤੇ ਫਲੋਰੀਡਾ ਤੋਂ ਰਵਾਨਾ ਹੋਏ ਅਤੇ ਜਲਦੀ ਹੀ ਵਾਪਸ ਆਉਣ ਵਾਲੇ ਇੱਕ ਕਰੂਜ਼ ਜਹਾਜ਼ 'ਤੇ 100 ਤੋਂ ਵੱਧ ਲੋਕ ਨੋਰੋਵਾਇਰਸ ਨਾਲ ਬਿਮਾਰ ਹੋ ਗਏ ਹਨ।

ਕਰੂਜ਼ ਮੈਪਰ ਦੇ ਅਨੁਸਾਰ, ਕੈਰੇਬੀਅਨ ਪ੍ਰਿੰਸੈਸ ਕਰੂਜ਼ ਜਹਾਜ਼ 28 ਅਪ੍ਰੈਲ ਨੂੰ ਪੋਰਟ ਐਵਰਗਲੇਡਜ਼ ਤੋਂ ਰਵਾਨਾ ਹੋਇਆ ਸੀ ਅਤੇ 11 ਮਈ ਨੂੰ ਬ੍ਰੇਵਰਡ ਕਾਉਂਟੀ ਦੇ ਪੋਰਟ ਕੈਨੇਵਰਲ ਵਾਪਸ ਆਵੇਗਾ।

ਸੀ.ਡੀ.ਸੀ. ਨੇ ਕਿਹਾ ਕਿ ਵੀਰਵਾਰ, 7 ਮਈ ਤੱਕ, ਜਹਾਜ਼ 'ਤੇ 102 ਯਾਤਰੀ ਅਤੇ 13 ਚਾਲਕ ਦਲ ਦੇ ਮੈਂਬਰ ਸਨ, ਜਿਨ੍ਹਾਂ ਦੇ ਬਿਮਾਰ ਹੋਣ ਦੀ ਰਿਪੋਰਟ ਸੀ। ਨਵੀਨਤਮ ਨੋਰੋਵਾਇਰਸ ਪ੍ਰਕੋਪ ਤੋਂ ਪ੍ਰਭਾਵਿਤ ਲੋਕਾਂ ਵਿਚ ਦਸਤ ਅਤੇ ਉਲਟੀਆਂ ਦੇ ਆਮ ਲੱਛਣ ਦਿਖਾਈ ਦਿੱਤੇ ਹਨ।

ਸਿਹਤ ਏਜੰਸੀ ਅਨੁਸਾਰ, ਇਹ ਵਾਇਰਸ, ਜੋ ਕਿ ਬਹੁਤ ਜ਼ਿਆਦਾ ਛੂਤ ਵਾਲਾ ਹੈ, ਸੰਯੁਕਤ ਰਾਜ ਅਮਰੀਕਾ ਵਿਚ ਭੋਜਨ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਮੁੱਖ ਕਾਰਨ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਬਿਮਾਰ ਲੋਕਾਂ ਅਤੇ ਦੂਸ਼ਿਤ ਭੋਜਨ, ਪਾਣੀ ਜਾਂ ਸਤਹਾਂ ਰਾਹੀਂ ਤੇਜ਼ੀ ਨਾਲ ਫੈਲਦਾ ਹੈ।

ਜ਼ਿਆਦਾਤਰ ਲੋਕਾਂ ਵਿਚ ਸੰਪਰਕ ਵਿਚ ਆਉਣ ਦੇ 12 ਤੋਂ 48 ਘੰਟਿਆਂ ਦੇ ਅੰਦਰ ਲੱਛਣ ਵਿਕਸਤ ਹੋ ਜਾਂਦੇ ਹਨ। ਕੁਝ ਹੋਰ ਆਮ ਤੌਰ 'ਤੇ ਦੱਸੇ ਗਏ ਲੱਛਣਾਂ ਵਿਚ ਪੇਟ ਦਰਦ, ਸਿਰ ਦਰਦ ਅਤੇ ਬੁਖਾਰ ਸ਼ਾਮਲ ਹਨ। ਸੀ.ਡੀ.ਸੀ. ਨੇ ਕਿਹਾ ਕਿ ਪ੍ਰਿੰਸੈਸ ਕਰੂਜ਼ ਨੇ ਜਹਾਜ਼ 'ਤੇ ਸਫਾਈ ਵਧਾ ਕੇ ਅਤੇ ਬਿਮਾਰ ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਨੂੰ ਅਲੱਗ ਕਰਕੇ ਇਸ ਪ੍ਰਕੋਪ ਦਾ ਜਵਾਬ ਦਿੱਤਾ ਹੈ।



# ਕੈਲੀਫੋਰਨੀਆ ਪ੍ਰਾਇਮਰੀ ਚੋਣਾਂ 2026

# ਤੁਹਾਡੀ ਇੱਕ ਵੋਟ ਕਿਵੇਂ ਬਦਲ ਸਕਦੀ ਹੈ ਭਵਿੱਖ ਦੀ ਸਰਕਾਰ


ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA




ਅਮਰੀਕਾ ’ਚ ਲੋਕਤੰਤਰ ਨੂੰ ਦੁਨੀਆਂ ਦੇ ਸਭ ਤੋਂ ਮਜ਼ਬੂਤ ਲੋਕਤੰਤਰਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਇੱਥੇ ਸਰਕਾਰਾਂ ਸਿਰਫ਼ ਨੇਤਾਵਾਂ ਨਾਲ ਨਹੀਂ, ਸਗੋਂ ਆਮ ਲੋਕਾਂ ਦੀ ਵੋਟ ਨਾਲ ਬਣਦੀਆਂ ਹਨ। ਇਸੇ ਲੋਕਤੰਤਰਿਕ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਹਿੱਸਾ ਹਨ 2 ਜੂਨ 2026 ਨੂੰ ਹੋਣ ਵਾਲੀਆਂ ਕੈਲੀਫੋਰਨੀਆ ਦੀਆਂ ਪ੍ਰਾਈਮਰੀ ਚੋਣਾਂ। ਇਹ ਚੋਣਾਂ ਸਿਰਫ਼ ਇੱਕ ਰਾਜਨੀਤਿਕ ਕਾਰਵਾਈ ਨਹੀਂ, ਸਗੋਂ ਆਉਣ ਵਾਲੇ ਚਾਰ ਸਾਲਾਂ ਲਈ ਕੈਲੀਫੋਰਨੀਆ ਅਤੇ ਕਈ ਹੱਦ ਤੱਕ ਅਮਰੀਕਾ ਦੀ ਦਿਸ਼ਾ ਤੈਅ ਕਰਨ ਵਾਲਾ ਵੱਡਾ ਮੋੜ ਮੰਨੀਆਂ ਜਾ ਰਹੀਆਂ ਹਨ।

ਇਸ ਵਾਰ ਦੀਆਂ ਚੋਣਾਂ ਖਾਸ ਤੌਰ ’ਤੇ ਇਸ ਕਰਕੇ ਵੀ ਦਿਲਚਸਪ ਹਨ ਕਿਉਂਕਿ ਕੈਲੀਫੋਰਨੀਆ ਦੇ ਮੌਜੂਦਾ ਗਵਰਨਰ ਗੈਵਿਨ ਨਿਊਸਮ ਦਾ ਕਾਰਜਕਾਲ ਆਪਣੀ ਅੰਤਲੀ ਪੜਾਅ ਵੱਲ ਵੱਧ ਰਿਹਾ ਹੈ ਅਤੇ ਹੁਣ ਨਵੇਂ ਗਵਰਨਰ ਦੀ ਚੋਣ ਲਈ ਦੋਵਾਂ ਵੱਡੀਆਂ ਪਾਰਟੀਆਂ — ਡੈਮੋਕਰੇਟਿਕ ਅਤੇ ਰਿਪਬਲਿਕਨ — ਦੇ ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਸ ਤੋਂ ਇਲਾਵਾ ਯੂ.ਐੱਸ. ਸੈਨੇਟ, ਕਾਂਗਰਸ, ਕਾਊਂਟੀ ਬੋਰਡ, ਸਿਟੀ ਕੌਂਸਲਾਂ, ਸਕੂਲ ਬੋਰਡਾਂ ਅਤੇ ਹੋਰ ਸਥਾਨਕ ਅਹੁਦਿਆਂ ਲਈ ਵੀ ਵੋਟਾਂ ਪੈਣੀਆਂ ਹਨ।

ਅਮਰੀਕਾ ’ਚ ਪ੍ਰਾਈਮਰੀ ਚੋਣਾਂ ਦਾ ਮਤਲਬ ਹੁੰਦਾ ਹੈ ਕਿ ਹਰ ਪਾਰਟੀ ਆਪਣੇ ਅੰਦਰੋਂ ਉਹ ਉਮੀਦਵਾਰ ਚੁਣਦੀ ਹੈ, ਜੋ ਬਾਅਦ ਵਿਚ ਨਵੰਬਰ ਵਿਚ ਹੋਣ ਵਾਲੀਆਂ ਮੁੱਖ ਚੋਣਾਂ ਵਿਚ ਪਾਰਟੀ ਦੀ ਨੁਮਾਇੰਦਗੀ ਕਰੇਗਾ। ਅਰਥਾਤ ਜੇ ਤੁਸੀਂ ਡੈਮੋਕਰੇਟ ਵਜੋਂ ਰਜਿਸਟਰਡ ਹੋ, ਤਾਂ ਤੁਸੀਂ ਡੈਮੋਕਰੇਟਿਕ ਉਮੀਦਵਾਰਾਂ ਵਿਚੋਂ ਆਪਣੀ ਪਸੰਦ ਦੇ ਉਮੀਦਵਾਰ ਨੂੰ ਚੁਣੋਗੇ। ਜੇ ਤੁਸੀਂ ਰਿਪਬਲਿਕਨ ਹੋ, ਤਾਂ ਤੁਸੀਂ ਆਪਣੀ ਪਾਰਟੀ ਦੇ ਉਮੀਦਵਾਰ ਨੂੰ ਚੁਣੋਗੇ। ਇਹੀ ਉਮੀਦਵਾਰ ਬਾਅਦ ਵਿਚ ਨਵੰਬਰ 2026 ਦੀ ਫਾਈਨਲ ਚੋਣ ਵਿਚ ਆਹਮੋ-ਸਾਹਮਣੇ ਹੋਣਗੇ।

ਕੈਲੀਫੋਰਨੀਆ ਵਿਚ ਚੋਣ ਪ੍ਰਣਾਲੀ ਨੂੰ ਸੁਚੱਜੇ ਤਰੀਕੇ ਨਾਲ ਚਲਾਉਣ ਦੀ ਜ਼ਿੰਮੇਵਾਰੀ ਸ਼ਰਲੀ ਵੇਬਰ ਦੇ ਦਫ਼ਤਰ ਦੀ ਹੁੰਦੀ ਹੈ। ਸੈਕਟਰੀ ਆਫ ਸਟੇਟ ਦਾ ਦਫ਼ਤਰ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਰਜਿਸਟਰਡ ਵੋਟਰ ਤੱਕ ਬੈਲਟ ਪੇਪਰ ਸਮੇਂ ਸਿਰ ਪਹੁੰਚੇ, ਵੋਟਾਂ ਸੁਰੱਖਿਅਤ ਢੰਗ ਨਾਲ ਇਕੱਠੀਆਂ ਹੋਣ ਅਤੇ ਚੋਣਾਂ ਪੂਰੀ ਪਾਰਦਰਸ਼ਤਾ ਨਾਲ ਕਰਵਾਈਆਂ ਜਾਣ।

ਅਮਰੀਕਾ ’ਚ ਚੋਣ ਪ੍ਰਣਾਲੀ ਦੀ ਇੱਕ ਖਾਸ ਗੱਲ ਇਹ ਹੈ ਕਿ ਇੱਥੇ ਜ਼ਿਆਦਾਤਰ ਵੋਟਰਾਂ ਨੂੰ ਡਾਕ ਰਾਹੀਂ ਵੋਟ ਬੈਲਟ ਘਰ ਭੇਜੇ ਜਾਂਦੇ ਹਨ। ਲਗਭਗ ਇੱਕ ਮਹੀਨਾ ਪਹਿਲਾਂ ਬੈਲਟ ਪੇਪਰ ਵੋਟਰਾਂ ਦੇ ਘਰਾਂ ਤੱਕ ਪਹੁੰਚ ਜਾਂਦੇ ਹਨ। ਇਸ ਵਾਰ ਵੀ ਮਈ ਦੇ ਪਹਿਲੇ ਹਫ਼ਤੇ ਤੋਂ ਹੀ ਕੈਲੀਫੋਰਨੀਆ ਦੇ ਲੱਖਾਂ ਲੋਕਾਂ ਨੂੰ ਬੈਲਟ ਪੇਪਰ ਮਿਲਣੇ ਸ਼ੁਰੂ ਹੋ ਚੁੱਕੇ ਹਨ। ਵੋਟਰ ਕੋਲ ਪੂਰਾ ਸਮਾਂ ਹੁੰਦਾ ਹੈ ਕਿ ਉਹ ਘਰ ਬੈਠ ਕੇ ਆਰਾਮ ਨਾਲ ਆਪਣੇ ਉਮੀਦਵਾਰ ਚੁਣੇ ਅਤੇ ਫਿਰ ਬੈਲਟ ਪੇਪਰ ਵਾਪਸ ਮੇਲ ਕਰ ਦੇਵੇ ਜਾਂ ਡਰਾਪ ਬਾਕਸ ਵਿਚ ਪਾ ਦੇਵੇ।

ਦੁੱਖ ਦੀ ਗੱਲ ਇਹ ਹੈ ਕਿ ਸਾਡੀ ਪੰਜਾਬੀ ਕਮਿਊਨਿਟੀ ਵਿਚ ਅਜੇ ਵੀ ਕਈ ਲੋਕ ਇਸ ਬੈਲਟ ਪੇਪਰ ਦੀ ਮਹੱਤਤਾ ਨੂੰ ਸਮਝਦੇ ਨਹੀਂ। ਬਹੁਤੇ ਲੋਕ ਇਸਨੂੰ “ਫ਼ਾਲਤੂ ਕਾਗਜ਼” ਸਮਝ ਕੇ ਗਾਰਬੇਜ ਵਿਚ ਸੁੱਟ ਦਿੰਦੇ ਹਨ ਜਾਂ ਕਹਿੰਦੇ ਹਨ ਕਿ “ਇੱਕ ਵੋਟ ਨਾਲ ਕੀ ਫਰਕ ਪੈਣਾ ?” ਪਰ ਅਸਲ ਵਿਚ ਇੱਕ-ਇੱਕ ਵੋਟ ਦੀ ਬਹੁਤ ਵੱਡੀ ਕੀਮਤ ਹੁੰਦੀ ਹੈ। ਅਮਰੀਕਾ ਵਿਚ ਕਈ ਚੋਣਾਂ ਕੁਝ ਸੌ ਜਾਂ ਕੁਝ ਹਜ਼ਾਰ ਵੋਟਾਂ ਨਾਲ ਜਿੱਤੀਆਂ ਅਤੇ ਹਾਰੀਆਂ ਗਈਆਂ ਹਨ। ਲੋਕਤੰਤਰ ਵਿਚ ਬੂੰਦ-ਬੂੰਦ ਨਾਲ ਹੀ ਸਮੁੰਦਰ ਭਰਦਾ ਹੈ।

ਇੱਥੇ ਇੱਕ ਗੱਲ ਸਮਝਣ ਵਾਲੀ ਹੈ ਕਿ ਜਦੋਂ ਤੁਸੀਂ ਅਮਰੀਕਾ ਦੇ ਸਿਟੀਜ਼ਨ ਬਣਦੇ ਹੋ, ਤਾਂ ਤੁਹਾਨੂੰ ਸਿਰਫ਼ ਪਾਸਪੋਰਟ ਹੀ ਨਹੀਂ ਮਿਲਦਾ, ਸਗੋਂ ਇੱਕ ਜ਼ਿੰਮੇਵਾਰੀ ਵੀ ਮਿਲਦੀ ਹੈ। ਇਹ ਦੇਸ਼ ਫਿਰ ਤੁਹਾਡਾ ਆਪਣਾ ਦੇਸ਼ ਬਣ ਜਾਂਦਾ ਹੈ। ਤੁਹਾਡੀ ਵੋਟ ਤੁਹਾਡੀ ਆਵਾਜ਼ ਹੁੰਦੀ ਹੈ। ਜੇ ਤੁਸੀਂ ਵੋਟ ਨਹੀਂ ਪਾਉਂਦੇ, ਤਾਂ ਫਿਰ ਤੁਹਾਡੇ ਮੁੱਦਿਆਂ ਦੀ ਅਹਿਮੀਅਤ ਵੀ ਘੱਟ ਹੋ ਜਾਂਦੀ ਹੈ।

ਅੱਜ ਇਮੀਗ੍ਰੇਸ਼ਨ, ਟੈਕਸ, ਗੈਸ ਦੀਆਂ ਕੀਮਤਾਂ, ਬਿਜ਼ਨਸ ਕਾਨੂੰਨ, ਕ੍ਰਾਈਮ, ਘਰਾਂ ਦੀਆਂ ਕੀਮਤਾਂ, ਇੰਸ਼ੋਰੈਂਸ, ਸਿਹਤ ਸੇਵਾਵਾਂ ਅਤੇ ਸਕੂਲ ਸਿਸਟਮ ਵਰਗੇ ਮੁੱਦੇ ਸਿੱਧੇ ਤੌਰ ’ਤੇ ਲੋਕਾਂ ਦੀ ਜ਼ਿੰਦਗੀ ’ਤੇ ਅਸਰ ਪਾ ਰਹੇ ਹਨ। ਇਹ ਸਾਰੇ ਫੈਸਲੇ ਉਹੀ ਲੋਕ ਕਰਦੇ ਹਨ, ਜਿਨ੍ਹਾਂ ਨੂੰ ਤੁਸੀਂ ਵੋਟ ਦੇ ਕੇ ਚੁਣਦੇ ਹੋ। ਇਸ ਲਈ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚਿਆਂ ਦਾ ਭਵਿੱਖ ਚੰਗਾ ਹੋਵੇ, ਤੁਹਾਡੇ ਕਾਰੋਬਾਰ ਲਈ ਵਧੀਆ ਨੀਤੀਆਂ ਬਣਨ, ਤੁਹਾਡੀ ਕਮਿਊਨਿਟੀ ਦੀ ਗੱਲ ਸੁਣੀ ਜਾਵੇ, ਤਾਂ ਵੋਟ ਪਾਉਣਾ ਬਹੁਤ ਜ਼ਰੂਰੀ ਹੈ।

ਕਾਨੂੰਨੀ ਤੌਰ ’ਤੇ ਕੈਲੀਫੋਰਨੀਆ ਵਿਚ ਹਰ ਉਹ ਵਿਅਕਤੀ ਵੋਟ ਪਾ ਸਕਦਾ ਹੈ, ਜੋ ਅਮਰੀਕੀ ਸਿਟੀਜ਼ਨ ਹੋਵੇ, ਘੱਟੋ-ਘੱਟ 18 ਸਾਲ ਦਾ ਹੋਵੇ ਅਤੇ ਵੋਟਰ ਵਜੋਂ ਰਜਿਸਟਰਡ ਹੋਵੇ। ਜੇ ਕੋਈ ਨੌਜਵਾਨ ਇੱਥੇ ਜਨਮਿਆ ਹੈ, ਤਾਂ ਉਹ 18 ਸਾਲ ਦੀ ਉਮਰ ਤੋਂ ਬਾਅਦ ਵੋਟ ਪਾਉਣ ਦਾ ਹੱਕਦਾਰ ਹੁੰਦਾ ਹੈ। ਇਸੇ ਤਰ੍ਹਾਂ ਕੋਈ ਪ੍ਰਵਾਸੀ ਜਦੋਂ ਨੈਚਰਲਾਈਜ਼ੇਸ਼ਨ ਰਾਹੀਂ ਅਮਰੀਕੀ ਸਿਟੀਜ਼ਨ ਬਣ ਜਾਂਦਾ ਹੈ, ਤਾਂ ਉਸਨੂੰ ਵੀ ਵੋਟ ਦਾ ਅਧਿਕਾਰ ਮਿਲ ਜਾਂਦਾ ਹੈ।

ਕਈ ਲੋਕ ਪੁੱਛਦੇ ਹਨ ਕਿ ਜੇ ਬੈਲਟ ਪੇਪਰ ਗੁੰਮ ਹੋ ਜਾਵੇ, ਤਾਂ ਕੀ ਕਰੀਏ ? ਇਸ ਦਾ ਵੀ ਪ੍ਰਬੰਧ ਹੈ। ਤੁਸੀਂ ਆਪਣੀ ਕਾਊਂਟੀ ਦੇ ਚੋਣ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ ਅਤੇ ਉਹ ਤੁਹਾਨੂੰ ਨਵਾਂ ਬੈਲਟ ਪੇਪਰ ਜਾਰੀ ਕਰ ਦੇਣਗੇ। ਜੇ ਤੁਸੀਂ ਮੇਲ ਰਾਹੀਂ ਵੋਟ ਨਹੀਂ ਭੇਜਣਾ ਚਾਹੁੰਦੇ, ਤਾਂ ਤੁਸੀਂ ਆਪਣੇ ਨੇੜਲੇ ਵੋਟ ਕੇਂਦਰ ਜਾਂ ਪੋਲਿੰਗ ਬੂਥ ’ਤੇ ਜਾ ਕੇ ਵੀ ਵੋਟ ਪਾ ਸਕਦੇ ਹੋ।

ਇੱਕ ਹੋਰ ਬਹੁਤ ਜ਼ਰੂਰੀ ਗੱਲ ਇਹ ਹੈ ਕਿ ਡਾਕ ਰਾਹੀਂ ਵੋਟ ਬੈਲਟ ਭੇਜਣ ਲਈ ਤੁਹਾਨੂੰ ਕੋਈ ਡਾਕ ਟਿਕਟ ਲਗਾਉਣ ਦੀ ਲੋੜ ਨਹੀਂ ਹੁੰਦੀ। ਇਹ ਸਾਰੀ ਡਾਕ ਸਰਕਾਰ ਵੱਲੋਂ ਪਹਿਲਾਂ ਹੀ ਪ੍ਰੀਪੇਡ ਹੁੰਦੀ ਹੈ। ਤੁਹਾਨੂੰ ਸਿਰਫ਼ ਆਪਣੀ ਵੋਟ ਪਾਉਣੀ, ਲਿਫਾਫ਼ੇ ’ਤੇ ਦਸਤਖ਼ਤ ਕਰਨੇ ਅਤੇ ਤਰੀਕ ਲਿਖਣੀ ਹੁੰਦੀ ਹੈ।

ਇੱਥੇ ਬਹੁਤੇ ਲੋਕ ਇੱਕ ਆਮ ਗਲਤੀ ਕਰਦੇ ਹਨ — ਉਹ ਬੈਲਟ ’ਤੇ ਟਿਕ ਤਾਂ ਕਰ ਦਿੰਦੇ ਹਨ ਪਰ ਬਾਹਰਲੇ ਲਿਫਾਫ਼ੇ ’ਤੇ ਸਾਈਨ ਕਰਨਾ ਭੁੱਲ ਜਾਂਦੇ ਹਨ। ਕਾਨੂੰਨੀ ਤੌਰ ’ਤੇ ਜੇ ਲਿਫਾਫ਼ੇ ’ਤੇ ਸਹੀ ਦਸਤਖ਼ਤ ਨਾ ਹੋਣ, ਤਾਂ ਤੁਹਾਡੀ ਵੋਟ ਰੱਦ ਹੋ ਸਕਦੀ ਹੈ। ਇਸ ਲਈ ਬੈਲਟ ਭਰਨ ਤੋਂ ਪਹਿਲਾਂ ਸਾਰੇ ਨਿਰਦੇਸ਼ ਧਿਆਨ ਨਾਲ ਪੜ੍ਹਣੇ ਬਹੁਤ ਜ਼ਰੂਰੀ ਹਨ।

ਅੱਜ ਪੰਜਾਬੀ ਕਮਿਊਨਿਟੀ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਅਸੀਂ ਸਿਰਫ਼ ਆਪਣੇ ਘਰਾਂ, ਧੰਦਿਆਂ ਜਾਂ ਗੁਰਦੁਆਰਿਆਂ ਤੱਕ ਸੀਮਿਤ ਨਾ ਰਹੀਏ, ਸਗੋਂ ਸਿਸਟਮ ਵਿਚ ਵੀ ਆਪਣੀ ਭਾਗੀਦਾਰੀ ਵਧਾਈਏ। ਅਮਰੀਕਾ ਵਿਚ ਜਿਸ ਕਮਿਊਨਿਟੀ ਦੀ ਵੋਟਿੰਗ ਪਾਵਰ ਮਜ਼ਬੂਤ ਹੁੰਦੀ ਹੈ, ਉਸਦੀ ਰਾਜਨੀਤਿਕ ਪਹੁੰਚ ਵੀ ਵਧਦੀ ਹੈ। ਉਨ੍ਹਾਂ ਨੂੰ ਸਰਕਾਰੀ ਅਹੁਦਿਆਂ ’ਤੇ ਨੁਮਾਇੰਦਗੀ ਮਿਲਦੀ ਹੈ, ਗ੍ਰਾਂਟਾਂ ਮਿਲਦੀਆਂ ਹਨ, ਵਿਕਾਸ ਦੇ ਮੌਕੇ ਮਿਲਦੇ ਹਨ ਅਤੇ ਉਨ੍ਹਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਦੀ ਹੈ।

ਜੇ ਅਸੀਂ ਵੋਟ ਨਹੀਂ ਪਾਉਂਦੇ, ਤਾਂ ਫਿਰ ਰਾਜਨੀਤਿਕ ਪਾਰਟੀਆਂ ਵੀ ਸਾਨੂੰ ਗੰਭੀਰਤਾ ਨਾਲ ਨਹੀਂ ਲੈਂਦੀਆਂ। ਪਰ ਜੇ ਪੰਜਾਬੀ ਕਮਿਊਨਿਟੀ ਵੱਡੀ ਗਿਣਤੀ ’ਚ ਵੋਟ ਪਾਏਗੀ, ਤਾਂ ਸਿਆਸਤਦਾਨਾਂ ਨੂੰ ਵੀ ਸਾਡੇ ਮੁੱਦਿਆਂ ’ਤੇ ਧਿਆਨ ਦੇਣਾ ਪਵੇਗਾ। ਇਸ ਨਾਲ ਸਾਡੀ ਆਉਣ ਵਾਲੀ ਪੀੜ੍ਹੀ ਲਈ ਵੀ ਰਸਤੇ ਖੁੱਲ੍ਹਣਗੇ।

ਇਸ ਲਈ ਜਦੋਂ ਤੁਹਾਡੇ ਘਰ ਬੈਲਟ ਪੇਪਰ ਆਵੇ, ਤਾਂ ਇਸਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ। ਇਸਨੂੰ ਧਿਆਨ ਨਾਲ ਭਰੋ, ਸਹੀ ਤਰੀਕੇ ਨਾਲ ਸਾਈਨ ਕਰੋ ਅਤੇ ਸਮੇਂ ਸਿਰ ਵਾਪਸ ਭੇਜੋ। ਜੇ ਬੈਲਟ ਨਾ ਮਿਲੇ ਤਾਂ ਤੁਰੰਤ ਆਪਣੀ ਕਾਊਂਟੀ ਇਲੈਕਸ਼ਨ ਆਫਿਸ ਨਾਲ ਸੰਪਰਕ ਕਰੋ। ਅਤੇ ਜੇ ਸੰਭਵ ਹੋਵੇ ਤਾਂ ਆਪਣੇ ਪਰਿਵਾਰ, ਦੋਸਤਾਂ ਅਤੇ ਕਮਿਊਨਿਟੀ ਨੂੰ ਵੀ ਵੋਟ ਪਾਉਣ ਲਈ ਪ੍ਰੇਰਿਤ ਕਰੋ।

ਇੱਕ ਹੋਰ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਜੇ ਤੁਹਾਨੂੰ ਅੰਗਰੇਜ਼ੀ ਪੜ੍ਹਨ ਜਾਂ ਸਮਝਣ ਵਿਚ ਮੁਸ਼ਕਲ ਆਉਂਦੀ ਹੈ, ਤਾਂ ਘਬਰਾਉਣ ਦੀ ਲੋੜ ਨਹੀਂ। ਕੈਲੀਫੋਰਨੀਆ ਸਮੇਤ ਅਮਰੀਕਾ ਦੇ ਕਈ ਕਾਊਂਟੀ ਇਲੈਕਸ਼ਨ ਦਫ਼ਤਰ ਵੋਟਰਾਂ ਲਈ ਵੱਖ-ਵੱਖ ਭਾਸ਼ਾਵਾਂ ਵਿਚ ਸਹਾਇਤਾ ਪ੍ਰਦਾਨ ਕਰਦੇ ਹਨ। ਤੁਸੀਂ ਆਪਣੇ ਸਥਾਨਕ ਕਾਊਂਟੀ ਚੋਣ ਦਫ਼ਤਰ ਨੂੰ ਕਾਲ ਕਰਕੇ ਪੰਜਾਬੀ ਜਾਂ ਆਪਣੀ ਹੋਰ ਭਾਸ਼ਾ ਵਿਚ ਚੋਣ ਸੰਬੰਧੀ ਜਾਣਕਾਰੀ ਮੰਗ ਸਕਦੇ ਹੋ। ਕਈ ਥਾਵਾਂ ’ਤੇ ਵੋਟਰ ਗਾਈਡ, ਹਦਾਇਤਾਂ ਅਤੇ ਬੈਲਟ ਨਾਲ ਸੰਬੰਧਿਤ ਜਾਣਕਾਰੀ ਪੰਜਾਬੀ ਸਮੇਤ ਹੋਰ ਭਾਸ਼ਾਵਾਂ ਵਿਚ ਵੀ ਉਪਲਬਧ ਕਰਵਾਈ ਜਾਂਦੀ ਹੈ। ਜਿਹੜੀਆਂ ਗੱਲਾਂ ਬੈਲਟ ਪੇਪਰ ’ਤੇ ਅੰਗਰੇਜ਼ੀ ਵਿਚ ਲਿਖੀਆਂ ਹੁੰਦੀਆਂ ਹਨ, ਉਨ੍ਹਾਂ ਦੀ ਸਮਝ ਲਈ ਤੁਹਾਨੂੰ ਅਨੁਵਾਦੀ ਮਦਦ ਵੀ ਮਿਲ ਸਕਦੀ ਹੈ। ਇਸ ਤੋਂ ਇਲਾਵਾ ਕਈ ਕਾਊਂਟੀਆਂ ਵਿਚ ਫੋਨ ’ਤੇ ਦੁਭਾਸ਼ੀਆ ਸੇਵਾ ਵੀ ਹੁੰਦੀ ਹੈ, ਤਾਂ ਜੋ ਹਰ ਵੋਟਰ ਆਪਣਾ ਹੱਕ ਆਸਾਨੀ ਨਾਲ ਵਰਤ ਸਕੇ। ਇਸ ਲਈ ਸਿਰਫ਼ ਭਾਸ਼ਾ ਦੀ ਰੁਕਾਵਟ ਕਰਕੇ ਕਦੇ ਵੀ ਵੋਟ ਪਾਉਣ ਤੋਂ ਪਿੱਛੇ ਨਾ ਹਟੋ।

ਕਿਉਂਕਿ ਲੋਕਤੰਤਰ ਵਿਚ ਸਰਕਾਰਾਂ ਸਿਰਫ਼ ਨੇਤਾਵਾਂ ਨਾਲ ਨਹੀਂ, ਲੋਕਾਂ ਦੀ ਭਾਗੀਦਾਰੀ ਨਾਲ ਬਣਦੀਆਂ ਹਨ। ਅਤੇ ਯਾਦ ਰੱਖੋ — ਇੱਕ ਵੋਟ ਸਿਰਫ਼ ਇੱਕ ਨਿਸ਼ਾਨ ਨਹੀਂ ਹੁੰਦੀ, ਉਹ ਤੁਹਾਡੇ ਭਵਿੱਖ ਦਾ ਫੈਸਲਾ ਹੁੰਦੀ ਹੈ।




> ਕੈਲੀਫੋਰਨੀਆ ਵਿਚ ਚੋਣ ਪ੍ਰਣਾਲੀ ਨੂੰ ਸੁਚੱਜੇ ਤਰੀਕੇ ਨਾਲ ਚਲਾਉਣ ਦੀ ਜ਼ਿੰਮੇਵਾਰੀ ਸ਼ਰਲੀ ਵੇਬਰ ਦੇ ਦਫ਼ਤਰ ਦੀ ਹੁੰਦੀ ਹੈ। ਸੈਕਟਰੀ ਆਫ ਸਟੇਟ ਦਾ ਦਫ਼ਤਰ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਰਜਿਸਟਰਡ ਵੋਟਰ ਤੱਕ ਬੈਲਟ ਪੇਪਰ ਸਮੇਂ ਸਿਰ ਪਹੁੰਚੇ, ਵੋਟਾਂ ਸੁਰੱਖਿਅਤ ਢੰਗ ਨਾਲ ਇਕੱਠੀਆਂ ਹੋਣ ਅਤੇ ਚੋਣਾਂ ਪੂਰੀ ਪਾਰਦਰਸ਼ਤਾ ਨਾਲ ਕਰਵਾਈਆਂ ਜਾਣ। ਕੈਲੀਫੋਰਨੀਆ ਵਿਚ ਚੋਣ ਪ੍ਰਣਾਲੀ ਨੂੰ ਸੁਚੱਜੇ ਤਰੀਕੇ ਨਾਲ ਚਲਾਉਣ ਦੀ ਜ਼ਿੰਮੇਵਾਰੀ ਸ਼ਰਲੀ ਵੇਬਰ ਦੇ ਦਫ਼ਤਰ ਦੀ ਹੁੰਦੀ ਹੈ। ਸੈਕਟਰੀ ਆਫ ਸਟੇਟ ਦਾ ਦਫ਼ਤਰ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਰਜਿਸਟਰਡ ਵੋਟਰ ਤੱਕ ਬੈਲਟ ਪੇਪਰ ਸਮੇਂ ਸਿਰ ਪਹੁੰਚੇ, ਵੋਟਾਂ ਸੁਰੱਖਿਅਤ ਢੰਗ ਨਾਲ ਇਕੱਠੀਆਂ ਹੋਣ ਅਤੇ ਚੋਣਾਂ ਪੂਰੀ ਪਾਰਦਰਸ਼ਤਾ ਨਾਲ ਕਰਵਾਈਆਂ ਜਾਣ।

# ਹਿੰਦੂਤਵੀ ਛੱਤਰੀ ਬਨਾਮ ਖੇਤਰੀ ਦਲ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA






ਜੰਮੂ ਕਸ਼ਮੀਰ ਵਿਚ "ਦਿ ਜੰਮੂ ਐਂਡ ਕਸ਼ਮੀਰ ਪੀਪਲਜ਼ ਡੈਮੋਕਰੇਟਿਕ ਪਾਰਟੀ" (ਪੀ.ਡੀ.ਪੀ.), ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ, ਮਹਾਂਰਾਸ਼ਟਰ ਵਿਚ ਸ਼ਿਵ ਸੈਨਾ, ਬਿਹਾਰ ਵਿਚ ਜਨਤਾ ਦਲ (ਯੂਨਾਈਟਡ), ਉੱਤਰ ਪ੍ਰਦੇਸ਼ ਵਿਚ ਬਸਪਾ, ਹਰਿਆਣਾ ਵਿਚ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.), ਆਂਧਰਾ ਪ੍ਰਦੇਸ਼ ਵਿਚ ਵਾਈ.ਏ.ਐੱਸ.ਆਰ., ਉੱਤਰ ਪ੍ਰਦੇਸ਼ ਵਿਚ ਰਾਸ਼ਟਰੀ ਲੋਕ ਦਲ (ਰਾਲੋਦ), ਕਰਨਾਟਕ ਵਿਚ ਜਨਤਾ ਦਲ (ਸੈਕੂਲਰ), ਇਨ੍ਹਾਂ ਸਾਰੀਆਂ ਸਿਆਸੀ ਧਿਰਾਂ ਨੂੰ ਲੱਗਿਆ ਸੀ ਕਿ ਹਿੰਦੂਤਵ ਦੀ ਛੱਤਰੀ ਦੀ ਛਾਂ ਪਾਉਣ ਤੋਂ ਬਾਅਦ ਉਨ੍ਹਾਂ ਦਾ ਖੇਤਰੀ ਖੇਤਰ ਬਚਿਆ ਰਹਿ ਸਕਦਾ ਹੈ, ਲੇਕਿਨ ਭਾਜਪਾ ਦੀ ਹਿੰਦੂਤਵ ਸਿਆਸਤ ਨੇ ਉਨ੍ਹਾਂ ਦੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਹੈ।

ਕਦੇ ਬਸਪਾ ਪ੍ਰਧਾਨ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਦੇ ਰੂਪ 'ਚ ਵੇਖਿਆ ਜਾਂਦਾ ਸੀ, ਮੁਲਾਇਮ ਸਿੰਘ ਯਾਦਵ ਦਾ ਅਕਸ ਵੀ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਘੜਿਆ ਗਿਆ। ਪਿਛਲੀਆਂ ਲੋਕ ਸਭਾ ਚੋਣਾਂ ਦੇ ਪਹਿਲਾਂ ਨਤੀਸ਼ ਕੁਮਾਰ ਨੂੰ ਵਿਰੋਧੀ ਧਿਰ ਦਾ ਰਾਸ਼ਟਰੀ ਚਿਹਰਾ ਬਣਾਉਣ ਦੀ ਕਵਾਇਦ ਸ਼ੁਰੂ ਹੋਈ ਸੀ। ਨਤੀਸ਼ ਕੁਮਾਰ ਨੇ ਹਿੰਦੂਤਵ ਸਿਆਸਤ ਨੂੰ ਬਹੁਤ ਹੱਦ ਤੱਕ ਰੋਕਿਆ ਵੀ। ਲੇਕਿਨ ਆਪਣੀ ਖੇਤਰੀ ਪਾਰਟੀ ਨੂੰ ਬਚਾਉਣ ਲਈ ਹਿੰਦੂਤਵੀ ਸਿਆਸਤ ਨਾਲ ਜਾ ਖੜ੍ਹੇ ਅਤੇ ਉੱਥੇ ਹੀ ਵਲੀਨ ਹੋ ਗਏ। ਅੱਜ ਨਤੀਸ਼ ਕੁਮਾਰ ਕਿੱਥੇ ਹੈ?

ਦੇਸ਼ ਭਾਰਤ ਦੀ ਆਜ਼ਾਦੀ ਤੋਂ ਬਾਅਦ ਮੁੱਖ ਤੌਰ 'ਤੇ ਕਾਂਗਰਸ ਸੱਤਾ ਵਿਚ ਆਈ। ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਕਾਂਗਰਸ ਨੇ ਆਪਣਾ ਹੱਕ ਜਿਤਾ ਲਿਆ। ਦੇਸ਼ ਦਾ ਹਰ ਸਿਆਸੀ ਫ਼ੈਸਲਾ ਦਿੱਲੀ ਤੋਂ ਹੋਣ ਲੱਗਾ। ਇਸ ਸਮੇਂ ਦੇਸ਼ ਦੇ ਬਹੁਤ ਵੱਡੇ ਹਿੱਸੇ ਨੂੰ ਇਸ ਤਰ੍ਹਾਂ ਮਹਿਸੂਸ ਹੋਣਾ ਲੱਗਾ ਕਿ ਦਿੱਲੀ ਉਨ੍ਹਾਂ ਲਈ ਦੂਰ ਹੈ। ਉਨ੍ਹਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਗਈ ਕਿ ਉਨ੍ਹਾਂ ਦੇ ਹੱਕਾਂ ਦੇ ਫ਼ੈਸਲੇ ਇੰਨੀ ਦੂਰ ਦਿੱਲੀ ਤੋਂ ਨਹੀਂ ਹੋ ਸਕਦੇ।

**ਦੇਸ਼ ਭਾਰਤ ਦੀ ਆਜ਼ਾਦੀ ਤੋਂ ਬਾਅਦ ਮੁੱਖ ਤੌਰ 'ਤੇ ਕਾਂਗਰਸ ਸੱਤਾ ਵਿਚ ਆਈ। ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਕਾਂਗਰਸ ਨੇ ਆਪਣਾ ਹੱਕ ਜਿਤਾ ਲਿਆ। ਦੇਸ਼ ਦਾ ਹਰ ਸਿਆਸੀ ਫ਼ੈਸਲਾ ਦਿੱਲੀ ਤੋਂ ਹੋਣ ਲੱਗਾ। ਇਸ ਸਮੇਂ ਦੇਸ਼ ਦੇ ਬਹੁਤ ਵੱਡੇ ਹਿੱਸੇ ਨੂੰ ਇਸ ਤਰ੍ਹਾਂ ਮਹਿਸੂਸ ਹੋਣਾ ਲੱਗਾ ਕਿ ਦਿੱਲੀ ਉਨ੍ਹਾਂ ਲਈ ਦੂਰ ਹੈ। ਉਨ੍ਹਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਗਈ ਕਿ ਉਨ੍ਹਾਂ ਦੇ ਹੱਕਾਂ ਦੇ ਫ਼ੈਸਲੇ ਇੰਨੀ ਦੂਰ ਦਿੱਲੀ ਤੋਂ ਨਹੀਂ ਹੋ ਸਕਦੇ।**

ਇਹੋ ਕਾਰਨ ਸੀ ਕਿ ਕਾਂਗਰਸ ਵਿਰੁੱਧ ਦੇਸ਼-ਵਿਆਪੀ ਰੋਸ ਜਾਗਿਆ। ਬਿਹਾਰ ਤੋਂ ਜੈ ਪ੍ਰਕਾਸ਼ ਨਰਾਇਣ ਨੇ ਦਿੱਲੀ ਤਾਨਾਸ਼ਾਹੀ ਵਿਰੁੱਧ ਆਵਾਜ਼ ਚੁੱਕੀ। ਦੇਸ਼ ਦੇ ਕਈ ਛੋਟੇ, ਵਿਰੋਧੀ ਖੇਤਰੀ ਵਿਚਾਰਧਾਰਾ ਵਾਲੇ ਦਲ ਇਕੱਠੇ ਹੋਏ। ਭਾਰਤੀ ਲੋਕ ਦਲ, ਕਾਂਗਰਸ (ਓ), ਜਨਸੰਘ, ਸੋਸ਼ਲਿਸਟ ਪਾਰਟੀ ਨੂੰ ਨਾਲ ਲੈ ਕੇ ਜੈ ਪ੍ਰਕਾਸ਼ ਨਰਾਇਣ ਨੇ ਮੁੱਠੀ ਤਾਣੀ। ਵੱਖੋ-ਵੱਖਰੀ ਵਿਚਾਰਧਾਰਾ ਦੇ ਲੋਕ ਇੱਕੋ ਪਲੇਟਫਾਰਮ 'ਤੇ ਇਕੱਠੇ ਹੋਏ।

ਜੈ ਪ੍ਰਕਾਸ਼, ਜਿਹੜੇ ਕਦੇ ਦਲਾਂ ਰਹਿਤ ਲੋਕਤੰਤਰ ਦੇ ਮੁਦੱਈ ਸਨ, ਉਨ੍ਹਾਂ ਨੇ ਇਲਾਕਾਈ ਪਾਰਟੀਆਂ ਦੀ ਇੱਕ ਨਰਸਰੀ ਸਥਾਪਿਤ ਕਰ ਦਿੱਤੀ। ਦੇਸ਼ ਦੇ ਕੋਨੇ-ਕੋਨੇ, ਕਾਂਗਰਸ ਤੋਂ ਨਾਰਾਜ਼ ਲੋਕ, ਆਪੋ-ਆਪਣੇ ਖੇਤਰਾਂ 'ਚ ਲੋਕਾਂ ਨੂੰ ਇਕੱਠੇ ਕਰਨ ਲਈ ਜੁੱਟੇ। ਜੈ ਪ੍ਰਕਾਸ਼ ਇਸੇ ਨਰਸਰੀ ਦੀ ਪੈਦਾਇਸ਼ ਹਨ: ਲਾਲੂ ਪ੍ਰਸ਼ਾਦ ਯਾਦਵ (ਬਿਹਾਰ), ਨਤੀਸ਼ ਕੁਮਾਰ (ਬਿਹਾਰ), ਮੁਲਾਇਮ ਸਿੰਘ ਯਾਦਵ (ਯੂ.ਪੀ.)। ਇਨ੍ਹਾਂ ਨੇ ਆਪਣੇ-ਆਪਣੇ ਖੇਤਰਾਂ 'ਚੋਂ ਦਿੱਲੀ ਨੂੰ ਚੁਣੌਤੀ ਦਿੱਤੀ। ਇਹੋ ਉਹ ਦੌਰ ਸੀ, ਜਿਸ ਨੇ ਗਠਬੰਧਨ ਸਰਕਾਰਾਂ ਨੂੰ ਦੇਸ਼ ਭਾਰਤ ਵਿਚ ਜਨਮ ਦਿੱਤਾ। ਦਿੱਲੀ ਸਰਕਾਰ ਦੀ ਤਾਕਤ ਨੂੰ ਇਨ੍ਹਾਂ ਖੇਤਰੀ ਨੇਤਾਵਾਂ ਨੇ ਵੰਗਾਰਿਆ ਅਤੇ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ।

ਭਾਰਤ ਦੀ ਵੱਡੀ ਭੂਗੋਲਿਕ ਸਥਿਤੀ ਨੇ ਹੀ ਖੇਤਰੀ ਸਿਆਸਤ ਦੀ ਜ਼ਰੂਰਤ ਪੈਦਾ ਕੀਤੀ। ਪਹਾੜ ਦੀ ਆਬਾਦੀ ਅਤੇ ਮੈਦਾਨ ਦੀ ਆਬਾਦੀ ਦੋਨਾਂ ਦੀਆਂ ਜ਼ਰੂਰਤਾਂ ਅਲੱਗ ਸਨ ਅਤੇ ਹਨ। ਆਦਿਵਾਸੀ ਇਲਾਕੇ ਚਾਹੁੰਦੇ ਸਨ ਕਿ ਮੁੱਖ ਧਾਰਾ ਦੇ ਹਮਲਾਵਰ ਰੁਖ ਤੋਂ ਉਨ੍ਹਾਂ ਦੀ ਰੱਖਿਆ ਹੋਵੇ। ਉਨ੍ਹਾਂ ਦੀ ਇਸ ਚਾਹਤ ਨੇ ਦੇਸ਼ 'ਚ ਕਈ ਅੰਦੋਲਨ ਖੜ੍ਹੇ ਕੀਤੇ। ਨੇਤਾ ਸ਼ਿਬੂ ਸੋਰੇਨ ਉਦਾਹਰਨ ਹੈ, ਜਿਸਨੇ ਦਿੱਲੀ ਤੱਕ ਆਪਣੀ ਹੋਂਦ ਦਰਸਾਈ। ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਵੱਲੋਂ ਲਗਾਈ ਐਮਰਜੈਂਸੀ ਦੌਰਾਨ ਖੜ੍ਹੇ ਅੰਦੋਲਨ 'ਚ ਵਿਸ਼ੇਸ਼ ਭੂਮਿਕਾ ਨਿਭਾਈ। ਦਿੱਲੀ ਨਾਲ ਵੱਡਾ ਇੱਟ-ਖੜਿੱਕਾ ਅਤੇ ਆਢਾ ਲਾਈ ਰੱਖਿਆ। ਅਸਲ 'ਚ ਖੇਤਰੀ ਪਾਰਟੀਆਂ ਭਾਸ਼ਾ ਅਤੇ ਸੱਭਿਆਚਾਰ ਨੂੰ ਢਾਲ ਵਾਂਗ ਵਰਤਦੀਆਂ ਰਹੀਆਂ।

ਜੈ ਪ੍ਰਕਾਸ਼ ਦੀ 1970 ਦੀ ਸੰਪੂਰਨ ਕ੍ਰਾਂਤੀ ਨੇ ਦੇਸ਼ ਦੀ ਸਿਆਸਤ ਦਾ ਚਿਹਰਾ-ਮੋਹਰਾ ਅਤੇ ਚਰਿੱਤਰ ਹੀ ਬਦਲ ਦਿੱਤਾ ਸੀ। ਕਾਂਗਰਸ ਹੀ 'ਇਕੋ-ਇੱਕ' ਪ੍ਰਭਾਵ ਨੂੰ ਬਦਲ ਕੇ ਖੇਤਰੀ ਦਲਾਂ ਦੀ ਪੈਦਾਇਸ਼ 'ਤੇ ਪ੍ਰਭਾਵ ਵਧਿਆ। ਬਿਹਾਰ ਤੋਂ ਸੰਪੂਰਨ ਕ੍ਰਾਂਤੀ ਦੀ ਟਰੇਨ ਚੱਲੀ, ਜੋ ਦਿੱਲੀ ਪੁੱਜਦੀ ਹੈ।

ਪਰ ਹੁਣ ਇਸ ਸੰਪੂਰਨ ਕ੍ਰਾਂਤੀ ਦਾ ਇੰਜਣ ਬਦਲ ਗਿਆ ਹੈ। ਹੁਣ ਇੰਜਣ ਹਿੰਦੂਤਵ ਦਾ ਹੈ। 2014 ਦੇ ਬਾਅਦ ਰਾਜਾਂ ਦੀਆਂ ਚੋਣਾਂ ਵਿਚ ਭਾਜਪਾ ਦੀ ਲਗਾਤਾਰ ਜਿੱਤ ਦੇ ਮੱਦੇਨਜ਼ਰ ਮੌਕੇ ਦੇ ਭਾਜਪਾ ਪ੍ਰਧਾਨ ਨੇ ਕਿਹਾ ਸੀ ਕਿ ਬਹੁਤ ਛੇਤੀ ਖੇਤਰੀ ਦਲਾਂ ਦੀ ਹੋਂਦ ਖ਼ਤਮ ਹੋ ਜਾਏਗੀ। 70 ਦੇ ਦਹਾਕੇ 'ਚ ਸੰਪੂਰਨ ਕ੍ਰਾਂਤੀ ਦੇ ਜ਼ਰੀਏ ਜਨਤਾ ਨੇ ਕਾਂਗਰਸ ਦੇ ਪੂਰੇ ਭਾਰਤ ਦੇ ਸਿਆਸੀ ਠੁੱਕ ਨੂੰ ਨਿਕਾਰਿਆ ਤੇ ਇੱਕੀਵੀ ਸਦੀ ਦੀ ਸੰਪੂਰਨ ਕ੍ਰਾਂਤੀ ਦੇ ਬਾਅਦ ਭਾਜਪਾ ਦੇ ਅਖਿਲ ਭਾਰਤੀ ਪ੍ਰਭਾਵ ਨੂੰ ਸਵੀਕਾਰ ਕਰ ਰਹੇ ਹਨ। ਹੁਣ ਤਾਂ ਸਥਿਤੀ ਇਹ ਹੈ ਕਿ ਜਿਹੜੇ ਖੇਤਰੀ ਦਲ ਤਾਂ ਭਾਜਪਾ ਦੀ ਝੋਲੀ ਡਿੱਗ ਚੁੱਕੇ ਹਨ, ਜਾਂ ਉਸ ਨਾਲ ਜੁੜਨ ਦੇ ਚਾਹਵਾਨ ਹਨ, ਉਹ ਹੁਣ ਗੱਡੀ ਦੇ ਇੰਜਣ ਦੀ ਮਰਜ਼ੀ ਹੈ ਕਿ ਕਦੋਂ ਤੱਕ ਇਨ੍ਹਾਂ ਡੱਬਿਆਂ ਨੂੰ ਆਪਣੇ ਨਾਲ ਜੋੜੀ ਰੱਖਦੇ ਹਨ।

ਜੈ ਪ੍ਰਕਾਸ਼ ਨਰਾਇਣ ਨੇ 5 ਜੂਨ 1947 ਨੂੰ ਗਾਂਧੀ ਮੈਦਾਨ ਦੀ ਇੱਕ ਵਿਸ਼ਾਲ ਜਨ ਸਭਾ ਵਿਚ ਸੰਪੂਰਨ ਕ੍ਰਾਂਤੀ ਦਾ ਲੋਕਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਸੀ, "ਸੰਪੂਰਨ ਕ੍ਰਾਂਤੀ ਹੁਣ ਨਾਹਰਾ ਹੈ, ਭਵਿੱਖੀ ਇਤਿਹਾਸ ਹਮਾਰਾ ਹੈ" ਸੰਪੂਰਨ ਕ੍ਰਾਂਤੀ ਦੇ ਉਦੇਸ਼ਾਂ ਵਿਚ ਚੋਣ ਸੁਧਾਰ ਅਹਿਮ ਸੀ। ਨਾਲ ਹੀ ਭ੍ਰਿਸ਼ਟਾਚਾਰ ਖ਼ਤਮ ਕਰਨਾ, ਲੋਕਤੰਤਰ ਨੂੰ ਮਜ਼ਬੂਤ ਕਰਨਾ, ਜਨਤਾ ਦੀ ਭਾਗੀਦਾਰੀ ਵਧਾਉਣਾ ਅਤੇ ਸੱਤਾ ਦਾ ਵਿਕੇਂਦਰੀਕਰਨ ਅੰਦੋਲਨ ਦਾ ਉਦੇਸ਼ ਸੀ। ਪਰ ਮੌਜੂਦਾ ਹਿੰਦੂਤਵੀ ਸੰਪੂਰਨ ਕ੍ਰਾਂਤੀ ਦਾ ਉਦੇਸ਼, ਦੇਸ਼ 'ਚ ਇੱਕੋ ਪਾਰਟੀ ਦਾ ਰਾਜ ਸਥਾਪਤ ਕਰਨਾ ਹੈ, ਜਿਹੜੀ ਵਿਰੋਧੀ ਰਾਸ਼ਟਰੀ ਪਾਰਟੀਆਂ ਨੂੰ ਤਾਂ ਖੂੰਜੇ ਲਾਉਣ ਲਈ ਯਤਨਸ਼ੀਲ ਹੈ ਹੀ, ਉਹ ਖੇਤਰੀ ਪਾਰਟੀਆਂ ਦੀ ਹੋਂਦ ਨੂੰ ਖ਼ਤਮ ਕਰਨ ਦੇ ਰਾਹ ਹੈ।

ਕਿਧਰ ਹੈ ਹੁਣ ਨਵੀਨ ਪਟਨਾਇਕ? ਲੋਜਪਾ ਦੇ ਰਾਮਵਿਲਾਸ ਪਾਸਵਨ ਕਦੇ ਸਿਆਸੀ ਮੌਸਮ ਵਿਗਿਆਨੀ ਦਾ ਦਰਜਾ ਰੱਖਦਾ ਸੀ, ਜਿਧਰ ਤਾਕਤ ਉਧਰਲਾ ਰੁਖ। ਅੱਜ ਉਸਦਾ ਪੁੱਤਰ ਆਪਣੀ ਪਾਰਟੀ ਦੀ ਹੋਂਦ ਬਚਾਈ ਰੱਖਣ ਲਈ ਭਾਜਪਾ ਖੇਮੇ 'ਚ ਹੈ। ਹਰਿਆਣਾ ਦੇ 'ਲਾਲ' ਭਗਵਾ ਦੇ ਅੱਗੇ ਗੋਡੇ ਟੇਕ ਚੁੱਕੇ ਹਨ। ਪਰ ਬਿਨਾਂ ਸ਼ੱਕ ਬੰਗਾਲ ਦੀ ਮਮਤਾ ਬੈਨਰਜੀ ਨੇ ਬਹੁਤ ਮਜ਼ਬੂਤੀ ਨਾਲ ਆਪਣੀ ਪਛਾਣ ਬਣਾਈ ਰੱਖੀ ਹੈ ਅਤੇ ਗਾਹੇ-ਵਗਾਹੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਵੀ ਉਭਰੀ।

ਭਾਜਪਾ ਦਾ ਹਿੰਦੂਤਵੀ ਸੰਪੂਰਨ ਕ੍ਰਾਂਤੀ ਦਾ ਸਫ਼ਰ 2014 ਵਿਚ ਹਰਿਆਣਾ ਅਤੇ ਮਹਾਂਰਾਸ਼ਟਰ ਤੋਂ ਸ਼ੁਰੂ ਹੋਇਆ। ਇਸ ਤੋਂ ਬਾਅਦ ਅਸਾਮ (2016) ਅਰੁਣਾਚਲ ਪ੍ਰਦੇਸ਼ (2016), ਮਨੀਪੁਰ (2017), ਤ੍ਰਿਪੁਰਾ (2018), ਉੜੀਸਾ (2024), ਬਿਹਾਰ (2026) ਅਤੇ ਹੁਣ ਪੱਛਮੀ ਬੰਗਾਲ ਵਿਚ ਭਾਜਪਾ ਨੇ ਹਰ ਹਰਬਾ ਵਰਤਕੇ ਆਪਣਾ ਰਾਜ-ਭਾਗ ਸਥਾਪਤ ਕਰ ਲਿਆ। ਹਰਿਆਣਾ 'ਚ ਭਾਜਪਾ ਨੇ ਪਹਿਲੀ ਵੇਰ ਆਪਣੇ ਦਮ-ਖਮ 'ਤੇ ਮਨੋਹਰ ਲਾਲ ਖੱਟਰ ਨੂੰ ਮੁੱਖ ਮੰਤਰੀ ਬਣਾਇਆ। ਮਹਾਂਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ 'ਚ ਸਭ ਤੋਂ ਵੱਡੀ ਪਾਰਟੀ ਬਣਨ ਤੋਂ ਬਾਅਦ ਗਠਬੰਧਨ ਸਰਕਾਰ ਬਣਾਈ। ਤ੍ਰਿਪੁਰਾ ਖੱਬੀਆਂ ਧਿਰਾਂ ਤੋਂ ਖੋਹਿਆ। ਉੜੀਸਾ 'ਚ ਬੀਜੂ ਪਟਨਾਇਕ ਦਲ ਤੋਂ ਸੱਤਾ ਹਥਿਆਈ ਅਤੇ ਨਵੀਨ ਪਟਨਾਇਕ ਦਾ 24 ਸਾਲ ਦਾ ਸ਼ਾਸਨ ਸਮਾਪਤ ਕੀਤਾ। ਹੁਣ ਸਥਿਤੀ ਇਹ ਹੈ ਕਿ ਦੇਸ਼ ਭਰ ਵਿਚ ਲਗਭਗ 72 ਫ਼ੀਸਦੀ ਭਾਰਤੀ ਖਿੱਤੇ ਉਤੇ ਭਾਜਪਾ ਰਾਜ ਕਰ ਰਹੀ ਹੈ। ਹੁਣ ਭਾਜਪਾ-ਸਰਕਾਰ 21-22 ਸਰਕਾਰਾਂ ਉੱਤੇ ਕਾਬਜ਼ ਹੈ। ਅਸਲ 'ਚ ਭਾਜਪਾ ਉਨ੍ਹਾਂ ਭੂਗੋਲਿਕ ਖੇਤਰਾਂ 'ਚ ਪ੍ਰਬੰਧ ਕਰ ਚੁੱਕੀ ਹੈ, ਜਿੱਥੇ ਕਦੀ ਪਾਰਟੀ ਲਈ ਪਹੁੰਚਣਾ ਕਠਿਨ ਮੰਨਿਆ ਜਾਂਦਾ ਸੀ।

ਭਾਜਪਾ ਦੀ ਸੰਪੂਰਨ ਕ੍ਰਾਂਤੀ ਯਾਤਰਾ ਦਾ ਮਕਸਦ ਸਿੱਧੇ ਰੂਪ 'ਚ ਭਾਰਤੀ ਸੰਘਵਾਦ ਦਾ ਖ਼ਾਤਮਾ ਕਰਨਾ, ਹਿੰਦੂਤਵ ਨੂੰ ਭਾਰਤ 'ਚ ਪ੍ਰਮੁੱਖ ਵਿਚਾਰਧਾਰਾ ਬਣਾਉਣਾ, ਭਾਵ ਧਰਮ ਨਿਰਪੱਖਤਾ ਦਾ ਖ਼ਾਤਮਾ ਕਰਨਾ ਕਲਿਆਣਕਾਰੀ ਰਾਜ ਖ਼ਤਮ ਕਰਕੇ ਪੂੰਜੀਵਾਦ ਨੂੰ ਆਰਥਿਕ ਮਾਡਲ ਦੇ ਰੂਪ ਵਿਚ ਸਥਾਪਿਤ ਕਰਨ ਦੇ ਨਾਲ-ਨਾਲ ਲੋਕਤੰਤਰ ਦਾ ਖ਼ਾਤਮਾ ਕਰਕੇ ਇੱਕ ਦਲੀ ਰਾਸ਼ਟਰ ਸਥਾਪਤ ਕਰਨਾ ਹੈ।

ਇਸੇ ਲਈ ਭਾਸ਼ਾਈ ਅਤੇ ਖੇਤਰੀ ਪਛਾਣ 'ਤੇ ਟਿਕੀਆਂ ਸਿਆਸੀ ਪਾਰਟੀਆਂ ਲਈ ਹਿੰਦੂਤਵ ਦੀ ਵਿਆਪਕ ਪਛਾਣ ਦੇ ਸਾਹਮਣੇ ਆਪਣਾ ਵਜੂਦ ਬਚਾਉਣਾ ਹੁਣ ਇਕ ਵੱਡੀ ਚੁਣੌਤੀ ਬਣ ਗਿਆ ਹੈ। ਜਿਸ ਦਿੱਲੀ ਨੂੰ ਕਦੇ ਖੇਤਰੀ ਤਾਕਤਾਂ ਨੇ ਦੂਰ ਰਹਿਕੇ ਨਕਾਰ ਦਿੱਤਾ ਸੀ, ਅੱਜ ਉਸੇ ਦਿੱਲੀ ਨੇ ਉਨ੍ਹਾਂ ਸਭ ਨੂੰ ਆਪਣੇ ਅੰਦਰ ਜਜ਼ਬ ਕਰ ਲਿਆ ਹੈ।

ਹਿੰਦੂਤਵ ਦੀ ਸਿਆਸਤ ਨੇ ਦਿੱਲੀ ਵਿਚ ਇਕ ਅਜਿਹਾ ਵਿਸ਼ਾਲ ਬਾਜ਼ਾਰ ਸਜਾ ਦਿੱਤਾ ਹੈ, ਜਿਥੇ ਇਕੋ ਛੱਤ ਹੇਠ੍ਹ ਉੱਤਰ ਦੇ ਰਾਸ਼ਨ ਤੋਂ ਲੈ ਕੇ ਦੱਖਣ ਦੇ ਪਾਇਸਸ (ਖੀਰ) ਤੱਕ ਸਭ ਕੁੱਝ ਮੌਜੂਦ ਹੈ। ਭਾਵ ਭਾਜਪਾ ਨੇ ਇਕ ਅਜਿਹੀ ਸਿਆਸੀ ਵਿਵਸਥਾ ਤਿਆਰ ਕਰ ਦਿੱਤੀ ਹੈ, ਜਿਸ ਵਿਚ ਹਰ ਖੇਤਰ ਦੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਹਿੰਦੂਤਵ ਦੇ ਇਕ ਰੰਗ ਵਿਚ ਰੰਗ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਵਿਚ ਖੇਤਰੀ ਪਾਰਟੀਆਂ ਦੀ ਆਪਣੀ ਵੱਖਰੀ ਹੋਂਦ ਗੁਆਚੀ ਜਾ ਰਹੀ ਹੈ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਜਪਾ ਦੀ ਰਣਨੀਤੀ ਸਿਰਫ਼ ਸੱਤਾ ਪਾਉਣਾ ਨਹੀਂ, ਸਗੋਂ ਇੱਕੋ-ਇਕ ਵੱਡੀ ਤਾਕਤ ਬਨਣਾ ਹੈ। ਇਸ ਪ੍ਰੀਕਿਰਿਆ ਵਿਚ ਜਿਹੜੀਆਂ ਪਾਰਟੀਆਂ ਭਾਜਪਾ ਦੇ ਨਾਲ ਗਈਆਂ, ਉਹ ਹੌਲੀ-ਹੌਲੀ ਆਪਣੀ ਵੱਖਰੀ ਪਛਾਣ ਗੁਆ ਬੈਠੀਆਂ ਅਤੇ ਭਾਜਪਾ ਨੇ ਉਨ੍ਹਾਂ ਦਾ ਵੋਟ ਬੈਂਕ ਵੀ ਹਥਿਆ ਲਿਆ। ਭਾਜਪਾ ਦਾ ਹਿੰਦੂਤਵ ਸਿਰਫ਼ ਇਕ ਧਾਰਮਿਕ ਏਜੰਡਾ ਨਹੀਂ ਹੈ, ਸਗੋਂ ਇਕ ਸਿਆਸੀ ਵੈਕਿਊਮ ਕਲੀਨਰ ਹੈ, ਜੋ ਸਾਰੀਆਂ ਖੇਤਰੀ ਵਿਚਾਰਧਾਰਾਵਾਂ ਨੂੰ ਆਪਣੇ ਅੰਦਰ ਖਿੱਚ ਰਿਹਾ ਹੈ। ਭਾਜਪਾ ਦੀ ਰਾਜਨੀਤੀ ਕੇਂਦਰੀਕਰਨ ਦੀ ਹੈ। ਜਦੋਂ ਰਾਸ਼ਟਰੀ ਮੁੱਦੇ ਭਾਰੂ ਹੋ ਜਾਂਦੇ ਹਨ, ਤਾਂ ਖੇਤਰੀ ਮੁੱਦੇ ਜਿਵੇਂ ਪਾਣੀ ਦੇ ਮਸਲੇ, ਬੋਲੀ ਜਾਂ ਸਥਾਨਕ ਹੱਕ ਪਿੱਛੇ ਰਹਿ ਜਾਂਦੇ ਹਨ। ਇਹ ਖੇਤਰੀ ਪਾਰਟੀਆਂ ਦੀ ਮੌਤ ਦੇ ਬਰਾਬਰ ਹੈ। ਕੀ ਅੱਜ ਦੇ ਦੌਰ ਵਿਚ ਖੇਤਰੀ ਦਲ ਸੱਚਮੁੱਚ ਡਰੇ ਹੋਏ ਹਨ ਜਾਂ ਉਹ ਆਪਣੀ ਸਿਆਸੀ ਪ੍ਰਸੰਗਿਕਤਾ ਗੁਆ ਚੁੱਕੇ ਹਨ? ਇਹ ਇਕ ਗੰਭੀਰ ਸਵਾਲ ਹੈ।

ਇੱਕ ਸਮਾਂ ਸੀ ਜਦੋਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਨੇ ਖੇਤਰੀ ਤਾਕਤਾਂ ਨੂੰ ਇਕਮੁੱਠ ਕਰਕੇ ਕਾਂਗਰਸ ਦੇ ਇੱਕ-ਛਤਰ ਰਾਜ ਨੂੰ ਨਾ ਸਿਰਫ਼ ਚੁਣੌਤੀ ਦਿੱਤੀ ਸੀ, ਸਗੋਂ ਉਸਨੂੰ ਪਛਾੜ ਕੇ ਰੱਖ ਦਿੱਤਾ ਸੀ। ਉਸ ਦੌਰ ਵਿਚ ਖੇਤਰੀ ਪਾਰਟੀਆਂ ਲੋਕਤੰਤਰ ਦੇ ਮਜ਼ਬੂਤ ਥੰਮ ਵਜੋਂ ਉਭਰੀਆਂ ਸਨ।

ਪਰ ਅੱਜ ਤਸਵੀਰ ਬਿਲਕੁਲ ਉਲਟ ਹੈ। ਭਾਜਪਾ ਨੇ ਸੱਤਾ ਦਾ ਇਕ ਅਜਿਹਾ ਸ਼ਕਤੀਸ਼ਾਲੀ ਹਿੰਦੂਤਵ ਇੰਜਣ ਤਿਆਰ ਕਰ ਦਿੱਤਾ ਹੈ, ਜਿਸ ਦੇ ਪਿੱਛੇ ਵੱਖ-ਵੱਖ ਖੇਤਰੀ ਦਲਾਂ ਦੇ ਡੱਬੇ ਇੱਕ-ਇੱਕ ਕਰਕੇ ਜੁੜਦੇ ਜਾ ਰਹੇ ਹਨ। ਆਪਣੀ ਹੋਂਦ ਬਚਾਉਣ ਦੀ ਜੱਦੋ-ਜਹਿਦ, ਅੰਦਰੂਨੀ ਡਰ ਅਤੇ ਸੱਤਾ ਲਈ ਕੀਤੇ ਸਮਝੌਤਿਆਂ ਨੇ ਇਨ੍ਹਾਂ ਖੇਤਰੀ ਧਿਰਾਂ ਨੂੰ ਹੋਰ ਵੀ ਨਿਤਾਣਾ ਕਰ ਦਿਤਾ ਹੈ। ਦਿੱਲੀ ਨੇ ਉਸਦੀ ਢਾਲ ਭਾਸ਼ਾ ਅਤੇ ਸੱਭਿਆਚਾਰ ਨੂੰ ਸੱਤਾ ਦੇ ਬਾਜ਼ਾਰ ਵਿਚ ਇੱਕ ਉਤਪਾਦ ਬਣਾਕੇ ਰੱਖ ਦਿੱਤਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਫਿਲਹਾਲ ਖੇਤਰੀ ਦਲਾਂ ਦੇ ਵਿਰੁੱਧ ਭਾਜਪਾ ਦੀ ਸੰਪੂਰਨ ਕ੍ਰਾਂਤੀ ਵਾਲੀ ਨੀਤੀ ਸਫ਼ਲ ਹੁੰਦੀ ਦਿਖਾਈ ਦੇ ਰਹੀ ਹੈ। ਖੇਤਰੀ ਪਾਰਟੀਆਂ ਦੇ ਕੰਮਜ਼ੋਰ ਹੋਣ ਨਾਲ ਦੇਸ਼ ਵਿਚ 'ਇਕ ਦੇਸ਼-ਇਕ ਪਾਰਟੀ' ਦਾ ਜੋ ਮਾਹੌਲ ਸਿਰਜਿਆ ਗਿਆ ਹੈ, ਉਹ ਲਗਾਤਾਰ ਮਜ਼ਬੂਤ ਹੋ ਰਿਹਾ ਹੈ। ਇਸ ਹਾਲਤ ਨੂੰ ਦੇਖਦੇ ਹੋਏ ਇਹ ਸਪੱਸ਼ਟ ਦਿਸਦਾ ਹੈ ਕਿ ਭਵਿੱਖ ਵਿਚ ਮੌਜੂਦਾ ਸੱਤਾ ਦੇ ਸਾਹਮਣੇ ਜੋ ਵੀ ਚੁਣੌਤੀ ਖੜ੍ਹੀ ਹੋਵੇਗੀ, ਉਸਦਾ ਚਿਹਰਾ ਖੇਤਰੀ ਨਹੀਂ, ਸਗੋਂ ਲਾਜ਼ਮੀ ਤੌਰ 'ਤੇ ਰਾਸ਼ਟਰੀ ਹੋਏਗਾ।

# ਇਰਾਨ, ਅਮਰੀਕਾ-ਇਜ਼ਰਾਈਲ ਜੰਗ ਫ਼ੈਸਲਾਕੁਨ ਮੋੜ ਉੱਤੇ

-ਡਾ. ਸੁਰਿੰਦਰ ਮੰਡ
ਸੰਪਰਕ : 94173-24543
ਪੰਜਾਬ ਮੇਲ USA





**ਅਮਰੀਕਾ ਨੇ ਇਰਾਨੀ ਸਰਕਾਰ ਉਲਟਾਉਣ ਲਈ ਹਮਲਾ ਕੀਤਾ ਹੈ, ਉਹ ਤਾਂ ਸਗੋਂ ਹੋਰ ਮਜ਼ਬੂਤ ਹੋ ਗਈ ਹੈ। ਤੇ ਹੁਣ ਛਿੱਥਾ ਜਿਹਾ ਪੈ ਕੇ ਉਹਨੇ ਆਪਣੇ ਲਕਸ਼ ਇੰਜ ਬਦਲ ਲਏ। ਪਹਿਲਾਂ ਆਖਿਆ ਕਿ ਹੋਰਮੂਜ਼ ਦੀ ਸਮੁੰਦਰੀ ਆਵਾਜਾਈ ਨਾਲ ਸਾਡਾ ਕੋਈ ਸਬੰਧ ਨਹੀਂ, ਸਾਡੇ ਏਧਰੋਂ ਜਹਾਜ਼ ਨਹੀਂ ਗੁਜ਼ਰਦੇ, ਪਰ ਫਿਰ ਐਲਾਨ ਕਰ ਦਿੱਤਾ ਕਿ ਇਰਾਨ ਹੋਰਮੂਜ਼ ਲਾਂਘਾ ਸਭ ਲਈ ਖੋਲ੍ਹੇ, ਨਹੀਂ ਤਾਂ ਅਸੀਂ ਖ਼ੁਦ ਇਰਾਨ ਦੀ ਸਾਰੀ ਨਾਕਾਬੰਦੀ ਕਰ ਦਿਆਂਗੇ ਤੇ ਕਰ ਦਿੱਤੀ।**

ਇਰਾਨ, ਅਮਰੀਕਾ-ਇਜ਼ਰਾਈਲ ਜੰਗ ਫ਼ੈਸਲਾਕੁਨ ਨਾਜ਼ੁਕ ਦੌਰ ਵਿਚ ਪੁੱਜ ਗਈ ਹੈ। ਇਰਾਨ ਨੇ ਹੋਰਮੂਜ਼ ਸਮੁੰਦਰੀ ਲਾਂਘੇ ਕੋਲ ਅਤੇ ਅਮਰੀਕਾ ਨੇ ਸਾਰੇ ਇਰਾਨੀ ਸਮੁੰਦਰੀ ਤੱਟਾਂ ਦੀ ਨਾਕੇਬੰਦੀ ਕਰ ਰੱਖੀ ਹੈ। ਪਰ ਖ਼ਬਰ ਸੀ ਕਿ ਅਮਰੀਕਾ ਨੇ 'ਅਪ੍ਰੇਸ਼ਨ ਫਰੀਡਮ' ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਤਹਿਤ ਅਮਰੀਕੀ ਫੌਜ ਦੇ ਜ਼ੋਰ ਨਾਲ ਜਹਾਜ਼ ਹੋਰਮੂਜ਼ ਤੋਂ ਇਰਾਨ ਕੋਲੋਂ ਲੰਘਣਗੇ, ਇਕ ਜਹਾਜ਼ ਲੰਘਾਉਣ ਦੀ ਕੋਸ਼ਿਸ਼ ਵੀ ਕੀਤੀ, ਜਿਸ ਨੂੰ ਇਰਾਨ ਨੇ ਹਮਲਾ ਕਰਕੇ ਵਾਪਸ ਮੋੜ ਦਿੱਤਾ। ਇਰਾਨ ਆਪਣੀ ਹੱਦ ਵਿਚ ਆਉਂਦੇ ਹੋਰਮੂਜ਼ ਸਮੁੰਦਰੀ ਲਾਂਘੇ ਨੂੰ ਆਪਣੀ ਦੇਖਰੇਖ ਅਤੇ ਕੰਟਰੋਲ ਵਿਚ ਰੱਖਣ ਨੂੰ ਆਪਣੀ ਸੁਰੱਖਿਆ ਲਈ ਜ਼ਰੂਰੀ ਸਮਝਦਾ। ਇਰਾਨ ਨਾਲ ਟਕਰਾਅ ਤੋਂ ਬਚਣ ਲਈ 24 ਘੰਟੇ ਦੇ ਅੰਦਰ ਹੀ ਟਰੰਪ ਨੇ 'ਅਪ੍ਰੇਸ਼ਨ ਫਰੀਡਮ' ਵਾਲਾ ਫੈਸਲਾ ਵਾਪਸ ਲੈ ਲਿਆ ਹੈ। ਇਰਾਨ ਕਹਿੰਦਾ ਕਿ ਜਹਾਜ਼ ਸਾਡੀ ਆਗਿਆ ਲੈ ਕੇ ਹੀ ਲੰਘਣਗੇ।

ਯੂ.ਏ.ਈ. ਦੀ ਇਕ ਤੇਲ ਰਿਫਾਇਨਰੀ, ਫਰਾਂਸ ਅਤੇ ਸਾਊਥ ਕੋਰੀਆ ਦੇ ਜਹਾਜ਼ਾਂ ਉੱਤੇ ਹਮਲੇ ਦਾ ਵੀ ਸਮਾਚਾਰ ਹੈ। ਸਾਰੇ ਖਾੜੀ ਦੇਸ਼ਾਂ ਵਿਚੋਂ ਯੂ.ਏ.ਈ. ਦਿਲੋਂ, ਮਨੋ ਇਜ਼ਰਾਈਲ ਅਮਰੀਕਾ ਦੇ ਨਾਲ ਹੈ। ਯੂ.ਏ.ਈ. ਹੀ ਇਜ਼ਰਾਈਲੀ ਹਿੱਤਾਂ ਅਨੁਕੂਲ ਕੀਤੇ ਗਏ 'ਅਬਰਾਹੀਮ ਸਮਝੌਤੇ' ਦਾ ਮੁੱਖ ਖਿਲਾੜੀ ਹੈ। ਇਸਨੇ ਇਜ਼ਰਾਈਲੀ ਪੈਰ ਧਰਾਵੇ ਲਈ ਵੀ ਕਾਰਵਾਈ ਕੀਤੀ ਸੀ, ਜਿਸਦਾ ਸਾਊਦੀ ਅਰਬ ਨੇ ਵਿਰੋਧ ਕੀਤਾ ਸੀ। ਇਸ ਅੰਦਰਲਾ ਅਮਰੀਕੀ ਫੌਜੀ ਅੱਡਾ ਹੀ ਲਗਾਤਾਰ ਇਰਾਨ ਵਿਰੁੱਧ ਹਮਲਿਆਂ ਦਾ ਮੁੱਖ ਟਿਕਾਣਾ ਹੈ। ਇਸਨੇ ਹੁਣੇ-ਹੁਣੇ ਇਜ਼ਰਾਈਲੀ ਹਵਾਈ ਰੱਖਿਆ ਪ੍ਰਣਾਲੀ ਨੂੰ ਤਾਇਨਾਤ ਕੀਤਾ ਹੈ। ਲੇਕਿਨ ਅਲ-ਜਜ਼ੀਰਾ ਅਨੁਸਾਰ ਇਰਾਨੀ ਫੌਜ ਦਾ ਬਿਆਨ ਹੈ ਕਿ ਸਾਡੀ ਯੂ.ਏ.ਈ. ਉੱਤੇ ਹਮਲਾ ਕਰਨ ਦੀ ਕੋਈ ਯੋਜਨਾ ਨਹੀਂ, ਇਹ ਸ਼ਰਾਰਤ ਹੈ। ਟਰੰਪ ਲਗਾਤਾਰ ਇਰਾਨ ਨੂੰ ਧਰਤੀ ਦੇ ਨਕਸ਼ੇ ਤੋਂ ਮਿਟਾ ਦੇਣ ਦੀ ਧਮਕੀ ਦੇਈ ਜਾਂਦਾ ਹੈ। ਅਮਰੀਕਾ ਵੱਲੋਂ ਭੇਜੀਆਂ 9 ਸ਼ਰਤਾਂ ਦੇ ਜਵਾਬ ਵਿਚ ਇਰਾਨ ਵੱਲੋਂ ਵੀ 14 ਸ਼ਰਤਾਂ ਭੇਜ ਕੇ ਇਕ ਮਹੀਨੇ ਵਿਚ ਜਵਾਬ ਦੇਣ ਦੀ ਮੋਹਲਤ ਦਿੱਤੀ ਗਈ ਹੈ। ਤੇਲ ਗੈਸ ਸੰਕਟ ਨਾਲ ਜੁੜੇ ਮੌਜੂਦਾ ਹਾਲਾਤਾਂ ਤੋਂ ਸਾਰਾ ਸੰਸਾਰ ਹਿੱਲਿਆ ਪਿਆ ਹੈ। ਦੁਨੀਆਂ ਭਰ ਦੇ ਦੇਸ਼ਾਂ ਦੇ ਸਬੰਧਾਂ ਵਿਚ ਨਵੇਂ ਜੋੜ-ਤੋੜ ਹੋ ਰਹੇ ਹਨ।

ਅਮਰੀਕਾ ਦੀਆਂ ਯੂਰਪ, ਨਾਟੋ ਨਾਲੋਂ ਦੂਰੀਆਂ ਤੋੜ-ਵਿਛੋੜਾ ਹੋਣ ਵਰਗੀਆਂ ਦਿੱਸ ਰਹੀਆਂ ਹਨ। ਅਮਰੀਕਾ ਨੇ ਸਾਰੇ ਯੂਰਪੀ ਦੇਸ਼ਾਂ ਦੀਆਂ ਕਾਰਾਂ ਟਰੱਕਾਂ ਉੱਤੇ 25% ਟੈਰਿਫ਼ ਲਾ ਦਿੱਤਾ ਹੈ। ਟਰੰਪ ਨੇ ਨਾਟੋ ਮੈਂਬਰ ਸਪੇਨ, ਇਟਲੀ, ਫਰਾਂਸ, ਜਰਮਨ ਅਤੇ ਇੰਗਲੈਂਡ ਵੱਲੋਂ ਜੰਗ ਵਿਚ ਸਾਥ ਨਾ ਦੇਣ ਕਰਕੇ ਉਨ੍ਹਾਂ ਵਿਰੁੱਧ ਤਿੱਖੇ ਬਿਆਨ ਦਿੱਤੇ ਹਨ। ਅਮਰੀਕਾ ਨੇ ਜਰਮਨ ਵਿਚੋਂ ਆਪਣੀਆਂ 5000 ਫੌਜਾਂ ਵਾਪਸ ਬੁਲਾ ਲਈਆਂ ਹਨ। ਇੰਗਲੈਂਡ ਦਾ ਰਾਜਾ ਚਾਰਲਸ ਤਾਂ ਅਮਰੀਕੀ ਸੰਸਦ ਵਿਚ ਉਚੇਚਾ ਆਣ ਕੇ ਟਰੰਪ ਨੂੰ ਬੋਲ ਕੇ ਗਿਆ ਕਿ "ਤੂੰ ਕਹਿੰਨਾ ਕਿ ਜੇ ਅਸੀਂ ਨਾ ਹੁੰਦੇ, ਤਾਂ ਸਾਰਾ ਯੂਰਪ ਜਰਮਨ ਬੋਲ ਰਿਹਾ ਹੁੰਦਾ। ਮੈਂ ਵੀ ਕਹਿੰਨਾ ਕਿ ਜੇ ਅਸੀਂ ਨਾ ਹੁੰਦੇ, ਤਾਂ ਤੁਸੀਂ ਵੀ ਸਾਰੇ ਫਰੈਂਚ ਬੋਲ ਰਹੇ ਹੁੰਦੇ"। ਉਸਦਾ ਇਸ਼ਾਰਾ ਅਮਰੀਕਾ ਵਿਚ ਹੋਈ ਇੰਗਲੈਂਡ-ਫਰਾਂਸ ਜੰਗ ਵੱਲ ਸੀ। ਟਰੰਪ ਨੇ ਆਪਣੇ ਵਤੀਰੇ ਅਤੇ ਬੜਬੋਲੇਪਨ ਕਰਕੇ ਯੂਰਪ ਦੇ ਲੀਡਰਾਂ ਨੂੰ ਕਈ ਵਾਰ ਬੇਇੱਜ਼ਤ ਵੀ ਕੀਤਾ ਹੈ, ਨੀਵਾਂ ਵਿਖਾਇਆ ਹੈ। ਗਰੀਨਲੈਂਡ ਅਤੇ ਕੈਨੇਡਾ ਉੱਤੇ ਕਬਜ਼ਾ ਕਰ ਲੈਣ ਵਰਗੇ ਬਿਆਨ ਦੇਣ, ਮਨਮਾਨੇ ਢੰਗ ਨਾਲ ਟੈਰਿਫ਼ ਥੋਪਣ, ਵੈਨਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾਉਣ, ਮੈਕਸੀਕੋ ਕੋਲੰਬੀਆ, ਕਿਊਬਾ ਦੀਆਂ ਸਰਕਾਰਾਂ ਉਲਟਾਉਣ ਬਾਰੇ ਮਨਸ਼ਾ ਜ਼ਾਹਰ ਕਰਨ, ਇਜ਼ਰਾਈਲ ਬਾਰੇ ਨੀਤੀ, ਇਰਾਨ ਉੱਤੇ ਇਕਪਾਸੜ ਹਮਲਾ ਆਦਿ ਘਟਨਾਵਾਂ ਕਾਰਨ ਬੇਲੀ ਰਹੇ ਦੇਸ਼ ਵੀ ਸੋਚਣ ਲੱਗੇ ਹਨ ਕਿ ਅਮਰੀਕਾ ਦੀ ਧੱਕੇਸ਼ਾਹੀ ਨਾਲ ਕਦਮ ਮਿਲਾ ਕੇ ਚੱਲਣਾ ਔਖਾ ਹੈ। ਨਵੇਂ ਰਿਸ਼ਤੇ ਬਣ ਰਹੇ ਹਨ।

ਇਸ ਵੇਲੇ ਇਜ਼ਰਾਈਲ ਹਰ ਉਹ ਹਰਕਤ ਕਰ ਰਿਹਾ, ਜਿਸ ਨਾਲ ਸੀਜ਼ਫਾਇਰ ਟੁੱਟ ਜਾਵੇ ਅਤੇ ਇਰਾਨ ਨੂੰ ਤਬਾਹ ਕਰਨ ਲਈ ਅਮਰੀਕਾ ਇਜ਼ਰਾਈਲ ਦੋਵੇਂ ਇਰਾਨ ਉੱਤੇ ਫਿਰ ਟੁੱਟ ਪੈਣ। ਇਜ਼ਰਾਈਲ ਨੇ ਲਿਬਨਾਨ ਦੇ ਇਲਾਕੇ ਉੱਤੇ ਕਬਜ਼ਾ ਕਰਨ ਲਈ ਜੰਗ ਛੇੜ ਰੱਖੀ ਹੈ। ਉਸਨੂੰ 'ਗਰੇਟਰ ਇਜ਼ਰਾਈਲ' ਮਨਸੂਬੇ ਲਈ ਇਹ ਸੁਨਹਿਰੀ ਮੌਕਾ ਜਾਪਦਾ।

ਅਮਰੀਕਾ ਨੇ ਇਰਾਨੀ ਸਰਕਾਰ ਉਲਟਾਉਣ ਲਈ ਹਮਲਾ ਕੀਤਾ ਹੈ, ਉਹ ਤਾਂ ਸਗੋਂ ਹੋਰ ਮਜ਼ਬੂਤ ਹੋ ਗਈ ਹੈ। ਤੇ ਹੁਣ ਛਿੱਥਾ ਜਿਹਾ ਪੈ ਕੇ ਉਹਨੇ ਆਪਣੇ ਲਕਸ਼ ਇੰਜ ਬਦਲ ਲਏ। ਪਹਿਲਾਂ ਆਖਿਆ ਕਿ ਹੋਰਮੂਜ਼ ਦੀ ਸਮੁੰਦਰੀ ਆਵਾਜਾਈ ਨਾਲ ਸਾਡਾ ਕੋਈ ਸਬੰਧ ਨਹੀਂ, ਸਾਡੇ ਏਧਰੋਂ ਜਹਾਜ਼ ਨਹੀਂ ਗੁਜ਼ਰਦੇ, ਪਰ ਫਿਰ ਐਲਾਨ ਕਰ ਦਿੱਤਾ ਕਿ ਇਰਾਨ ਹੋਰਮੂਜ਼ ਲਾਂਘਾ ਸਭ ਲਈ ਖੋਲ੍ਹੇ, ਨਹੀਂ ਤਾਂ ਅਸੀਂ ਖ਼ੁਦ ਇਰਾਨ ਦੀ ਸਾਰੀ ਨਾਕਾਬੰਦੀ ਕਰ ਦਿਆਂਗੇ ਤੇ ਕਰ ਦਿੱਤੀ। ਇਸੇ ਤਰ੍ਹਾਂ ਪਹਿਲਾਂ ਜੂਨ 2025 ਦੇ ਹਮਲੇ ਬਾਅਦ ਆਖਿਆ ਕਿ ਇਰਾਨ ਦੀ ਪ੍ਰਮਾਣੂ ਸਮਰੱਥਾ ਮਲੀਆਮੇਟ ਕਰ ਦਿੱਤੀ ਹੈ। ਪਰ ਫਿਰ 28 ਫਰਵਰੀ 2026 ਨੂੰ ਇਹ ਆਖ ਕੇ ਹਮਲਾ ਕਰ ਦਿੱਤਾ ਕਿ ਇਰਾਨ ਦੀ ਨਿਊਕਲੀਅਰ ਬੰਬ ਬਣਾਉਣ ਦੀ ਸਮਰੱਥਾ ਖ਼ਤਮ ਕਰਨੀ ਹੈ। 40 ਦਿਨ ਦੀ ਤਬਾਹੀ ਕਰਕੇ ਗੋਲੀਬੰਦੀ ਕਰ ਦਿੱਤੀ। ਬਿਆਨ ਦਿੱਤੇ ਕਿ ਇਰਾਨ ਦੀ ਨੇਵੀ, ਹਵਾਈ, ਜ਼ਮੀਨੀ, ਨਿਊਕਲੀਅਰ ਤਾਕਤ ਖ਼ਤਮ ਕਰਕੇ ਅਮਰੀਕਾ ਜਿੱਤ ਗਿਆ ਹੈ।

ਤੇ ਹੁਣ ਫਿਰ ਆਖਣ ਲੱਗ ਪਏ ਕਿ ਇਰਾਨ ਪ੍ਰਮਾਣੂ ਬੰਬ ਬਣਾ ਸਕਦਾ, ਆਪਣਾ ਸਾਰਾ ਸੋਧਿਆ ਯੂਰੇਨੀਅਮ ਸਾਡੇ ਹਵਾਲੇ ਕਰੇ, ਨਹੀਂ ਤਾਂ ਮੁਕੰਮਲ ਤਬਾਹੀ ਕਰਕੇ ਪੱਥਰ ਯੁੱਗ ਵਿਚ ਪੁਚਾ ਦਿਆਂਗੇ। ਸੱਚਾਈ ਇਹ ਹੈ ਕਿ ਪ੍ਰਮਾਣੂ ਬੰਬ ਦਾ ਮੁੱਦਾ ਇਨ੍ਹਾਂ ਦਾ ਇਰਾਨ ਉਤੇ ਹਮਲਾ ਕਰਨ ਦਾ ਮਹਿਜ਼ ਬਹਾਨਾ ਹੈ। ਆਇਤੁਲਾ ਖ਼ੁਮੈਨੀ ਨੇ ਤਾਂ ਪ੍ਰਮਾਣੂ ਬੰਬ ਨੂੰ ਇਸਲਾਮ ਵਿਰੋਧੀ ਆਖ ਕੇ ਇਸ ਵਿਰੁੱਧ ਫ਼ਤਵਾ ਦਿੱਤਾ ਸੀ। ਇਰਾਨ ਨੇ 1973 ਦੇ 'ਪਮਾਣੂ ਬੰਬ ਰੋਕੂ ਸੰਧੀ' 'ਤੇ ਦਸਤਖ਼ਤ ਕੀਤੇ ਹੋਏ। ਉਸਦਾ ਸਾਰਾ ਪ੍ਰਮਾਣੂ ਵਿਕਾਸ ਕੰਮ 'ਅੰਤਰਰਾਸ਼ਟਰੀ ਅਟੌਮਿਕ ਐਨਰਜ਼ੀ ਏਜੰਸੀ' ਦੀ ਨਿਗਰਾਨੀ ਵਿਚ ਰਿਹਾ ਤੇ ਉਹ ਹੁਣ ਵੀ ਅਜਿਹੀ ਨਿਗਰਾਨੀ ਲਈ ਆਪਣੀ ਸਹਿਮਤੀ ਦਿੰਦਾ। ਤਾਜ਼ੀ ਖ਼ਬਰ ਕਿ ਇਰਾਨ ਨਿਊਕਲੀਅਰ ਵਾਧਾ ਰੋਕਣ ਵਾਲੀ ਯੂ.ਐੱਨ. ਸੰਸਥਾ ਐੱਨ.ਪੀ.ਟੀ. ਦਾ ਮੀਤ ਪ੍ਰਧਾਨ ਚੁਣਿਆ ਗਿਆ ਹੈ। ਵੈਸੇ ਵੀ ਹਰ ਮੁਲਕ ਦਾ ਅਧਿਕਾਰ ਕਿ ਉਹ ਸ਼ਾਂਤਮਈ ਮਨੋਰਥ ਲਈ ਇਕ ਹੱਦ ਤਕ ਪ੍ਰਮਾਣੂ ਵਿਕਾਸ ਕਰ ਸਕਦਾ।

ਇਸ ਹਿਸਾਬ ਨਾਲ ਇਹ ਮੁੱਦਾ ਇਰਾਨ ਦੀ ਹੋਂਦ, ਆਜ਼ਾਦ ਮੁਲਕ ਵਾਲੀ ਹਸਤੀ ਅਤੇ ਅਣਖ਼ ਨਾਲ ਜਿਊਣ ਨਾਲ ਜੁੜਿਆ ਹੋਇਆ। ਇਰਾਨ ਦਾ ਐਲਾਨ ਕਿ ਉਹ ਕਿਸੇ ਵੀ ਕੀਮਤ ਉੱਤੇ ਆਪਣਾ ਸੋਧਿਆ ਯੂਰੇਨੀਅਮ ਅਮਰੀਕਾ ਦੇ ਹਵਾਲੇ ਕਰਕੇ ਆਪਣਾ ਪ੍ਰਮਾਣੂੰ ਵਿਕਾਸ ਪ੍ਰੋਗਰਾਮ ਠੱਪ ਨਹੀਂ ਕਰੇਗਾ। ਪ੍ਰਮਾਣੂੰ ਬੰਬ ਨਾ ਬਣਾਉਣ ਬਾਰੇ ਸਹਿਮਤੀ ਇਰਾਨ ਜ਼ਰੂਰ ਦੇ ਸਕਦਾ, ਪਹਿਲੋਂ ਵੀ ਹੈ। ਇਸ ਸਹਿਮਤੀ ਨੂੰ ਆਪਣੀ ਵੱਡੀ ਜਿੱਤ ਵਜੋਂ ਪ੍ਰਚਾਰ ਕੇ ਅਮਰੀਕਾ ਸਮਝੌਤਾ ਕਰਨ ਵੱਲ ਵਧ ਸਕਦਾ।

ਹੋਰਮੂਜ਼ ਲਾਂਘਾ ਵੀ ਇਰਾਨ ਖੋਲ੍ਹ ਦਏਗਾ, ਹਮਲੇ ਕਾਰਨ ਬੰਦ ਕੀਤਾ, ਲੇਕਿਨ ਉਸਦਾ ਲਾਂਘੇ ਵਾਲਾ ਕੰਟਰੋਲ ਆਪਣੇ ਕੋਲ ਰੱਖੇਗਾ ਕਿਉਂਕਿ ਇਹ ਸਮੁੰਦਰੀ ਲਾਂਘਾ ਉਸਦੀ ਹੱਦ ਵਿਚ ਹੈ। ਇਸ ਯੁੱਧ ਵਾਲੇ ਮਾਹੌਲ ਵਿਚ ਉਹ ਆਪਣੀ ਹੱਦ ਵਿਚ ਕਿਸੇ ਦੁਸ਼ਮਣ ਦੀ ਫੌਜ ਨੂੰ ਘੁੰਮਣ ਜਾਂ ਟਿਕਣ ਨਹੀਂ ਦੇ ਸਕਦੇ। ਅਗਰ ਏਥੇ ਕੁ ਸਮਝੌਤਾ ਹੋ ਜੇ, ਤਾਂ ਸਭ ਦੇ ਹਿੱਤ ਵਿਚ ਹੋਵੇਗਾ। ਜੇ ਅਮਰੀਕਾ ਨੇ ਅੜੀ ਕਰਕੇ ਜਾਂ ਇਜ਼ਰਾਈਲ ਦੀ ਚੁੱਕ ਵਿਚ ਆ ਕੇ ਇਰਾਨ ਦਾ ਲੱਕ ਤੋੜਨ ਦਾ ਮਕਸਦ ਲੈ ਕੇ, ਹਮਲੇ ਦਾ ਕੋਈ ਵੀ ਬਹਾਨਾ ਬਣਾਇਆ, ਤਾਂ ਫਿਰ ਜੰਗ ਹੋਵੇਗੀ। ਇਰਾਨ ਦੀ ਤਬਾਹੀ ਤਾਂ ਹੋਵੇਗੀ ਹੀ ਪਰ ਅਮਰੀਕਾ ਅਤੇ ਇਜ਼ਰਾਈਲ ਲਈ ਵੀ ਇਹ ਜੰਗ ਇਕ ਬਹੁਤ ਕੌੜਾ ਸਬਕ ਹੋਵੇਗੀ। ਇਹ ਭਵਿੱਖ ਵਿਚ ਇਰਾਨ ਨੂੰ ਪ੍ਰਮਾਣੂੰ ਤਾਕਤ ਬਣ ਕੇ ਆਪਣਾ ਬਚਾਅ ਕਰਨ ਲਈ ਮਜਬੂਰ ਕਰਨ ਵਾਲੇ ਰਾਹੇ ਤੋਰਨ ਵਰਗੀ ਗੱਲ ਹੋਵੇਗੀ।

ਮੱਧ ਪੂਰਬ ਦੇ ਖਾੜੀ ਦੇਸ਼ (ਕਤਰ, ਯੂ.ਏ.ਈ., ਬਹਿਰੀਨ, ਇਰਾਕ, ਸਾਊਦੀ ਅਰਬ, ਜੌਰਡਨ, ਕੁਵੈਤ, ਓਮਾਨ) ਦਾ ਤਾਂ ਸਿੱਧਾ ਇਰਾਨ ਨਾਲ ਕੋਈ ਝਗੜਾ ਨਹੀਂ। ਪਰ ਇਨ੍ਹਾਂ ਦੀਆਂ ਧਰਤੀਆਂ ਉੱਤੇ ਅਮਰੀਕਾ ਦੇ ਫੌਜੀ ਅੱਡੇ ਹਨ। ਇਨ੍ਹਾਂ ਅੱਡਿਆਂ ਉੱਤੋਂ ਇਰਾਨ ਉੱਤੇ ਹਮਲੇ ਹੁੰਦੇ। ਇਹ ਵਿਚਕਾਰ ਫਸ ਗਏ ਹਨ। ਜੇ ਜੰਗ ਲਮਕਦੀ ਭੜਕਦੀ ਹੈ, ਤਾਂ ਇਨ੍ਹਾਂ ਲਈ ਸਭ ਤੋਂ ਵੱਧ ਘਾਤਕ ਹੋਵੇਗੀ, ਖਾਸ ਕਰਕੇ ਕਤਰ, ਯੂ.ਏ.ਈ., ਬਹਿਰੀਨ, ਕੁਵੈਤ ਲਈ। ਭਾਰਤ ਉੱਤੇ ਵੀ ਵੱਡਾ ਨਾਂਹ ਪੱਖੀ ਅਸਰ ਪਵੇਗਾ, ਕੁਛ ਤਾਂ ਪਹਿਲੋਂ ਪੈ ਈ ਚੁੱਕਾ।

ਸਾਡਾ ਭਾਰਤ 'ਬਰਿਕਸ' ਦੇਸ਼ਾਂ ਦਾ ਇਸ ਵੇਲੇ ਪ੍ਰਧਾਨ ਹੈ ਤੇ ਇਰਾਨ ਵੀ ਮੈਂਬਰ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਮਲੇ ਤੋਂ 2 ਦਿਨ ਪਹਿਲਾਂ ਇਜ਼ਰਾਈਲ ਜਾ ਕੇ ਨੇਤਨਯਾਹੂ ਦਾ ਗੁਣਗਾਨ ਨਹੀਂ ਸੀ ਕਰਨਾ ਚਾਹੀਦਾ। ਇਰਾਨੀ ਲੀਡਰਾਂ ਤੇ 168 ਬੱਚੀਆਂ ਨੂੰ ਮਾਰਨ, ਭਾਰਤ ਦੇ ਸੱਦੇ ਉੱਤੇ ਆਏ 80 ਇਰਾਨੀ ਪ੍ਰਾਹੁਣਿਆਂ ਨੂੰ ਵਾਪਸ ਜਾਂਦਿਆਂ ਡੁਬੋ ਕੇ ਮਾਰਨ ਦੀ ਵੀ ਮੋਦੀ ਨਿੰਦਾ ਕਰਦੇ, ਤਾਂ ਭਾਰਤ ਦਾ ਪਰਖੇ ਮਿੱਤਰ ਦੇਸ਼ ਇਰਾਨ ਨਾਲ ਵਿਸ਼ਵਾਸ ਬਣਿਆਂ ਰਹਿੰਦਾ। ਅਮਰੀਕਾ ਤਾਂ ਕਿਸੇ ਦਾ ਮਿੱਤ ਨਹੀਂ, ਨਾਟੋ ਦਾ ਵੀ ਨਹੀਂ। ਟਰੰਪ ਨੇ ਸਾਡੇ ਪ੍ਰਧਾਨ ਮੰਤਰੀ ਦੇ ਮੂੰਹ 'ਤੇ ਆਖਿਆ ਕਿ 'ਬਰਿਕਸ' ਗਠਜੋੜ ਮਰ ਚੁੱਕਾ, ਤੇ ਹੁਣ ਭਾਰਤ, ਚੀਨ ਨੂੰ 'ਨਰਕ' ਆਖਿਆ। ਸਾਡੇ 'ਤੇ 18% ਟੈਰਿਫ਼ ਲਾ ਕੇ ਸਾਨੂੰ ਅਮਰੀਕਾ ਉੱਤੇ ਜ਼ੀਰੋ % ਟੈਰਿਫ਼ ਲਾਉਣ ਲਈ ਮਜਬੂਰ ਕੀਤਾ। ਅਸੀਂ ਅੱਗੋਂ "ਮਾਈ ਬੈਸਟ ਫਰੈਂਡ" ਪਤਾ ਨੀਂ ਕਿਹੜੇ ਡਰੋਂ ਕਹੀ ਜਾਨੇ! ਤੇ ਭਾਰਤ ਦੀ ਏਸੇ ਕਮਜ਼ੋਰੀ ਦਾ ਨਤੀਜਾ ਜਾਪਦਾ ਕਿ ਅਮਰੀਕਾ ਇਰਾਨ ਦਰਮਿਆਨ ਗੱਲਬਾਤ ਕਰਾਉਣ ਲਈ ਸਭ ਵੱਲੋਂ ਪਾਕਿਸਤਾਨ ਨੂੰ ਵੱਧ ਭਰੋਸੇਯੋਗ ਸਮਝਿਆ ਗਿਆ। ਭਾਰਤ ਨੂੰ ਆਪਣੀ ਵਿਦੇਸ਼ ਨੀਤੀ ਬਾਰੇ ਅੰਤਰਝਾਤ ਦੀ ਲੋੜ ਹੈ। ਏਡੇ ਵੱਡੇ ਭਾਰਤ ਨੂੰ ਅਮਰੀਕਾ ਤੋਂ ਯਰਕਣ ਦੀ ਕੀ ਮਜਬੂਰੀ ਹੈ?

ਅਮਰੀਕਾ ਤਾਂ ਇਰਾਨ ਨੂੰ ਪੱਥਰ ਯੁੱਗ ਵਿਚ ਪੁਚਾ ਦੇਣ ਦੀਆਂ ਫੜ੍ਹਾਂ ਮਾਰਨ ਬਾਅਦ ਹੁਣ ਫਿਰ ਸਮਝੌਤੇ ਲਈ ਝੁਕ ਰਿਹਾ ਲੱਗਦਾ। ਖ਼ਬਰ ਹੈ ਕਿ ਇਰਾਨ ਵੱਲੋਂ ਰੱਖੀਆਂ 14 ਸ਼ਰਤਾਂ ਦੇ ਆਧਾਰ ਉੱਤੇ ਹੀ ਗੱਲ ਹੋ ਰਹੀ ਹੈ। ਇਰਾਨ ਕਹਿ ਰਿਹਾ ਕਿ ਸਮਝੌਤੇ ਵਿਚ ਅਸੀਂ ਦੇਸ਼ ਹਿੱਤ ਲਈ ਖੜ੍ਹਾਂਗੇ, ਚਾਹੇ ਜੰਗ ਹੀ ਕਰਨੀ ਪਵੇ। ਇਹ ਜੰਗ ਹੌਂਸਲੇ ਅਤੇ ਹਵਸ/ਹਉਮੈਂ ਦਰਮਿਆਨ ਹੈ।

ਭਾਵੇਂ ਵਾਰਤਾ ਹੋਣ ਦੀਆਂ ਖ਼ਬਰਾਂ ਹਨ ਪਰ ਮੁੜ ਜੰਗ ਭੜਕਣ ਦੀ ਸੰਭਾਵਨਾ ਤਾਂ ਅਜੇ ਬਰਕਰਾਰ ਹੈ। ਇਸ ਜੰਗ ਵਿਚ ਇਰਾਨ ਆਪਣੀ ਅਣਖ ਦੀ ਭਾਰੀ ਕੀਮਤ ਤਾਰੇਗਾ, ਅਮਰੀਕਾ ਆਪਣੀ ਹਉਮੈਂ ਅਤੇ ਸਵਾਰਥੀ ਮਨਸੂਬਿਆਂ ਲਈ ਇਨਸਾਨਾਂ ਦੀ ਬਲੀ ਲਵੇਗਾ, ਪਰ ਇਜ਼ਰਾਈਲ ਹਰ ਹਾਲਤ ਵਿਚ ਸਾਰੇ ਸੰਸਾਰ ਨੂੰ ਆਪਣਾ ਨਾਸੂਰ ਵਰਗਾ ਅਹਿਸਾਸ ਕਰਾਵੇਗਾ। ਕਾਸ਼! ਐਸਾ ਨਾ ਹੋਵੇ।

# ਰਾਜਨੀਤਿਕ ਬਿਰਤਾਂਤ ਅਤੇ ਸੂਬੇ ਦੇ ਭਾਈਚਾਰੇ ਦੀ ਟੁੱਟ ਭੱਜ

-ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,
ਖਾਲਸਾ ਕਾਲਜ, ਪਟਿਆਲਾ
79860-16795
ਪੰਜਾਬ ਮੇਲ USA






ਲੋਕਤੰਤਰ ਦੀ ਖੂਬਸੂਰਤ ਪ੍ਰਕਿਰਿਆ ਦੇ ਵਿਚ ਕੇਂਦਰ ਅਤੇ ਸੂਬੇ ਦੀਆਂ ਸਰਕਾਰਾਂ ਆਪਣੇ ਆਪਣੇ ਦਾਇਰੇ ਅਤੇ ਹੱਕਾਂ ਨਾਲ ਅੱਗੇ ਵੱਧਦੀਆਂ ਹਨ ਅਤੇ ਵਿਕਾਸ ਮੁਖੀ ਮਾਡਲ ਦੀ ਗੱਲ ਕਰਦੀਆਂ ਹੋਈਆਂ, ਲੋਕਾਂ ਨੂੰ ਇਹ ਅਹਿਸਾਸ ਕਰਾਉਂਦੀਆਂ ਹਨ ਕਿ ਉਹ ਉਨ੍ਹਾਂ ਦੇ ਹਿੱਤ ਲਈ ਕਾਰਜ ਕਰ ਰਹੀਆਂ ਹਨ। ਗੱਲ ਪੰਜਾਬ ਸੂਬੇ ਦੀ ਕਰੀਏ, ਤਾਂ ਪਿਛਲੇ ਕੁਝ ਦਿਨਾਂ ਤੋਂ ਰਾਜਨੀਤਿਕ ਬਿਰਤਾਂਤ ਸਿਰਜੇ ਜਾ ਰਹੇ ਹਨ। ਇੱਕ ਪਾਸੇ ਸੂਬੇ ਦੀਆਂ ਬਹੁਤ ਸਾਰੀਆਂ ਚੁਣੌਤੀਆਂ ਹਨ। ਇਸ ਵਿਚ ਨੌਜਵਾਨਾਂ ਦਾ ਰੁਜ਼ਗਾਰ, ਸੂਬੇ ਦੀ ਆਰਥਿਕ ਸਥਿਤੀ, ਪੇਂਡੂ ਅਤੇ ਸ਼ਹਿਰੀ ਖੇਤਰ ਦਾ ਵਿਕਾਸ, ਸਿੱਖਿਆ ਪ੍ਰਣਾਲੀ, ਹਸਪਤਾਲਾਂ ਦੀ ਹਾਲਤ ਅਤੇ ਸਭ ਤੋਂ ਵੱਡੀ ਸਮੱਸਿਆ ਸੂਬੇ ਦੇ ਵਸਨੀਕਾਂ ਦੀ ਜਾਨ-ਮਾਲ ਦੀ ਰਾਖੀ ਅਤੇ ਨਸ਼ਾ ਮੁਕਤ ਕਰਨ ਦਾ ਸੰਕਲਪ ਹੈ। ਅਖਬਾਰੀ ਇਸ਼ਤਿਹਾਰਾਂ ਦੇ ਵੱਡੇ ਅੰਬਾਰਾਂ ਤੋਂ ਪਰੇ ਹਟ ਕੇ ਜਦੋਂ ਜ਼ਮੀਨੀ ਪੱਧਰ 'ਤੇ ਪਹੁੰਚ ਬਣਦੀ ਹੈ, ਤਾਂ ਹਾਲਾਤ ਵੱਖਰੇ ਨਜ਼ਰ ਆਉਂਦੇ ਹਨ। ਅਜਿਹੀ ਸਥਿਤੀ ਵਿਚ ਸੂਬੇ ਦਾ ਹਾਕਮ ਆਪਣੇ ਰਾਜਨੀਤਿਕ ਬਿਰਤਾਂਤ ਦੀ ਉਸਾਰੀ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਇੱਕ ਪਾਸੇ ਉਹ ਸੂਬੇ ਦਾ ਮੁਖੀ ਹੈ, ਜਿਸਦੇ ਉੱਪਰ ਸੂਬੇ ਦੇ ਵਸਨੀਕਾਂ ਦੀ ਹਰੇਕ ਪ੍ਰਕਾਰ ਦੀ ਜ਼ਿੰਮੇਵਾਰੀ ਤੈਅ ਹੈ ਅਤੇ ਦੂਜੇ ਪਾਸੇ ਉਹ ਇਹ ਅਹਿਸਾਸ ਕਰਾਉਣ ਲਈ ਹਰ ਰੋਜ਼ ਨਵੇਂ ਬਿਰਤਾਂਤ ਸਿਰਜ ਰਿਹਾ ਹੈ ਕਿ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਸਰਕਾਰ ਹੈ, ਜੋ ਆਮ ਲੋਕਾਂ ਦੀ ਸਰਕਾਰ ਹੈ। ਤਾਜ਼ਾ ਸਥਿਤੀ ਦੀ ਜੇਕਰ ਗੱਲ ਕਰੀਏ, ਤਾਂ ਸੂਬੇ ਅੰਦਰ ਕੇਂਦਰੀ ਸੱਤਾ ਅਤੇ ਸੂਬੇ ਦੀ ਸਤਾ ਅੰਦਰ ਇੱਕ ਰਾਜਨੀਤਿਕ ਦੌੜ ਚੱਲ ਰਹੀ ਹੈ। ਸੰਵਿਧਾਨ ਦੀ ਤਾਕਤ ਨਾਲ ਜਾਂਚ ਏਜੰਸੀਆਂ ਆਪਣੀ-ਆਪਣੀ ਤਰਜ 'ਤੇ ਅੱਗੇ ਵੱਧ ਰਹੀਆਂ ਹਨ। ਇੱਕ ਪਾਸੇ ਕੇਂਦਰੀ ਜਾਂਚ ਏਜੰਸੀਆਂ ਹਨ ਤੇ ਦੂਜੇ ਪਾਸੇ ਸੂਬੇ ਦੀਆਂ ਏਜੰਸੀਆਂ ਹਨ, ਜਦੋਂ ਕੇਂਦਰੀ ਏਜੰਸੀਆਂ ਸੂਬੇ ਦੇ ਕਿਸੇ ਵੱਡੇ ਰਾਜਨੀਤਿਕ ਵਿਅਕਤੀ ਨੂੰ ਆਪਣੀ ਜਾਂਚ ਦੇ ਘੇਰੇ ਵਿਚ ਸ਼ਾਮਲ ਕਰਦੀਆਂ ਹਨ, ਤਾਂ ਸੂਬੇ ਦੀ ਸੱਤਾ 'ਤੇ ਕਾਬਜ਼ ਧਿਰ, ਇਹ ਇਲਜਾਮ ਲਾਉਂਦੀ ਹੈ ਕਿ ਇਹ ਗਲਤ ਹੋ ਰਿਹਾ ਹੈ ਪਰ ਜਦੋਂ ਸੂਬੇ ਦੀਆਂ ਜਾਂਚ ਏਜੰਸੀਆਂ ਸੱਤਾ ਤੋਂ ਉਲਟ ਰਾਜਨੀਤਿਕ ਪਾਰਟੀਆਂ ਦੇ ਵਿਅਕਤੀਆਂ ਨੂੰ ਆਪਣੀ ਜਾਂਚ ਦੇ ਘੇਰੇ ਵਿਚ ਸ਼ਾਮਲ ਕਰਦੀਆਂ ਹਨ, ਤਾਂ ਸੂਬਾ ਸਰਕਾਰ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਕੀਤੀ ਜਾ ਰਹੀ ਕਾਰਵਾਈ ਦੱਸਦੀ ਹੈ। ਪਿਛਲੇ ਕੁਝ ਸਮੇਂ ਤੋਂ ਕੇਂਦਰੀ ਜਾਂਚ ਏਜੰਸੀਆਂ ਸੂਬੇ ਦੀ ਰਾਜਨੀਤੀ ਅਤੇ ਪ੍ਰਸ਼ਾਸਨਿਕ ਅਹੁਦਿਆਂ 'ਤੇ ਬੈਠੇ ਪ੍ਰਭਾਵਸ਼ੀਲ ਵਿਅਕਤੀਆਂ ਨੂੰ ਆਪਣੀ ਜਾਂਚ ਦੇ ਘੇਰੇ ਵਿਚ ਲੈ ਰਹੀਆਂ ਹਨ ਅਤੇ ਜਾਂਚ ਨੂੰ ਅੱਗੇ ਵਧਾ ਰਹੀਆਂ ਹਨ। ਅਜਿਹੀ ਸਥਿਤੀ ਵਿਚ ਸੂਬੇ ਦੀ ਸੱਤਾ 'ਤੇ ਕਾਬਜ਼ ਰਾਜਨੀਤਿਕ ਪਾਰਟੀ, ਨਵੇਂ ਰਾਜਨੀਤਿਕ ਬਿਰਤਾਂਤ ਨੂੰ ਲੈ ਕੇ ਅੱਗੇ ਵਧਣਾ ਚਾਹੁੰਦੀ ਹੈ। ਉਹ ਆਪਣੇ ਧਰਨੇ ਮੁਜ਼ਾਰਿਆਂ ਨੂੰ ਕੇਂਦਰੀ ਸੱਤਾ 'ਤੇ ਕਾਬਜ਼ ਰਾਜਨੀਤਿਕ ਪਾਰਟੀ ਦੇ ਸਨਮੁੱਖ ਕੇਂਦਰਿਤ ਕਰਨਾ ਚਾਹੁੰਦੀ ਹੈ। ਇਸ ਸਥਿਤੀ ਨਾਲ ਸੂਬੇ ਦੇ ਵਸਨੀਕ ਜੋ ਰਾਜਨੀਤਿਕ ਤੌਰ 'ਤੇ ਵੱਖ-ਵੱਖ ਪਾਰਟੀਆਂ ਨਾਲ ਸੰਬੰਧ ਰੱਖਦੇ ਹਨ, ਆਪਸ ਵਿਚ ਇੱਕ ਦੂਜੇ ਦੇ ਉਲਟ ਖੜ੍ਹੇ ਨਜ਼ਰ ਆ ਰਹੇ ਹਨ। ਮੀਡੀਆ ਰਿਪੋਰਟਾਂ ਤੋਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿਸ ਕਦਰ ਲੋਕ ਆਪਣੇ ਆਪਣੇ ਰਾਜਨੀਤਿਕ ਅਕਾਵਾਂ ਨੂੰ ਖੁਸ਼ ਰੱਖਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ। ਸ਼ਾਇਦ ਪੰਜਾਬ ਜਿਹੇ ਸੂਬੇ ਵਿਚ ਜਿੱਥੇ ਲੋਕ ਸਭ ਧਰਮਾਂ ਦਾ ਸਨਮਾਨ ਕਰਦੇ ਹਨ ਅਤੇ ਭਾਈਚਾਰਕ ਸਾਂਝ ਨਾਲ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਲਈ ਇਹ ਸਥਿਤੀ ਹੈ ਕਿ ਉਹ ਆਪਸ ਵਿਚ ਇੱਕ ਦੂਜੇ ਦੇ ਆਹਮੋ-ਸਾਹਮਣੇ ਖੜ੍ਹੇ ਨਜ਼ਰ ਆ ਰਹੇ ਹਨ। ਇੱਥੇ ਮਸਲਾ ਇਹ ਪੈਦਾ ਹੁੰਦਾ ਹੈ ਕਿ ਕੀ ਸੂਬੇ ਦੀਆਂ ਸਾਰੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ। ਅਸੀਂ ਸੂਬੇ ਦੇ ਵਸਨੀਕਾਂ ਨੂੰ ਸਿਰਫ ਇੱਕੋ ਰਾਜਨੀਤਿਕ ਏਜੰਡੇ 'ਤੇ ਕੇਂਦਰਿਤ ਕਰਕੇ ਕੀ ਦੱਸਣਾ ਚਾਹੁੰਦੇ ਹਾਂ। ਪੰਜਾਬ ਜੋ ਕਿ ਸਰਹੱਦੀ ਖੇਤਰ ਦੇ ਨਾਲ ਲੱਗਦਾ ਇੱਕ ਸੂਬਾ ਹੈ, ਜਿਸ ਦੀਆਂ ਪਹਿਲਾਂ ਹੀ ਕਈ ਵੰਗਾਰਾਂ ਹਨ। ਅਜਿਹੀ ਸਥਿਤੀ ਵਿਚ ਜੇਕਰ ਅਸੀਂ ਸੂਬੇ ਦੇ ਆਪਸੀ ਭਾਈਚਾਰੇ ਨੂੰ ਵੀ ਇਸ ਤਰ੍ਹਾਂ ਪ੍ਰਭਾਵਿਤ ਕਰਾਂਗੇ, ਤਾਂ ਇਸ ਸੂਬੇ ਦਾ ਭਵਿੱਖ ਕੀ ਹੋਵੇਗਾ। ਅੱਜ ਸੂਬੇ ਦੇ ਵਸਨੀਕ ਵੱਖ-ਵੱਖ ਤਰ੍ਹਾਂ ਦੀਆਂ ਚੁਣੌਤੀਆਂ ਦੇ ਨਾਲ ਦੋ-ਚਾਰ ਹੋ ਰਹੇ ਹਨ, ਜਿਸ ਵਿਚ ਰੋਜ਼ਮਰਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੀ ਆਰਥਿਕ ਸਥਿਤੀ ਚੰਗੀ ਨਹੀਂ ਹੈ। ਸੂਬੇ ਅੰਦਰ ਰੁਜ਼ਗਾਰ ਦੀ ਘਾਟ ਹੈ। ਨਿੱਤ ਵਾਪਰਦੀਆਂ ਕਤਲੋਗਾਰਤ ਅਤੇ ਫਿਰੌਤੀ ਦੀਆਂ ਘਟਨਾਵਾਂ ਨੇ ਸੂਬੇ ਦੇ ਵਸਨੀਕਾਂ ਅੰਦਰ ਸਹਿਮ ਪੈਦਾ ਕੀਤਾ ਹੋਇਆ ਹੈ, ਜਿਸ ਦਾ ਸਿੱਟਾ ਇਹ ਹੈ ਕਿ ਸੂਬੇ ਅੰਦਰ ਕੋਈ ਬਹੁਤੀ ਵੱਡੀ ਇਨਵੈਸਟਮੈਂਟ ਨਹੀਂ ਹੋ ਰਹੀ ਅਤੇ ਰੁਜ਼ਗਾਰ ਦੀ ਘਾਟ ਲਗਾਤਾਰ ਹੋ ਰਹੀ ਹੈ। ਖਾਸ ਕਰਕੇ ਉੱਚ ਸਿੱਖਿਆ ਦੇ ਖੇਤਰ ਵਿਚ ਪਿਛਲੇ ਕਈ ਸਾਲਾਂ ਤੋਂ ਕਾਲਜਾਂ ਵਿਚ ਰੈਗੂਲਰ ਅਧਿਆਪਕ ਦੀ ਘਾਟ ਹੈ, ਜਿਸ ਕਾਰਨ ਧੜਾਧੜ ਖੁੱਲ੍ਹ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਆਰਥਿਕ ਤੌਰ 'ਤੇ ਸੂਬੇ ਦੇ ਵਸਨੀਕਾਂ ਨੂੰ ਵੱਡੀ ਸੱਟ ਮਾਰੀ ਹੈ। ਆਮ ਲੋਕਾਂ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ ਪਰ ਜ਼ਮੀਨੀ ਪੱਧਰ 'ਤੇ ਪ੍ਰਾਈਵੇਟ ਹਸਪਤਾਲਾਂ ਅਤੇ ਪ੍ਰਾਈਵੇਟ ਵਿਦਿਅਕ ਅਦਾਰਿਆਂ ਦੀ ਲੁੱਟ ਨੇ ਆਮ ਲੋਕਾਂ ਦੀ ਜ਼ਿੰਦਗੀ ਮੁਸ਼ਕਿਲ ਕਰ ਦਿੱਤੀ ਹੈ। ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਵਿਅਕਤੀ ਨੂੰ ਆਪਣੀ ਜ਼ਿੰਦਗੀ ਭਰ ਦੀ ਕਮਾਈ ਦੇਣੀ ਪੈ ਰਹੀ ਹੈ। ਅਜਿਹੀ ਹਾਲਤ ਹੀ ਬਿਮਾਰੀਆਂ ਸਮੇਂ ਪ੍ਰਾਈਵੇਟ ਹਸਪਤਾਲਾਂ ਦੀ ਹੈ, ਜਿਸ ਵਿਚ ਬੰਦੇ ਨੂੰ ਬਿਮਾਰੀ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਵੀ ਤੰਗ-ਪਰੇਸ਼ਾਨ ਕੀਤਾ ਜਾਂਦਾ ਹੈ। ਹੁਣ ਮਸਲਾ ਇਹ ਪੈਦਾ ਹੁੰਦਾ ਹੈ ਕਿ ਜਦੋਂ ਸੂਬੇ ਅੰਦਰ ਇੰਨੀਆਂ ਚੁਣੌਤੀਆਂ ਹੋਣ, ਤਾਂ ਅਸੀਂ ਰਾਜਨੀਤਿਕ ਬਿਰਤਾਂਤ ਸਿਰਜ ਕੇ ਆਮ ਲੋਕਾਂ ਨੂੰ ਕੀ ਦੱਸਣਾ ਚਾਹੁੰਦੇ ਹਾਂ ਜਾਂ ਫਿਰ ਸਾਡਾ ਮੰਤਵ ਸਿਰਫ ਤੇ ਸਿਰਫ ਸੱਤਾ ਪ੍ਰਾਪਤੀ ਹੈ। ਇਸ ਤੋਂ ਵੱਧ ਕੁਝ ਵੀ ਨਹੀਂ ਹੈ। ਸੂਬੇ ਦੀ ਅਜਿਹੀ ਹਾਲਤ ਦੇ ਵਿਚ ਸੂਬੇ ਦੀ ਸਰਕਾਰ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੋ ਕੁਝ ਵੀ ਪਿਛਲੇ ਕਈ ਦਹਾਕਿਆਂ ਵਿਚ ਹੋਇਆ। ਉਸ ਲਈ ਲੋਕਾਂ ਨੇ ਪਿਛਲੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਅਤੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ। ਹੁਣ ਸੱਤਾ ਤੁਹਾਡੇ ਹੱਥ ਹੈ ਅਤੇ ਤੁਸੀਂ ਪੂਰੀ ਤਨਦੇਹੀ ਨਾਲ ਉਨ੍ਹਾਂ ਲੋਕਾਂ ਬਾਰੇ ਸੋਚੋ, ਜਿਨ੍ਹਾਂ ਨੇ ਆਪਣੀ ਕੀਮਤੀ ਵੋਟ ਪਾ ਕੇ ਤੁਹਾਨੂੰ ਸੱਤਾ ਦੀ ਕੁਰਸੀ 'ਤੇ ਬਿਠਾਇਆ ਹੈ। ਸਰਕਾਰ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਆਪਣੇ ਵਸਨੀਕਾਂ ਦੀ ਭਲਾਈ ਲਈ ਕਾਰਜ ਕਰੇ, ਤਾਂ ਜੋ ਲੋਕਾਂ ਦਾ ਵਿਸ਼ਵਾਸ ਸਰਕਾਰ ਸੱਤਾ ਅਤੇ ਪ੍ਰਸ਼ਾਸਨ 'ਚ ਬਣਿਆ ਰਹੇ, ਜੋ ਕਿ ਇੱਕ ਚੰਗੀ ਲੋਕਤੰਤਰ ਪ੍ਰਣਾਲੀ ਲਈ ਬਹੁਤ ਜ਼ਰੂਰੀ ਹੁੰਦਾ ਹੈ। ਲੋਕਾਂ ਨੂੰ ਇਹ ਨਹੀਂ ਮਹਿਸੂਸ ਕਰਾਉਣਾ ਚਾਹੀਦਾ ਕਿ ਰਾਜਨੀਤਿਕ ਵਿਅਕਤੀਆਂ ਅਤੇ ਆਮ ਵਿਅਕਤੀਆਂ ਵਿਚ ਬਹੁਤ ਫਰਕ ਹੈ। ਸੂਬੇ ਅੰਦਰ ਫੈਲਿਆ ਹੋਇਆ ਵੀ.ਆਈ.ਪੀ. ਕਲਚਰ ਆਮ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਆਮ ਲੋਕ ਇੱਕ ਪਾਸੇ ਤਿੰਨ ਟਾਈਮ ਦੀ ਰੋਟੀ ਲਈ ਸੰਘਰਸ਼ ਕਰ ਰਹੇ ਹਨ ਤੇ ਦੂਜੇ ਪਾਸੇ ਸਰਕਾਰ ਲੋਕਾਂ ਦੇ ਟੈਕਸ ਦੀ ਕਮਾਈ 'ਤੇ ਐਸ਼ੋ-ਆਰਾਮ ਕਰ ਰਹੀ ਹੈ। ਹਰ ਰੋਜ਼ ਅਖਬਾਰਾਂ ਅਤੇ ਸੂਬੇ ਦੇ ਅੰਦਰ ਹੋ ਰਹੀ ਇਸ਼ਤਿਹਾਰਬਾਜ਼ੀ ਨੇ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਆਮ ਲੋਕਾਂ ਦੀ ਰਾਏ ਹੈ ਕਿ ਹਕੀਕਤ ਵਿਚ ਕੀਤੇ ਜਾ ਰਹੇ ਕੰਮ ਆਪਣੇ ਆਪ ਵਿਚ ਬੋਲਦੇ ਹਨ, ਉਨ੍ਹਾਂ ਨੂੰ ਇੰਨੀ ਮਹਿੰਗੀ ਇਸ਼ਤਿਹਾਰਬਾਜ਼ੀ ਦੀ ਜ਼ਰੂਰਤ ਨਹੀਂ ਹੁੰਦੀ ਹੈ। ਸੋ ਅਜਿਹੀ ਸਥਿਤੀ ਵਿਚ ਜਿੱਥੇ ਪਹਿਲਾਂ ਹੀ ਲੋਕ ਆਪਣੀ ਜ਼ਿੰਦਗੀ ਜਿਉਣ ਲਈ ਸੰਘਰਸ਼ ਕਰ ਰਹੇ ਹੋਣ, ਉੱਥੇ ਸੂਬੇ ਦੇ ਲੋਕਾਂ ਦੇ ਆਪਸੀ ਭਾਈਚਾਰੇ ਨੂੰ ਇਸ ਤਰ੍ਹਾਂ ਪ੍ਰਭਾਵਿਤ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਰਲਮਿਲ ਕੇ ਸੂਬੇ ਦੇ ਹਿੱਤ ਲਈ ਕਾਰਜ ਕਰਨਾ ਚਾਹੀਦਾ ਹੈ।

> ਅਖਬਾਰੀ ਇਸ਼ਤਿਹਾਰਾਂ ਦੇ ਵੱਡੇ ਅੰਬਾਰਾਂ ਤੋਂ ਪਰੇ ਹਟ ਕੇ ਜਦੋਂ ਜ਼ਮੀਨੀ ਪੱਧਰ 'ਤੇ ਪਹੁੰਚ ਬਣਦੀ ਹੈ, ਤਾਂ ਹਾਲਾਤ ਵੱਖਰੇ ਨਜ਼ਰ ਆਉਂਦੇ ਹਨ। ਅਜਿਹੀ ਸਥਿਤੀ ਵਿਚ ਸੂਬੇ ਦਾ ਹਾਕਮ ਆਪਣੇ ਰਾਜਨੀਤਿਕ ਬਿਰਤਾਂਤ ਦੀ ਉਸਾਰੀ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਇੱਕ ਪਾਸੇ ਉਹ ਸੂਬੇ ਦਾ ਮੁਖੀ ਹੈ, ਜਿਸਦੇ ਉੱਪਰ ਸੂਬੇ ਦੇ ਵਸਨੀਕਾਂ ਦੀ ਹਰੇਕ ਪ੍ਰਕਾਰ ਦੀ ਜ਼ਿੰਮੇਵਾਰੀ ਤੈਅ ਹੈ ਅਤੇ ਦੂਜੇ ਪਾਸੇ ਉਹ ਇਹ ਅਹਿਸਾਸ ਕਰਾਉਣ ਲਈ ਹਰ ਰੋਜ਼ ਨਵੇਂ ਬਿਰਤਾਂਤ ਸਿਰਜ ਰਿਹਾ ਹੈ ਕਿ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਸਰਕਾਰ ਹੈ, ਜੋ ਆਮ ਲੋਕਾਂ ਦੀ ਸਰਕਾਰ ਹੈ।

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



# ਜਿੱਥੇ ਮਰਜ਼ੀ ਭੱਜ ਲਿਓ ਸਾਡੀ ਜ਼ਿੰਦਗੀ ਦਾ ਲੇਖਾ-ਜੋਖਾ ਤਾਂ ਹੋਣਾ ਹੀ ਹੈ



ਬੀਤੇ ਕਾਫੀ ਸਮੇਂ ਤੋਂ ਦੇਖ ਰਹੇ ਹਾਂ ਕਿ ਦੁਨੀਆਂ ਬਹੁਤ ਬਦਲ ਰਹੀ ਹੈ। ਪਿਛਲੇ ਲੰਬੇ ਸਮੇਂ ਤੋਂ ਦੁਨੀਆਂ ਦੇ ਬਦਲਣ ਦਾ ਦਸਤੂਰ ਸ਼ੁਰੂ ਹੋ ਚੁੱਕਿਆ ਹੈ। ਦੇਖ ਰਹੇ ਹਾਂ ਸੋਚ ਰਹੇ ਹਾਂ। ਦੁਨੀਆਂ ਵਿਚ 47 ਸਾਲ ਦੀ ਉਮਰ ਦੇ ਵਿਚ ਕੀ ਕੁਝ ਵੇਖਿਆ। ਅਖਬਾਰਾਂ ਵਿਚ ਟੀ.ਵੀ. ਵਿਚ, ਪੱਤਰਕਾਰਾਂ ਵਿਚ, ਮੀਡੀਆ ਨੈੱਟ ਤੇ ਫੇਸਬੁਕਾਂ 'ਤੇ ਕੀ ਹੋ ਰਿਹਾ ਹੈ। ਅੱਜ ਦੇ ਸਮੇਂ ਦੇ ਵਿਚ ਹਰ ਕੋਈ ਬੰਦਾ ਬੰਦੇ ਦਾ ਵੈਰੀ, ਕੁੱਤੇ ਦਾ ਕੁੱਤਾ ਵੈਰੀ, ਡਰਾਈਵਰ ਦਾ ਡਰਾਈਵਰ ਵੈਰੀ। ਹਰ ਇੱਕ ਬੰਦਾ ਇੱਕ ਦੂਜੇ ਨੂੰ ਲੁੱਟਣ ਨੂੰ, ਖੋਹਣ ਨੂੰ ਲੱਗਾ ਹੋਇਆ ਹੈ। ਦੌੜ ਲੱਗੀ ਹੋਈ ਹੈ ਪੈਸੇ ਦੇ ਪਿੱਛੇ। ਪੈਸੇ ਪਿੱਛੇ ਕਤਲ ਹੋ ਰਹੇ ਹਨ, ਠੱਗੀਆਂ ਚੋਰੀਆਂ ਚੱਲ ਰਹੀਆਂ ਹਨ, ਘਰਾਂ ਵਿਚ ਰਿਸ਼ਤੇਦਾਰਾਂ ਵਿਚ ਸਮਝ ਤੋਂ ਬਾਹਰ ਹੈ। ਇੰਨਾ ਕੁਝ ਦੇਖ ਰਹੇ ਹਾਂ, ਕੀ ਕੁਝ ਹੋ ਰਿਹਾ ਹੈ। ਚੋਰੀ ਠੱਗੀ ਬੰਦਾ ਜ਼ਿਆਦਾ ਕਰਦਾ ਹੈ, ਜਨਾਨੀਆਂ ਕੰਮ ਕਰਦੀਆਂ ਹਨ, ਚੋਰੀਆਂ ਠੱਗੀਆਂ ਜਨਾਨੀਆਂ ਵੀ ਕਰਦੀਆਂ ਹਨ ਪਰ ਜ਼ਿਆਦਾਤਰ ਬੰਦੇ ਦਾ ਰੋਲ ਹੁੰਦਾ ਹੈ। ਬੰਦਾ ਚੋਰੀ ਕਰਦਾ ਹੈ।

ਬੱਚਿਆਂ ਵਾਸਤੇ ਪਤਨੀ ਵਾਸਤੇ, ਆਪਣੇ ਘਰ-ਬਾਰ ਬਣਾਉਣ ਵਾਸਤੇ, ਲੁੱਟਣਾ ਖੋਹਣਾ ਖਾ ਲਿਆ, ਕਿਸੇ ਨਾ ਕਿਸੇ ਤਰ੍ਹਾਂ ਦੇ, ਜਿੱਦਾਂ ਵੀ ਉਸ ਦਾ ਲੱਗ ਜਾਂਦਾ ਸੂਤ, ਰਿਸ਼ਤੇਦਾਰੀ ਵਿਚੋਂ ਜਾਂ ਬੇਗਾਨੇ ਲੋਕਾਂ ਵਿਚੋਂ ਲੁੱਟ ਲਿਆ, ਖਾ ਲਿਆ। ਪਰ ਗੱਲ ਇਹ ਵੀ ਇਸ ਦਾ ਲੇਖਾ-ਜੋਖਾ ਤਾਂ ਦੇਣਾ ਹੈ। ਬਾਣੀ ਸਾਰੀ ਪੜ੍ਹਦੀ ਹੈ ਦੁਨੀਆਂ, ਪਰ ਬਾਣੀ ਦਾ ਅਸਰ ਕਿਸ ਨੇ ਕੀਤਾ। ਕੋਈ ਨਹੀਂ ਕਰ ਰਿਹਾ। ਪੜ੍ਹ ਲਈ, ਛੱਡ ਤੀ, ਪੜ੍ਹ ਲਈ ਛੱਡ ਤੀ, ਜੇ ਇਹ ਸਮਝ ਵਿਚ ਆ ਜੇ ਕਿ ਬਾਣੀ ਸਾਨੂੰ ਕੀ ਸੁਝਾ ਦੇ ਰਹੀ ਹੈ, ਉਸ ਹਿਸਾਬ ਨਾਲ ਬੰਦੇ ਦਾ ਜੀਵਨ ਬਦਲ ਜਾਏਗਾ ਪਰ ਨਹੀਂ ਅਸੀਂ ਬਾਣੀ ਤੋਂ ਦੂਰ ਹਾਂ। ਅਸੀਂ ਨਹੀਂ ਮੰਨ ਰਹੇ ਗੱਲਾਂ, ਕਿਉਂਕਿ ਜੋ ਚੋਰੀ ਠੱਗੀ ਕੀਤੀ ਜਾਂ ਕੋਈ ਗਲਤ ਕੰਮ ਕੀਤਾ ਬੰਦਾ ਮਾਰਿਆ, ਉਸ ਦਾ ਲੇਖਾ ਜੋਖਾ ਤਾਂ ਉਸ ਬੰਦੇ ਨੇ ਹੀ ਦੇਣਾ, ਜਿਹੜਾ ਕੁਝ ਕਰ ਰਿਹਾ ਹੈ, ਨਾ ਕਿ ਉਹ ਦੀ ਘਰਵਾਲੀ ਨੇ ਦੇਣਾ। ਨਾ ਉਹਦੇ ਬੱਚਿਆਂ ਨੇ ਦੇਣਾ, ਜਿਨ੍ਹਾਂ ਪਿੱਛੇ ਮਰ ਰਹੇ ਹਾਂ, ਦਿਨ-ਰਾਤ ਕਮਾਈਆਂ ਕਰ-ਕਰ ਕੇ ਦੋ ਨੰਬਰ ਦੇ ਘਰ ਭਰੇ। ਕਿਸੇ ਦੀਆਂ ਕਮਾਈਆਂ ਕਿਸੇ ਦੀ ਦਿਹਾੜੀ ਦੱਬ ਲਈ। ਕਿਸੇ ਦੀ ਡਰਾਈਵਰੀ ਦੱਬ ਲਈ, ਜੋ ਗਰੀਬ ਦਾ ਖ਼ੂਨ ਚੂਸ ਰਹੇ ਹਾਂ। ਗਰੀਬ ਦਾ ਖ਼ੂਨ ਪੀ ਰਹੇ ਹਾਂ। ਗਰੀਬ ਨੂੰ ਅਸੀਂ ਤਨਖਾਹ ਨਹੀਂ ਦੇ ਰਹੇ। ਕੰਮਾਂਕਾਰਾਂ ਤੋਂ ਦੇਸ਼ ਵਿਚ ਵਿਦੇਸ਼ਾਂ ਵਿਚ ਆਮ ਜਿਹੀ ਗੱਲਾਂ ਸੁਣਨ ਮਿਲਦੀਆਂ ਹਨ, ਰੋਜ਼ ਖਬਰਾਂ ਆਉਂਦੀਆਂ ਹਨ। ਸਟੋਰਾਂ 'ਤੇ ਸਾਡੇ ਪੈਸੇ ਦੱਬੇ ਨੇ। ਡਰਾਈਵਰ ਆਉਂਦੇ ਹਨ ਕਿ ਫਲਾਣੇ ਨੇ ਸਾਡੇ ਪੈਸੇ ਨਹੀਂ ਦਿੱਤੇ ਮਾਲਕਾਂ ਨੇ। ਕੀ ਫਾਇਦਾ ਇਹੋ ਜਿਹੀਆਂ ਕਮਾਈਆਂ ਦਾ। ਜਿਹੜੇ ਕਿਸੇ ਡਰਾਈਵਰ ਦਾ, ਕਿਸੇ ਮਾਲਕ ਦਾ ਦਿਹਾੜੀ ਦਾ, ਅਸੀਂ ਪੈਸਾ ਮਾਰਿਆ, ਉਸ ਦੀ ਹੱਡ ਭੰਨਵੀਂ, ਕਮਾਈ ਉਸ ਦਾ ਖ਼ੂਨ ਪੀਤਾ, ਉਸ ਦਾ ਲੇਖਾ ਅਸੀਂ ਕਿੱਥੇ ਦੇਣਾ ਹੈ।

ਹਿਸਾਬ-ਕਿਤਾਬ ਤਾਂ ਹੋਣੇ ਹਨ। ਬੇਸ਼ੱਕ ਦੇ ਇਥੇ ਹੋ ਜਾਣ ਜਾਂ ਅਗਲੇ ਜਨਮ ਵਿਚ ਹੋ ਜਾਣ, ਉਹ ਸਾਰਿਆਂ ਨੂੰ ਪਤਾ ਹੈ ਲੇਖਾ ਤਾਂ ਦੇਣਾ ਹੀ ਪੈਣਾ ਹੈ। ਭਾਵੇਂ ਇੱਥੇ ਦੇ ਦੋ, ਭਾਵੇਂ ਅੱਗੇ ਦੇ ਦੋ ਪਰ ਦੁਨੀਆਂ ਦੀ ਇਹ ਗੱਲ ਸਮਝ ਤੋਂ ਬਾਹਰ ਹੈ। ਦੂਜੇ ਪਾਸੇ ਅਸੀਂ ਗੁਰਦੁਆਰਿਆਂ ਵਿਚ ਜਾ ਕੇ ਵੱਡੇ-ਵੱਡੇ ਬੋਰਡ ਲਵਾ ਤੇ ਪੱਖੇ ਲਵਾ ਤੇ ਕੂਲਰ ਲਵਾ ਤੇ ਸੇਵਾ ਕਰਦੇ ਸੀ। ਪਰ ਹੁਣ ਅਸੀਂ ਬਹੁਤ ਕੁਝ ਅਜਿਹਾ ਰੱਜ ਦਿੱਤਾ ਹੈ, ਜਿਸ ਦੀ ਕਾਮਨਾ ਕਰਨੀ ਵੀ ਔਖੀ ਹੈ। ਅਸੀਂ ਗੁਰਦੁਆਰਿਆਂ ਵਿਚ ਸੰਗਮਰਮਰ ਲਾ ਦਿੱਤੇ, ਇਮਾਰਤਾਂ ਪੱਕੀਆਂ ਕਰ ਦਿੱਤੀਆਂ। ਗਰੀਬਾਂ ਦਾ ਖ਼ੂਨ ਚੂਸ ਕੇ ਬਹੁਤ ਕੁਝ ਅਜਿਹਾ ਕਰ ਦਿੱਤਾ, ਜੋ ਸਾਡੀ ਸਮਝ ਤੋਂ ਬਾਹਰ ਹੈ ਪਰ ਗੁਰਦੁਆਰਿਆਂ ਵਿਚ ਲੜਾਈਆਂ ਹੋ ਰਹੀਆਂ ਹਨ, ਸਿਰ ਪਾੜ ਰਹੇ ਹਨ, ਗੋਲੀਆਂ ਚੱਲ ਰਹੀਆਂ ਹਨ, ਇਹ ਸਭ ਕੁਝ ਸਾਡੇ ਗੁਰੂ ਸਾਹਿਬਾਨ ਨੇ ਨਹੀਂ ਸੀ ਕਿਹਾ।

ਗੁਰਦੁਆਰਿਆਂ ਵਿਚ ਜਾ ਕੇ ਆਪਣੀ ਵਡਿਆਈ ਵਾਸਤੇ, ਆਪਣੀ ਸੋਭਾ ਵਾਸਤੇ, ਦੁਨੀਆਂ ਦੀ ਜੈ-ਜੈਕਾਰ ਲੈਣ ਵਾਸਤੇ, ਕਿਸੇ ਦੀ ਕਮਾਈਆਂ, ਕਿਸੇ ਦੀਆਂ ਤਨਖਾਵਾਂ ਕੱਟ ਕੇ, ਅਸੀਂ ਰੱਬ ਨੂੰ ਖੁਸ਼ ਨਹੀਂ ਕਰ ਸਕਦੇ। ਮੰਨ ਲਓ, ਇੰਗਲੈਂਡ, ਕੈਨੇਡਾ ਕਿਸੇ ਵੀ ਦੇਸ਼ ਵਿਚ ਜਾਂਦੇ ਹਨ ਕਮਾਈਆਂ ਕਰਨ ਵਾਸਤੇ ਜਾਂਦੇ ਹਨ, ਆਪਣੇ ਬੱਚੇ ਛੱਡੇ ਹਨ, ਘਰ ਵਾਲੀਆਂ ਛੱਡੀਆਂ ਹਨ, ਪਰਿਵਾਰ ਛੱਡਿਆ ਹੈ, ਮਾਪੇ ਛੱਡੇ ਹਨ, ਇਹ ਸਾਡੀਆਂ ਮਜਬੂਰੀਆਂ ਹਨ। ਦੇਸ਼ ਛੱਡਣਾ ਦੂਜੇ ਪਾਸੇ ਅਸੀਂ ਆ ਕੇ ਇਨ੍ਹਾਂ ਅਮੀਰਾਂ ਦੇ ਹੱਥ ਢਾਏ ਚੜ੍ਹ ਜਾਂਦੇ ਹਾਂ। ਪੇਪਰ ਸਾਡੇ ਨਹੀਂ ਬਣਦੇ। ਗੁਲਾਮੀ ਕਾਰਨ ਸਾਨੂੰ ਕੰਮ ਕਰਨਾ ਪੈਂਦਾ ਹੈ। ਜਿੰਨੇ ਪੈਸੇ ਕੋਈ ਦਿੰਦਾ, ਸਾਨੂੰ ਉਸ ਪੈਸੇ ਵਿਚ ਹੀ ਸਬਰ ਕਰਨਾ ਪੈਂਦਾ ਹੈ। ਬੋਲ ਨਹੀਂ ਸਕਦੇ। ਕਿਉਂਕਿ ਬੰਦੇ ਕੋਲ ਪੇਪਰ ਨਹੀਂ ਹਨ। ਬੰਦਾ ਗੱਲ ਨਹੀਂ ਕਰ ਸਕਦਾ, ਕੁਝ ਬੋਲ ਨਹੀਂ ਸਕਦਾ। ਉਸ ਦੀ ਮਜਬੂਰੀ ਹੁੰਦੀ ਹੈ ਪਰ ਉਸ ਦੀ ਮਜਬੂਰੀ ਦਾ ਫਾਇਦਾ ਵੱਡੇ-ਵੱਡੇ ਮਾਲਕ, ਵੱਡੇ-ਵੱਡੇ ਕੰਪਨੀਆਂ ਵਾਲੇ ਉਸ ਗਰੀਬ ਦਾ ਮਜ਼ਾਕ ਉਡਾਉਂਦੇ ਹਨ। ਉਹਦਾ ਪੈਸਾ ਦੱਬਦੇ ਹਨ, ਪਰ ਉਸ ਕੋਲ ਕੋਈ ਚਾਰਾ ਨਹੀਂ ਹੁੰਦਾ।

ਉਸ ਨੂੰ ਗੱਲਾਂ ਸੁਣਨੀਆਂ ਪੈਂਦੀਆਂ ਹਨ। ਬਾਬੇ ਨਾਨਕ ਨੇ ਕਿਹਾ ਸੀ, ਦਸਾਂ-ਨੌਂਹਾਂ ਦੀ ਕਿਰਤ ਕਰੋ। ਨਾਮ ਜਪੋ, ਵੰਡ ਛਕੋ। ਕੌਣ ਨਾਮ ਜਪ ਰਿਹਾ ਹੈ। ਕੌਣ ਵੰਡ ਛਕ ਰਿਹਾ ਹੈ, ਕੌਣ ਕਿਰਤ ਕਰ ਰਿਹਾ ਹੈ, ਸਭ ਨੂੰ ਪਤਾ ਹੈ। ਉਹ ਦੇਖ ਰਿਹਾ ਹੈ। ਅਸੀਂ ਕਹਿਦੇ ਆਂ ਕਿ ਸਾਨੂੰ ਕੋਈ ਨਹੀਂ ਦੇਖਦਾ। ਚੋਰੀ ਕਰ ਲਈ, ਬੰਦਾ ਮਾਰਤਾ। ਦਾਰੂ ਵੇਚ ਲਈ। ਨਸ਼ੇ ਵੇਚ ਲਏ, ਹੋਰ ਵੀ ਵੱਡੀ-ਵੱਡੀਆਂ ਚੋਰੀਆਂ ਕਿਸੇ ਵੀ ਤਰ੍ਹਾਂ ਦੀਆਂ ਹਨ ਪਰ ਉਹ ਉਤਲਾ ਦੇਖਦਾ ਹੈ। ਜੋ ਕਿ ਸਾਨੂੰ ਸਮਝਣਾ ਚਾਹੀਦਾ ਹੈ। ਜਿੰਨੇ ਮਰਜ਼ੀ ਅਸੀਂ ਅੱਗੇ ਲਈਏ ਸਾਡੇ ਜੋ ਅਸੀਂ ਕਰਮ ਮਾੜੇ ਚੰਗੇ ਕੀਤੇ ਹਨ, ਉਹ ਰੱਬ ਦੀ ਦਰਗਾਹ ਵਿਚ ਜ਼ਾਹਰ ਹੋਣੇ ਹਨ, ਉਥੇ ਜਾ ਕੇ ਸਾਨੂੰ ਹਿਸਾਬ-ਕਿਤਾਬ ਤਾਂ ਦੇਣਾ ਹੀ ਪੈਣਾ ਹੈ। ਸੋ, ਆਓ ਇੱਕ ਸਲਾਹ ਏ। ਕੋਈ ਵੱਡਾ ਕਿਸੇ ਦੇ ਪੈਸੇ ਮਾਰਦਾ ਹੈ, ਉਸ ਨਾਲ ਬੰਦੇ ਬਹਿ ਕੇ ਗੱਲ ਕਰ ਲਈਏ, ਲੜਨ-ਕੁੱਟਣ ਦਾ ਕੋਈ ਫਾਇਦਾ ਨਹੀਂ। ਪਿਆਰ-ਮੁਹੱਬਤ ਨਾਲ ਮਿਹਨਤ ਲਈਏ ਤੇ ਅਗਲੇ ਵੀ ਮਿਹਨਤ ਦੇਣ। ਅਸਲ ਵਿਚ ਇਹੀ ਜ਼ਿੰਦਗੀ ਦਾ ਫਾਰਮੂਲਾ ਹੈ, ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਬੱਚਿਆਂ ਵਾਸਤੇ ਪਤਨੀ ਵਾਸਤੇ, ਆਪਣੇ ਘਰ-ਬਾਰ ਬਣਾਉਣ ਵਾਸਤੇ, ਲੁੱਟਣਾ ਖੋਹਣਾ ਖਾ ਲਿਆ, ਕਿਸੇ ਨਾ ਕਿਸੇ ਤਰ੍ਹਾਂ ਦੇ, ਜਿੱਦਾਂ ਵੀ ਉਸ ਦਾ ਲੱਗ ਜਾਂਦਾ ਸੂਤ, ਰਿਸ਼ਤੇਦਾਰੀ ਵਿਚੋਂ ਜਾਂ ਬੇਗਾਨੇ ਲੋਕਾਂ ਵਿਚੋਂ ਲੁੱਟ ਲਿਆ, ਖਾ ਲਿਆ। ਪਰ ਗੱਲ ਇਹ ਵੀ ਇਸ ਦਾ ਲੇਖਾ-ਜੋਖਾ ਤਾਂ ਦੇਣਾ ਹੈ। ਬਾਣੀ ਸਾਰੀ ਪੜ੍ਹਦੀ ਹੈ ਦੁਨੀਆਂ, ਪਰ ਬਾਣੀ ਦਾ ਅਸਰ ਕਿਸ ਨੇ ਕੀਤਾ। ਕੋਈ ਨਹੀਂ ਕਰ ਰਿਹਾ। ਪੜ੍ਹ ਲਈ, ਛੱਡ ਤੀ, ਪੜ੍ਹ ਲਈ ਛੱਡ ਤੀ, ਜੇ ਇਹ ਸਮਝ ਵਿਚ ਆ ਜੇ ਕਿ ਬਾਣੀ ਸਾਨੂੰ ਕੀ ਸੁਝਾ ਦੇ ਰਹੀ ਹੈ, ਉਸ ਹਿਸਾਬ ਨਾਲ ਬੰਦੇ ਦਾ ਜੀਵਨ ਬਦਲ ਜਾਏਗਾ ਪਰ ਨਹੀਂ ਅਸੀਂ ਬਾਣੀ ਤੋਂ ਦੂਰ ਹਾਂ।

# ਡਿਜ਼ੀਟਲ ਪਲੇਟਫਾਰਮ: ਸਿੱਖਣ ਦਾ ਨਵਾਂ ਰਸਤਾ

ਡਾ. ਵਿਜੇ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਸੋ ਅੱਜ ਇੰਟਰਨੈੱਟ ’ਤੇ ਹਜ਼ਾਰਾਂ ਪਲੇਟਫਾਰਮ ਹਨ, ਜਿੱਥੋਂ ਤੁਸੀਂ ਮੁਫ਼ਤ ਜਾਂ ਘੱਟ ਕੀਮਤ ’ਤੇ ਹੁਨਰ ਸਿੱਖ ਸਕਦੇ ਹੋ। ਯੂਟਿਊਬ, ਔਨਲਾਈਨ ਕੋਰਸ, ਵੈਬੀਨਾਰ ਅਤੇ ਵਰਚੁਅਲ ਇੰਟਰਨਸ਼ਿਪ ਨੇ ਸਿੱਖਣ ਦੇ ਮੌਕੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪਹੁੰਚਯੋਗ ਬਣਾ ਦਿੱਤੇ ਹਨ।

ਹੁਣ ਇਹ ਜ਼ਰੂਰੀ ਨਹੀਂ ਹੈ ਕਿ ਤੁਸੀਂ ਕਿਸੇ ਵੱਡੀ ਸੰਸਥਾ ਵਿਚ ਦਾਖਲਾ ਲਓ। ਜੇ ਤੁਹਾਡੇ ਕੋਲ ਸਿੱਖਣ ਦੀ ਇੱਛਾ ਅਤੇ ਅਨੁਸ਼ਾਸਨ ਹੈ, ਤਾਂ ਤੁਸੀਂ ਘਰ ਬੈਠ ਕੇ ਵੀ ਆਪਣੇ ਕਰੀਅਰ ਦੀ ਮਜ਼ਬੂਤ ਬੁਨਿਆਦ ਰੱਖ ਸਕਦੇ ਹੋ।

## ਹੁਨਰ ਕਿਵੇਂ ਵਿਕਸਿਤ ਕਰੋ ?


**ਲਗਾਤਾਰ ਅਭਿਆਸ ਕਰੋ:** ਹੁਨਰ ਇੱਕ ਦਿਨ ਵਿਚ ਨਹੀਂ ਆਉਂਦੇ, ਉਨ੍ਹਾਂ ਨੂੰ ਨਿਯਮਤ ਅਭਿਆਸ ਦੁਆਰਾ ਸੁਧਾਰਿਆ ਜਾਂਦਾ ਹੈ।

**ਪ੍ਰੋਜੈਕਟ-ਅਧਾਰਿਤ ਸਿੱਖਣਾ:** ਜਿੰਨਾ ਜ਼ਿਆਦਾ ਤੁਸੀਂ ਅਸਲ ਪ੍ਰੋਜੈਕਟਾਂ ’ਤੇ ਕੰਮ ਕਰੋਗੇ, ਓਨੀ ਹੀ ਤੁਹਾਡੀ ਸਮਝ ਵਧੇਗੀ।

**ਇੰਟਰਨਸ਼ਿਪ ਅਤੇ ਫ੍ਰੀਲਾਂਸਿੰਗ:** ਇਹ ਅਨੁਭਵ ਹਾਸਲ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।

**ਨੈੱਟਵਰਕਿੰਗ:** ਆਪਣੇ ਖੇਤਰ ਦੇ ਲੋਕਾਂ ਨਾਲ ਜੁੜੋ ਅਤੇ ਸਿੱਖੋ।

**ਫੀਡਬੈਕ ਲਓ:** ਆਪਣੀਆਂ ਗਲਤੀਆਂ ਤੋਂ ਸਿੱਖਣਾ ਹੀ ਅਸਲ ਤਰੱਕੀ ਹੈ।




## ਕੀ ਡਿਗਰੀ ਦੀ ਮਹੱਤਤਾ ਖਤਮ ਹੋ ਗਈ ਹੈ ?

ਇਹ ਕਹਿਣਾ ਗਲਤ ਹੋਵੇਗਾ ਕਿ ਡਿਗਰੀ ਹੁਣ ਪੂਰੀ ਤਰ੍ਹਾਂ ਬੇਕਾਰ ਹੋ ਗਈ ਹੈ। ਕਈ ਪੇਸ਼ੇ—ਜਿਵੇਂ ਡਾਕਟਰ, ਇੰਜੀਨੀਅਰ, ਵਕੀਲ—ਹੁਣ ਵੀ ਰਸਮੀ ਸਿੱਖਿਆ ਦੀ ਮੰਗ ਕਰਦੇ ਹਨ।

## ਚੁਣੌਤੀਆਂ ਵੀ ਹਨ

ਬਿਨਾਂ ਡਿਗਰੀ ਦੇ ਕਰੀਅਰ ਬਣਾਉਣਾ ਆਸਾਨ ਨਹੀਂ ਹੈ। ਇਸ ਲਈ ਸਵੈ-ਅਨੁਸ਼ਾਸਨ, ਲਗਾਤਾਰ ਸਿੱਖਣ ਦੀ ਇੱਛਾ ਅਤੇ ਧੀਰਜ ਦੀ ਲੋੜ ਹੁੰਦੀ ਹੈ।

- ਸ਼ੁਰੂਆਤ ਵਿਚ ਮੌਕੇ ਘੱਟ ਮਿਲ ਸਕਦੇ ਹਨ।
- ਆਪਣੇ ਆਪ ਨੂੰ ਸਾਬਤ ਕਰਨ ਵਿਚ ਵਧੇਰੇ ਮਿਹਨਤ ਲੱਗਦੀ ਹੈ
- ਮੁਕਾਬਲੇਬਾਜ਼ੀ ਵੀ ਕਾਫ਼ੀ ਜ਼ਿਆਦਾ ਹੁੰਦੀ ਹੈ

ਪਰ ਜੇਕਰ ਤੁਸੀਂ ਲਗਾਤਾਰ ਕੋਸ਼ਿਸ਼ ਕਰਦੇ ਹੋ, ਤਾਂ ਇਹ ਚੁਣੌਤੀਆਂ ਵੀ ਮੌਕੇ ਵਿਚ ਬਦਲ ਸਕਦੀਆਂ ਹਨ।

## ਸਫਲਤਾ ਦੀ ਨਵੀਂ ਪਰਿਭਾਸ਼ਾ

ਅੱਜ ਸਫਲਤਾ ਦਾ ਮਤਲਬ ਸਿਰਫ਼ ਇੱਕ ਸਥਿਰ ਨੌਕਰੀ ਨਹੀਂ ਹੈ, ਸਗੋਂ ਨਿਰੰਤਰ ਵਿਕਾਸ ਅਤੇ ਸਿੱਖਣ ਦੀ ਪ੍ਰਕਿਰਿਆ ਹੈ। ਜੋ ਵਿਅਕਤੀ ਨਵੀਆਂ ਚੀਜ਼ਾਂ ਸਿੱਖਣ ਲਈ ਤਿਆਰ ਰਹਿੰਦਾ ਹੈ ਅਤੇ ਸਮੇਂ ਦੇ ਨਾਲ ਆਪਣੇ ਹੁਨਰ ਨੂੰ ਅਪਡੇਟ ਕਰਦਾ ਰਹਿੰਦਾ ਹੈ, ਉਹ ਅੱਗੇ ਵਧਦਾ ਹੈ।

## ਸਿੱਟਾ

ਅੱਜ ਦਾ ਯੁੱਗ ਡਿਗਰੀ ਨਾਲੋਂ ਵੱਧ ਹੁਨਰ ਦਾ ਯੁੱਗ ਹੈ। ਜੇਕਰ ਤੁਹਾਡੇ ਕੋਲ ਸਹੀ ਹੁਨਰ, ਸਿੱਖਣ ਦੀ ਲਗਨ ਅਤੇ ਆਪਣੇ ਆਪ ਵਿਚ ਵਿਸ਼ਵਾਸ ਹੈ, ਤਾਂ ਤੁਸੀਂ ਡਿਗਰੀ ਤੋਂ ਬਿਨਾਂ ਵੀ ਆਪਣੇ ਕਰੀਅਰ ਵਿਚ ਸਫਲਤਾ ਪ੍ਰਾਪਤ ਕਰ ਸਕਦੇ ਹੋ। ਇਹ ਸਮਾਂ ਆਪਣੇ ਆਪ ਨੂੰ ਸੀਮਤ ਕਰਨ ਦਾ ਨਹੀਂ ਹੈ, ਸਗੋਂ ਆਪਣੀਆਂ ਸਮਰਥਾਵਾਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਨਿਖਾਰਨ ਦਾ ਹੈ। ਯਾਦ ਰੱਖੋ—ਡਿਗਰੀ ਤੁਹਾਨੂੰ ਇੱਕ ਮੌਕਾ ਦੇ ਸਕਦੀ ਹੈ, ਪਰ ਇਹ ਤੁਹਾਡੇ ਹੁਨਰ ਹਨ, ਜੋ ਤੁਹਾਨੂੰ ਉਸ ਮੌਕੇ ’ਤੇ ਟਿਕੇ ਰੱਖਦੇ ਹਨ ਅਤੇ ਅੱਗੇ ਵਧਾਉਂਦੇ ਹਨ।

# “ਮਾਂ ਦਿਵਸ/ਮਦਰਜ਼ ਡੇਅ”

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA



ਬੇਸ਼ੱਕ ਇਹ ਡੇਅ ਨਾਮੀਂ ਰਿਵਾਜ਼ ਗੋਰਿਆਂ ਵੱਲੋਂ ਸ਼ੁਰੂ ਕੀਤੇ ਹੋਏ ਹਨ ਪਰ ਕੁਝ ਇੱਕ ਨੂੰ ਛੱਡ ਕੇ ਜਿਵੇਂ ਹੱਗ ਡੇਅ, ਗੁਲਾਬ ਡੇਅ, ਚਾਕਲੇਟ ਡੇਅ, ਵੈਲੇਨਟਾਈਨ ਡੇਅ ਵਗੈਰਾ... ਵਗੈਰਾ, ਬਾਕੀ ਡੇਅ ਠੀਕ ਹੀ ਹਨ ਪਰ ਮਾਂ ਦਿਵਸ ਅਤੇ ਪਿਤਾ ਦਿਵਸ ਵਿਚ ਤਾਂ ਰਤਾ ਭਰ ਵੀ ਗਲਤੀ ਨਹੀਂ ਹੈ। ਕਿਉਂਕਿ ਬਹੁਤੇ ਗੋਰੇ ਅਤੇ ਕੁਝ ਕੁ ਅਸੀਂ ਭਾਰਤੀ ਵੀ ਮਾਪਿਆਂ ਤੋਂ ਵੱਖ ਰਹਿਣ ਵਿਚ ਵਡਿਆਈ ਸਮਝਣ ਲੱਗੇ ਹਾਂ। ਕਿਸੇ ਦੀ ਨੌਕਰੀ ਜਾਂ ਕਾਰੋਬਾਰ ਦੂਜੇ ਸ਼ਹਿਰ ਵਿਚ ਹੋਵੇ, ਤਾਂ ਵੱਖ ਰਹਿਣਾ ਅਜੀਬ ਨਹੀਂ ਲੱਗਦਾ ਪਰ ਜਿਸ ਸ਼ਹਿਰ ਵਿਚ ਬਜ਼ੁਰਗ ਮਾਤਾ-ਪਿਤਾ ਰਹਿੰਦੇ ਹੋਣ, ਤਾਂ ਉਸੇ ਸ਼ਹਿਰ ਵਿਚ ਬਰਖ਼ੁਰਦਾਰ ਕਿਰਾਏ ’ਤੇ ਜਾਂ ਮਕਾਨ ਮੁੱਲ ਲੈ ਕੇ ਰਹਿ ਰਿਹਾ ਹੋਵੇ, ਤਾਂ ਸੋਭਾ ਨਹੀਂ ਦੇਂਦਾ ਪਰ ਘੱਟੋ-ਘੱਟ ਇਨ੍ਹਾਂ ਦਿਨਾਂ ’ਤੇ ਤਾਂ ਇਕੱਠੇ ਲੰਚ, ਡਿਨਰ ਜਾਂ ਦੋਵੇਂ ਕਰ ਲੈਣ ਨਾਲ ਮਨ ਨੂੰ ਸਕੂਨ ਤਾਂ ਮਿਲਦਾ ਹੀ ਹੈ। ਕੁਝ ਲੋਕ ਫਾਦਰਜ਼ ਡੇਅ ਨਾਲੋਂ ਮਦਰਜ਼ ਡੇਅ ਨੂੰ ਜ਼ਿਆਦਾ ਅਹਿਮੀਅਤ ਦੇਂਦੇ ਵੇਖਦੇ ਹਾਂ। ਮਾਂ ਦੀ ਮਮਤਾ ਅੱਗੇ ਤਾਂ ਰਿਸ਼ੀਆਂ ਮੁਨੀਆਂ ਨੇ ਵੀ ਸਿਰ ਝੁਕਾਏ ਸਨ। ਪਵਿੱਤਰ ਗੁਰਬਾਣੀ ਨੇ ਵੀ ਔਰਤ ਜ਼ਾਤ ਅਤੇ ਮਾਂ ਨੂੰ ਬਹੁਤ ਵਡਿਆਈ ਬਖ਼ਸ਼ੀ ਹੈ... “ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥” ਔਰਤ ਜੱਗ ਜਨਣੀ ਹੈ, ਇਹ ਐਵੇਂ ਨਹੀਂ ਕਿਹਾ ਗਿਆ। ਪੁਰਾਤਨ ਸਮਿਆਂ ਵਿਚ ਮਾਵਾਂ ਨੇ ਇਹ ਕੰਮ ਆਪਣੇ ਨਾਲ ਅਤੇ ਆਪਣੇ ਆਪ ’ਤੇ ਹੰਡਾਅ ਕੇ ਦੱਸੇ ਸਨ। ਜਦੋਂ ਆਪਾਂ ਸ਼ੇਖ ਫਰੀਦ ਸਾਹਿਬ ਜੀ ਦੀ ਬਾਣੀ ਪੜ੍ਹਦੇ ਹਾਂ, ਤਾਂ ਉਸ ਵਿਚ ਵੀ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਜੀ ਦਾ ਸਪੱਸ਼ਟ ਵਰਨਣ ਕੀਤਾ ਗਿਆ ਹੈ। ਕੁੱਲ ਮਿਲਾ ਕੇ ਕਹਿ ਸਕਦੇ ਹਾਂ ਕਿ ਬੱਚਿਆਂ ਦਾ ਭਵਿੱਖ ਬਣਾਉਣ ਵਿਚ ਜ਼ਿਆਦਾ ਭੂਮਿਕਾ ਮਾਤਾ ਦੀ ਹੁੰਦੀ ਹੈ। ਬਹਾਦਰ ਅਤੇ ਜੰਗਜੂ ਕੌਮਾਂ ਦਾ ਇਤਿਹਾਸ ਮਾਤਾਵਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨਾਲ ਭਰਿਆ ਪਿਆ ਹੈ। ਮੀਰ ਮੰਨੂ ਅਤੇ ਜ਼ਕਰੀਆ ਖਾਨ ਨੇ ਬੰਦਿਆਂ ਨਾਲੋਂ ਵੱਧ ਦੁੱਖ ਮਾਤਾਵਾਂ ਨੂੰ ਦਿੱਤੇ ਸਨ। ਅੱਜ ਵੀ ਮਾਵਾਂ ਚਾਹੁਣ ਤਾਂ ਆਪਣੇ ਬੱਚਿਆਂ ਨੂੰ ਜਨਰਲ ਜਗਜੀਤ ਸਿੰਘ ਅਰੋੜਾ, ਜਨਰਲ ਹਰਬਖਸ਼ ਸਿੰਘ ਜੀ ਅਤੇ ਏਅਰ ਚੀਫ ਮਾਰਸ਼ਲ ਅਰਜਨ ਸਿੰਘ ਜੀ ਵਰਗੇ ਜਾਂਬਾਜ਼ ਸੂਰਮੇ ਬਣਾਉਣ ਜਾਂ ਫਿਲਮਾਂ ਵਿਚ ਮੁੱਛਾਂ ਮਨਾ ਕੇ ਨੱਚਣ ਵਾਲੇ ਹੀਰੋ ਬਣਾਉਣ, ਇਹ ਮਾਂਵਾਂ ਦੇ ਵੱਸ ਹੈ। ਮੌਜੂਦਾ ਸਮੇਂ ਵਿਚ ਮਾਵਾਂ ਵੱਲੋਂ ਦੇਸ਼ ਕੌਮ ਪ੍ਰਤੀ ਪਿਆਰ ਵੇਖਣਾ ਹੈ, ਤਾਂ ਜਰਮਨ ਦੀਆਂ ਮਾਵਾਂ ਦਾ ਇਤਿਹਾਸ ਪੜ੍ਹੋ। ਦੂਜੇ ਵਿਸ਼ਵ ਯੁੱਧ ਵਿਚ ਜਰਮਨ ਦੇ ਲੱਖਾਂ ਮਰਦ ਸ਼ਹੀਦ ਹੋਏ, ਮਾਰ ਦਿੱਤੇ ਗਏ ਜਾਂ ਜ਼ਹਿਰੀਲੀਆਂ ਗੈਸਾਂ ਕਾਰਨ ਮਾਰੇ ਗਏ। ਹਿਟਲਰ ਦੀ ਮੌਤ ਅਤੇ ਯੁੱਧ ਦੀ ਸਮਾਪਤੀ ਉਪਰੰਤ ਦੇਸ਼ ਵਿਚ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਸੀ, ਲਿਹਾਜ਼ਾ ਦੇਸ਼ ਦੇ ਬੁੱਧੀਜੀਵੀ ਵਰਗ ਨੇ ਐਲਾਨ ਕੀਤਾ ਕਿ ਦੇਸ਼ ਦੀ ਹੋਈ ਬਰਬਾਦੀ ਉਪਰੰਤ ਇਥੇ ਮਕਾਨ, ਦਫ਼ਤਰ, ਸੜਕਾਂ ਪੁਲਾਂ ਨੂੰ ਤਾਮੀਰ ਕਰਨ ਵਾਸਤੇ ਮਰਦਾਂ/ਕਾਮਿਆਂ ਦੀ ਲੋੜ ਹੈ, ਬਹੁਤ ਸਾਰੇ ਮੁਲਕਾਂ ਤੋਂ ਲੋਕ ਜਰਮਨ ਗਏ। ਸਭ ਤੋਂ ਵੱਧ ਨੌਜਵਾਨ ਗੁਆਂਢੀ ਦੇਸ਼ ਤੁਰਕੀ ਤੋਂ ਗਏ। ਉਨ੍ਹਾਂ ਵਿਚੋਂ ਜ਼ਿਆਦਾ ਲੋਕਾਂ ਨੇ ਉਥੇ ਦੀਆਂ ਵਸਨੀਕ ਡੱਚ ਬੋਲਣ ਵਾਲੀਆਂ ਔਰਤਾਂ ਨਾਲ ਵਿਆਹ ਕਰਵਾਏ, ਬੱਚੇ ਪੈਦਾ ਹੋਏ, ਜੋ ਹੋਣੇ ਹੀ ਸਨ ਪਰ ਸਲਾਮ ਹੈ ਉਨ੍ਹਾਂ ਡੱਚ ਮਾਵਾਂ ਨੂੰ, ਜਿਨ੍ਹਾਂ ਨੇ ਬਾਹਰਲੇ ਲੋਕਾਂ ਨੂੰ ਸਾਫ ਕਹਿ ਦਿੱਤਾ ਕਿ ਇਹ ਬੱਚੇ ਬੇਸ਼ੱਕ ਤੁਹਾਡੇ ਹਨ ਪਰ ਇਹ ਤੁਰਕੀ (ਟਰਕਿਸ਼) ਭਾਸ਼ਾ ਹਰਗਿਜ਼ ਨਹੀਂ ਬੋਲਣਗੇ, ਇਨ੍ਹਾਂ ਦੀ ਮਾਂ ਬੋਲੀ ਡੱਚ ਹੀ ਰਹੇਗੀ ਅਤੇ ਹੋਇਆ ਵੀ ਇਸੇ ਤਰ੍ਹਾਂ ਹੀ। ਜਰਮਨ ਅੱਜ ਵੀ ਆਪਣੇ ਬਲਬੂਤੇ ’ਤੇ ਖੜ੍ਹਾ ਹੈ ਅਤੇ ਵਿਸ਼ਵ ਦੀਆਂ ਤਾਕਤਾਂ ਵਿਚ ਇਸਦਾ ਅਹਿਮ ਸਥਾਨ ਹੈ। ਇਹ ਸਿਹਰਾ ਉਨ੍ਹਾਂ ਮਾਵਾਂ ਦੇ ਸਿਰ ਬੱਝਦਾ ਹੈ। ਵਾਹਿਗੁਰੂ ਹਰ ਕੌਮ ਦੀ ਮਾਂ ਨੂੰ ਬਲ ਬਖਸ਼ੇ ਕਿ ਉਹ ਆਪਣੀ ਮਾਂ ਬੋਲੀ ਅਤੇ ਵਿਰਸੇ ਨੂੰ ਅੱਗੇ ਤੋਰਨ ਵਿਚ ਯੋਗਦਾਨ ਪਾਵੇ, ਤਾਂ ਹੀ ਮਾਂ ਦਿਵਸ ਨੂੰ ਮਨਾਉਣ ਦੇ ਸਾਰਥਿਕ ਅਸਰ ਦਿਖਾਈ ਦੇਣਗੇ।



ਬਹਾਦਰ ਅਤੇ ਜੰਗਜੂ ਕੌਮਾਂ ਦਾ ਇਤਿਹਾਸ ਮਾਤਾਵਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨਾਲ ਭਰਿਆ ਪਿਆ ਹੈ। ਮੀਰ ਮੰਨੂ ਅਤੇ ਜ਼ਕਰੀਆ ਖਾਨ ਨੇ ਬੰਦਿਆਂ ਨਾਲੋਂ ਵੱਧ ਦੁੱਖ ਮਾਤਾਵਾਂ ਨੂੰ ਦਿੱਤੇ ਸਨ। ਅੱਜ ਵੀ ਮਾਵਾਂ ਚਾਹੁਣ ਤਾਂ ਆਪਣੇ ਬੱਚਿਆਂ ਨੂੰ ਜਨਰਲ ਜਗਜੀਤ ਸਿੰਘ ਅਰੋੜਾ, ਜਨਰਲ ਹਰਬਖਸ਼ ਸਿੰਘ ਜੀ ਅਤੇ ਏਅਰ ਚੀਫ ਮਾਰਸ਼ਲ ਅਰਜਨ ਸਿੰਘ ਜੀ ਵਰਗੇ ਜਾਂਬਾਜ਼ ਸੂਰਮੇ ਬਣਾਉਣ ਜਾਂ ਫਿਲਮਾਂ ਵਿਚ ਮੁੱਛਾਂ ਮਨਾ ਕੇ ਨੱਚਣ ਵਾਲੇ ਹੀਰੋ ਬਣਾਉਣ, ਇਹ ਮਾਂਵਾਂ ਦੇ ਵੱਸ ਹੈ।

## 20 ਮਈ ਜਨਮ ਦਿਨ ’ਤੇ ਵਿਸ਼ੇਸ਼ ਲੇਖ...

# ਗਾਇਕੀ ਦਾ ਬੇਤਾਜ ਬਾਦਸ਼ਾਹ ਸੁਰਿੰਦਰ ਛਿੰਦਾ

ਸੁਖਵਿੰਦਰ ਸਿੰਘ ਮੁੱਲਾਂਪੁਰ
ਮੋ : +91-84274-54104
ਪੰਜਾਬ ਮੇਲUSA



ਸ਼ੋਮਣੀ ਲੋਕ ਗਾਇਕ ਸੁਰਿੰਦਰ ਛਿੰਦਾ ਦਾ ਜਨਮ ਪਿਤਾ ਬਚਨ ਰਾਮ ਦੇ ਘਰ ਮਾਤਾ ਵਿਦਿਆਵੰਤੀ ਦੀ ਕੁੱਖੋਂ 20 ਮਈ, 1953 ਨੂੰ ਪਿੰਡ ਇਆਲੀ ਖੁਰਦ (ਨੇੜੇ ਲੁਧਿਆਣਾ) ਵਿਖੇ ਰਾਮਗੜ੍ਹੀਆ ਪਰਿਵਾਰ ਵਿਚ ਹੋਇਆ। ਇਨ੍ਹਾਂ ਦੀ ਪਤਨੀ ਦਾ ਨਾਮ ਜੋਗਿੰਦਰ ਕੌਰ ਹੈ। ਇਨ੍ਹਾਂ ਘਰ ਦੋ ਬੇਟੇ ਅਤੇ ਦੋ ਬੇਟੀਆਂ ਨੇ ਜਨਮ ਲਿਆ।

ਸੁਰਿੰਦਰ ਛਿੰਦਾ ਗਾਇਕੀ ਦੇ ਖੇਤਰ ਵਿਚ ਆਉਣ ਤੋਂ ਪਹਿਲਾਂ ਸਰੂਪ ਮਕੈਨੀਕਲ ਵਰਕਸ ਵਿਚ ਕੰਮ ਕਰਦਾ ਸੀ ਅਤੇ ਸੁਰਿੰਦਰਪਾਲ ਧੰਮੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਆਪਣੇ ਪਿਤਾ ਨੂੰ ਰਿਆਜ਼ ਕਰਦਾ ਵੇਖਦਾ, ਇਸ ਕਰਕੇ ਇਸ ਦੇ ਮਨ ਵਿਚ ਸ਼ੌਂਕ ਪੈਦਾ ਹੋਇਆ। ਫਿਰ ਸਮੇਂ ਨੇ ਅਜਿਹੀ ਕਰਵਟ ਲਈ, ਇਹ ਗਾਇਕੀ ਦੇ ਖੇਤਰ ਵਿਚ ਪ੍ਰਵੇਸ਼ ਕਰਕੇ ਸੁਰਿੰਦਰ ਛਿੰਦਾ ਦੇ ਨਾਮ ਨਾਲ ਦੇਸ਼ਾਂ-ਵਿਦੇਸ਼ਾਂ ਵਿਚ ਮਸ਼ਹੂਰ ਹੋਇਆ।

ਸੁਰਿੰਦਰ ਛਿੰਦਾ ਨੇ ਬਰੀਕੀ ਵਿਚ ਸੁਰਾਂ ਦੀ ਸਿੱਖਿਆ ਉਸਤਾਦ ਜਸਵੰਤ ਭੰਵਰਾ ਜੀ ਤੋਂ ਲਈ ਅਤੇ ਜਸਵੰਤ ਭੰਵਰਾ ਦਾ ਲਾਡਲਾ ਸ਼ਗਿਰਦ ਬਣ ਕੇ ਰਹਿ ਗਿਆ।

1975 ਨੂੰ ਬਾਈ ਸਾਲ ਦੀ ਉਮਰ ਵਿਚ ਇਸ ਦਾ ਪਹਿਲਾ ਗੀਤ “ਮੈਂ ਆਇਆ ਸਬਜ਼ੀ ਵਾਲਾ” ਰਿਕਾਰਡ ਹੋਕੇ ਮਾਰਕੀਟ ਵਿਚ ਆਇਆ। ਇਹ ਗੀਤ ਸੁਰਿੰਦਰ ਛਿੰਦੇ ਨੇ ਸੰਦੇਸ਼ ਕਪੂਰ ਨਾਲ ਰਿਕਾਰਡ ਕਰਵਾਇਆ ਸੀ। ਇਸ ਗੀਤ ਨੂੰ ਮਿਊਜ਼ਿਕ ਜਸਵੰਤ ਭੰਵਰਾ ਜੀ ਨੇ ਦਿੱਤਾ।

1977 ਵਿਚ ਮਹਾਨ ਗੀਤਕਾਰ ਦੇਵ ਥਰੀਕੇ ਵਾਲੇ ਦੀਆਂ ਲਿਖੀਆਂ ਚਾਰ ਲੋਕ ਗਥਾਵਾਂ ‘ਉੱਚਾ ਬੁਰਜ ਲਾਹੌਰ ਦਾ’ ਦੇ ਟਾਈਟਲ ਹੇਠ ਮਾਰਕੀਟ ਵਿਚ ਆਈਆਂ। ਇਨ੍ਹਾਂ ਨੂੰ ਮਿਊਜ਼ਿਕ ਰਾਮ ਸ਼ਰਨਦਾਸ ਨੇ ਦਿੱਤਾ। ਜਦ ਇਹ ਬਨੇਰਿਆਂ ’ਤੇ ਗੂੰਜੀਆਂ ਤਾਂ ਹਰ ਪਾਸੇ ਛਿੰਦਾ ਛਿੰਦਾ ਹੋ ਗਈ। ਭਾਵੇਂ ਉਸ ਟਾਇਮ ਕੁਲਦੀਪ ਮਾਣਕ ਦੇਵ ਥਰੀਕੇ ਵਾਲੇ ਦੀਆਂ ਲੋਕ ਗਥਾਵਾਂ ਅਤੇ ਕਲੀਆਂ ਲੈ ਕੇ ਮਾਰਕੀਟ ਵਿਚ ਹਾਜ਼ਰ ਹੋ ਚੁੱਕਿਆ ਸੀ ਪਰ ਕੁਲਦੀਪ ਮਾਣਕ ਦੇ ਗਾਉਣ ਦੀ ਆਪਣੀ ਟਿਊਨ ਸੀ, ਛਿੰਦੇ ਦੀ ਆਪਣੀ ਟਿਊਨ ਸੀ, ਸਰੋਤੇ ਦੋਹਾਂ ਨੂੰ ਹੀ ਬੇਹੱਦ ਪਸੰਦ ਕਰਦੇ ਸਨ।



1978 ਵਿਚ ਫਿਰ ਛਿੰਦੇ ਦਾ ਗਾਇਆ ਬਾਰਾਂ ਗੀਤਾਂ ਦਾ ਲੌਂਗ ਪਲੇਅਰ ‘ਨੈਣਾ ਦੇ ਵਣਜਾਰੇ’ ਹੇਠ ਮਾਰਕੀਟ ਵਿਚ ਆਇਆ, ਇਸ ਨੂੰ ਚਰਨਜੀਤ ਅਹੂਜਾ ਜੀ ਨੇ ਸੰਗੀਤ ਦਿੱਤਾ ਸੀ। ਇਸ ਨੂੰ ਵੀ ਬੇਹੱਦ ਲੋਕਾਂ ਨੇ ਪਸੰਦ ਕੀਤਾ। ਸੁਰਿੰਦਰ ਛਿੰਦਾ ਦੇਸ਼-ਵਿਦੇਸ਼ ਵਿਚ ਸਥਾਪਿਤ ਕਲਾਕਾਰ ਬਣ ਗਿਆ।

ਸੁਰਿੰਦਰ ਛਿੰਦਾ ਨੇ ਹਰ ਵਿਧਾ ਵਿਚ ਜਿਵੇਂ ਲੋਕ ਗਥਾਵਾਂ, ਕਲੀਆਂ, ਦੋਗਾਣੇ, ਲੋਕ ਤੱਥ, ਉਪੇਰੇ ਫ਼ਿਲਮਾਂ ਵਿਚ ਗਾਇਆ। ਸਰੋਤਿਆਂ ਨੇ ਇਸ ਦੀ ਗਾਇਕੀ ਨੂੰ ਹਰ ਪਾਸੇ ਹੀ ਪਸੰਦ ਕੀਤਾ। ਕਈ ਕਲਾਕਾਰ ਆਪਣੀ ਗਾਇਕੀ ਨੂੰ ਸਮੇਂ ਦੇ ਨਾਲ ਨਹੀਂ ਤੋਰ ਸਕੇ ਤੇ ਉਹ ਗਾਇਕੀ ਦੇ ਖ਼ੇਤਰ ਵਿਚੋਂ ਅਲੋਪ ਹੋ ਗਏ ਪਰ ਛਿੰਦਾ ਸਮੇਂ ਦੇ ਨਾਲ-ਨਾਲ ਆਪਣੀ ਗਾਇਕੀ ਨੂੰ ਢਾਲਦਾ ਰਿਹਾ।

1981 ਵਿਚ ਦੇਵ ਥਰੀਕੇ ਵਾਲੇ ਦਾ ਲਿਖਿਆ ਅਤੇ ਛਿੰਦੇ ਦਾ ਗਾਇਆ ਜਿਊਣੇ ਮੌੜਦਾ ਉਪੇਰਾ ਜਦ ਮਾਰਕੀਟ ਵਿਚ ਆਇਆ, ਤਾਂ ਲੋਕਾਂ ਨੇ ਬਹੁਤ ਪਸੰਦ ਕੀਤਾ। ਇਹ ਉਪੇਰਾ ਸਰੋਤਿਆਂ ਦੀ ਜ਼ੁਬਾਨ ’ਤੇ ਚੜ੍ਹ ਗਿਆ। ਹਜੇ ਤਾਂ ਛਿੰਦਾ ਇਸ ਉਪੇਰੇ ਨਾਲ ਚਰਚਾ ਵਿਚ ਸੀ, ਨਾਲ ਲੱਗਦੀ ਹੀ ਫ਼ਿਲਮ ‘ਪੁੱਤ ਜੱਟਾਂ ਦੇ’ ਆ ਗਈ। ਇਸ ਫ਼ਿਲਮ ਵਿਚ ਇਸ ਨੇ ਕੰਮ ਵੀ ਕੀਤਾ ਅਤੇ ਗੀਤ ਵੀ ਗਾਏ। ਇਸ ਫ਼ਿਲਮ ਲਈ ਗਾਇਆ ਗੀਤ “ਪੁੱਤ ਜੱਟਾਂ ਦੇ ਬਲਾਉਂਦੇ ਬੱਕਰੇ” ਨੂੰ ਹਜੇ ਵੀ ਲੋਕ ਸ਼ੌਂਕ ਨਾਲ ਸੁਣਦੇ ਹਨ। ਇਸ ਨੇ ਹੋਰ ਵੀ ਉਪੇਰੇ ਜੱਟ ‘ਮਿਰਜ਼ਾ ਖਰਲਾਂ ਦਾ’, ‘ਸ਼ਹੀਦੇ ਆਜ਼ਮ ਭਗਤ ਸਿੰਘ’ ਗਾਏ। ਇਸ ਦਾ ਗਾਇਆ ‘ਜੰਞ ਚੜੀ ਅਮਲੀ ਦੀ’ ਨੂੰ ਵੀ ਲੋਕਾਂ ਨੇ ਬਹੁਤ ਪਸੰਦ ਕੀਤਾ।

ਸੁਰਿੰਦਰ ਛਿੰਦਾ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਗਾਇਆ, ਜਿਵੇਂ ਸੁਰਿੰਦਰ ਸੋਨੀਆਂ, ਗੁਲਸ਼ਨ ਕੋਮਲ, ਸੰਦੇਸ਼ ਕਪੂਰ, ਕੁਲਦੀਪ ਕੌਰ, ਸੁਖਵੰਤ ਸੁੱਖੀ, ਹਰਨੀਤ ਨੀਤੂ, ਸੰਦੇਸ਼ ਕੁਮਾਰੀ ਆਦਿ।

ਇਸ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ, ਜਿਵੇਂ ਦੇਵ ਥਰੀਕੇ ਵਾਲਾ, ਅਮਰੀਕ ਤਲਵੰਡੀ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਹਾਕਮ ਬਖਤੜੀ ਵਾਲਾ, ਸਨਮੁੱਖ ਆਜ਼ਾਦ, ਸੇਵਾ ਸਿੰਘ ਨੌਰਥ, ਜਸਵੀਰ ਗੁਣਾਚੌਰੀਆ, ਕਰਨੈਲ ਸਿਵੀਆ, ਬਚਨ ਬੇਦਿਲ, ਭੱਟੀ ਭੜੀਵਾਲਾ, ਸਮਸ਼ੇਰ ਸੰਧੂ, ਬੰਤ ਰਾਮਪੁਰ ਵਾਲਾ, ਮੋਹਨ ਬੰਸੀਆਂ ਵਾਲਾ, ਅਮਰ ਸਿੰਘ ਚਮਕੀਲਾ, ਗਿੱਲ ਨੱਥੋਹੇੜੀ ਵਾਲਾ, ਕਾਲਾ ਸੰਘੀਆ ਵਾਲਾ, ਬਿੱਟੂ ਦੌਲਤ ਪੁਰੀਆ, ਲਾਲ ਪਧਿਆਣੇ ਵਾਲਾ, ਕਰਮ ਸਿੰਘ ਜੋਗੀ, ਦਰਸ਼ਨ ਬਰਸਾਲਾਂ ਵਾਲਾ ਆਦਿ।

ਇਸ ਦੇ ਗਾਏ ਦੋਗਾਣਿਆਂ ਦੇ ਕੁਝ ਮੁੱਖੜੇ, ਨਵਾਂ ਲੈ ਲਿਆ ਟਰੱਕ, ਗੱਡੀ ਛੇ ਸਲੰਡਰ ਦੀ, ਜੇਠ ਗੁਗਲ ਦੀ ਧੂਣੀ, ਘੁੰਡ ਚੁੱਕ ਮੁਖੜਾ ਦਿਖਾਦੇ, ਬੱਦਲਾਂ ਨੂੰ ਪੁੱਛ ਗੋਰੀਏ, ਮੈਂ ਡਿਗੀ ਤਿਲਕ ਕੇ, ਪੱਟਤਾ ਡਰਾਇਵਰੀ ਨੇ, ਦਿਓਰਾ ਸਾਕ ਲਿਆਉਨੀ ਆਂ, ਤਾਰਾ ਰੋਂਦੀ ਤੇ ਕਰਲਾਉਂਦੀ, ਭਾਈ ਜੀ ਹੈਲਪ ਕਰੀਂ ਮੈਂ ਵੋਟਾਂ ਵਿਚ ਖੜੀ ਆਦਿ ਸੈਂਕੜੇ ਗੀਤ ਗਾਏ।

ਅਮਰ ਸਿੰਘ ਚਮਕੀਲਾ ਅਤੇ ਕੁਲਦੀਪ ਪਾਰਸ ਸੁਰਿੰਦਰ ਛਿੰਦੇ ਦੇ ਸ਼ਗਿਰਦ ਸਨ, ਜੋ ਨਾਮਵਰ ਗਾਇਕ ਸਨ ਪਰ ਬਹੁਤ ਜਲਦੀ ਹੀ ਇਸ ਦੁਨੀਆਂ ਤੋਂ ਚਲੇ ਗਏ। ਸੁਰਿੰਦਰ ਛਿੰਦਾ ਆਪਣੇ ਉਸਤਾਦ ਜਸਵੰਤ ਭੰਵਰਾ ਦੇ ਆਦਮ ਕੱਦ ਦੇ ਬੁੱਤ ਦੀ ਸੇਵਾ ਆਪਣੀ ਮੌਤ ਤੋਂ ਦੋ ਸਾਲ ਪਹਿਲਾਂ ਹੀ ਕਰਵਾ ਕੇ ਹੱਟਿਆ ਸੀ। ਇਹ ਬੁੱਤ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਕੋਲ ਲਗਾਇਆ ਗਿਆ ਹੈ। ਸੁਰਿੰਦਰ ਛਿੰਦਾ ਨੂੰ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਗਾਇਕ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਕਲਾ ਪ੍ਰੀਸ਼ਦ ਵਲੋਂ ਉਸ ਨੂੰ ਪੰਜਾਬ ਗੌਰਵ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

ਖੁੱਲ੍ਹੇ-ਡੁੱਲ੍ਹੇ ਸਰੀਰ, ਲੰਮੇ ਕੱਦ, ਚੌੜੀ ਛਾਤੀ, ਗਾਇਕੀ ਦਾ ਪਹਿਰਾਵਾ ਪਾ ਸਟੇਜ ’ਤੇ ਚੜ੍ਹ ਕੇ ਸਰੋਤਿਆਂ ਦਾ ਮਨ ਮੋਹ ਲੈਣ ਵਾਲਾ ਸੁਰਿੰਦਰ ਛਿੰਦਾ ਇਕ ਛੋਟੀ ਜਿਹੀ ਬੀਮਾਰੀ ਨਾਲ ਮੌਤ ਦਾ ਕਾਰਨ ਬਣਕੇ 26 ਜੁਲਾਈ, 2023 ਨੂੰ 48 ਸਾਲ ਲੋਕ ਗਾਇਕੀ ਦੀ ਸੇਵਾ ਕਰਕੇ ਛੇਤੀ ਹੀ ਸਾਡੇ ਕੋਲੋਂ ਚੱਲਿਆ ਗਿਆ।

# ਸ਼ਬਦਾਂ ਦਾ ਦਰਵੇਸ਼ : ਡਾ. ਸੁਰਜੀਤ ਪਾਤਰ

- ਡਾ ਅਮਰਜੀਤ ਟਾਂਡਾ
ਪੰਜਾਬ ਮੇਲUSA



ਦੋ ਸਾਲ ਪਹਿਲਾਂ ਪੰਜਾਬੀ ਸਾਹਿਤ ਦੇ ਅਸਮਾਨ ਵਿਚੋਂ ਇੱਕ ਐਸਾ ਸਿਤਾਰਾ ਟੁੱਟਿਆ ਸੀ, ਜਿਸਦੀ ਰੌਸ਼ਨੀ ਅੱਜ ਵੀ ਪੰਜਾਬੀ ਰੂਹ ਦੇ ਆਕਾਸ਼ ਵਿਚ ਧੜਕਦੀ ਹੈ। ਡਾਕਟਰ ਸੁਰਜੀਤ ਪਾਤਰ ਸਿਰਫ਼ ਇੱਕ ਸ਼ਾਇਰ ਨਹੀਂ ਸਨ; ਉਹ ਸ਼ਬਦਾਂ ਦੇ ਉਹ ਦਰਵੇਸ਼ ਸੂਫ਼ੀ ਸੰਤ ਸਨ, ਜੋ ਅੱਖਰਾਂ ਨੂੰ ਅਰਦਾਸ ਬਣਾ ਦਿੰਦੇ ਸਨ।

ਪੰਜਾਬੀ ਰੂਹ ਦਾ ਚਾਨਣ, ਕਵਿਤਾ ਦੇ ਸਰੋਵਰ ਦਾ ਸ਼ਾਂਤ ਚੰਨ ਸੀ ਸੁਰਜੀਤ ਪਾਤਰ।

ਅਸੀਂ ਤਕਰੀਬਨ ਲੁਧਿਆਣੇ ਅੱਧੀ ਸਦੀ ਇਕੱਠੇ ਰਹੇ ਸਾਂ। ਹਰ ਰੋਜ਼ ਚਾਹ ਉਤੇ ਤੇ ਹਰ ਸ਼ਾਮ ਨੂੰ... ਵੇਲੇ ਵੀ ਤਕਰੀਬਨ ਮਿਲਦੇ ਹੀ ਰਹਿੰਦੇ ਸਾਂ।

ਉਨ੍ਹਾਂ ਦੀ ਕਵਿਤਾ ਕਦੇ ਧੁੱਪ ਵਾਂਗ ਮੱਥੇ ਨੂੰ ਚੁੰਮਦੀ ਸੀ, ਕਦੇ ਬਰਗਦ ਦੀ ਛਾਂ ਵਾਂਗ ਥੱਕੇ ਮਨ ਨੂੰ ਢਕ ਲੈਂਦੀ ਸੀ, ਤੇ ਕਦੇ ਦਰਿਆ ਦੀ ਲਹਿਰ ਬਣ ਕੇ ਅੰਦਰਲੇ ਸੁੱਕੇ ਕੰਢਿਆਂ ਨੂੰ ਛੂਹ ਜਾਂਦੀ ਸੀ।

ਪਾਤਰ ਸਾਹਿਬ ਦੀ ਸ਼ਖ਼ਸੀਅਤ ਇੱਕ ਅਜਿਹੇ ਦੀਵੇ ਵਰਗੀ ਸੀ, ਜੋ ਆਪ ਜਗ ਸੜ ਕੇ ਹੋਰਾਂ ਨੂੰ ਰੌਸ਼ਨੀ ਦਿੰਦਾ ਰਿਹਾ।

ਉਨ੍ਹਾਂ ਦੀ ਆਵਾਜ਼ ਵਿਚ ਮਿੱਟੀ ਦੀ ਖੁਸ਼ਬੂ ਸੀ, ਬੋਲਾਂ ਵਿਚ ਚੰਨਣ ਦੀ ਨਰਮੀ ਅਤੇ ਵਿਚਾਰਾਂ ਵਿਚ ਗੁਰੂਆਂ ਦੀ ਬਾਣੀ ਵਾਲੀ ਡੂੰਘਾਈ।

ਉਹ ਪੰਜਾਬੀ ਬੋਲੀ ਦੇ ਉਹ ਸੁਨਹਿਰੀ ਮੋਰ ਸਨ, ਜੋ ਦਰਦ ਦੀਆਂ ਘਟਾਵਾਂ ਨੂੰ ਵੇਖ ਕੇ ਨੱਚਦੇ ਸਨ ਅਤੇ ਮਨੁੱਖਤਾ ਦੇ ਰੇਤਲੇ ਮੈਦਾਨ ਵਿਚ ਸ਼ਬਦਾਂ ਦੀ ਵਰਖਾ ਕਰਦੇ ਸਨ।

ਉਨ੍ਹਾਂ ਦੀ ਕਵਿਤਾ ਕੋਈ ਸਿਆਹੀ ਨਾਲ ਲਿਖੀ ਲਕੀਰ ਨਹੀਂ ਸੀ; ਉਹ ਤਾਂ ਸਮੇਂ ਦੇ ਮੱਥੇ ਉੱਤੇ ਰੱਖਿਆ ਗਿਆ ਠੰਡਾ ਹੱਥ ਸੀ।

ਜਦੋਂ ਦੁਨੀਆਂ ਸਵਾਰਥ ਦੇ ਕੱਚੇ ਘਰਾਂ ਵਿਚ ਕੈਦ ਹੋ ਰਹੀ ਸੀ, ਤਦ ਪਾਤਰ ਸਾਹਿਬ ਮਨੁੱਖਤਾ ਦੇ ਖੁੱਲ੍ਹੇ ਦਰਵਾਜ਼ਿਆਂ ਦੀ ਗੱਲ ਕਰਦੇ ਰਹੇ।








ਉਨ੍ਹਾਂ ਦੇ ਸ਼ਬਦ ਕਦੇ ਗ਼ਜ਼ਲ ਤੇ ਕਦੇ ਨਜ਼ਮ ਵਾਰਤਕ ਬਣ ਕੇ ਅੰਦਰ ਉਤਰਦੇ, ਕਦੇ ਮਾਂ ਦੀ ਲੋਰੀ ਵਾਂਗ ਮਨ ਨੂੰ ਝੁਲਾਉਂਦੇ, ਤੇ ਕਦੇ ਕਿਸਾਨ ਦੇ ਪਸੀਨੇ ਵਾਂਗ ਧਰਤੀ ਦੀ ਸੱਚਾਈ ਬਿਆਨ ਕਰਦੇ।

ਡਾਕਟਰ ਸੁਰਜੀਤ ਪਾਤਰ ਇੱਕ ਐਸੇ ਬਿਰਖ਼ ਸਨ, ਜਿਸਦੀ ਛਾਂ ਹੇਠ ਪੰਜਾਬੀ ਸਾਹਿਤ ਨੇ ਸਾਹ ਲਿਆ। ਉਨ੍ਹਾਂ ਦੀ ਨਿਮਰਤਾ ਸਮੁੰਦਰ ਵਰਗੀ ਡੂੰਘੀ ਸੀ — ਚੁੱਪ ਪਰ ਅਸੀਮ।

ਉਨ੍ਹਾਂ ਦੇ ਚਿਹਰੇ ਉੱਤੇ ਸਦਾ ਇੱਕ ਅਜਿਹੀ ਸ਼ਾਂਤੀ ਵਸਦੀ ਸੀ, ਜਿਵੇਂ ਕਿਸੇ ਝੀਲ ਵਿਚ ਸੁਬਹ ਦੀ ਪਹਿਲੀ ਕਿਰਣ ਝਲਕਦੀ ਹੋਵੇ।

ਉਹ ਬੋਲਦੇ ਘੱਟ ਸਨ, ਪਰ ਉਨ੍ਹਾਂ ਦੀ ਚੁੱਪ ਵੀ ਕਵਿਤਾ ਲੱਗਦੀ ਸੀ।

ਅੱਜ ਜਦੋਂ ਉਹ ਸਰੀਰਕ ਤੌਰ ’ਤੇ ਸਾਡੇ ਵਿਚ ਨਹੀਂ, ਤਦ ਵੀ ਉਨ੍ਹਾਂ ਦੀਆਂ ਕਵਿਤਾਵਾਂ ਹਵਾ ਵਿਚ ਉੱਡਦੀਆਂ ਚਿੜੀਆਂ ਵਾਂਗ ਲੋਕਾਂ ਦੇ ਦਿਲਾਂ ’ਚ ਆਲ੍ਹਣੇ ਬਣਾ ਰਹੀਆਂ ਹਨ। ਕੁਝ ਲੋਕ ਅੰਤਿਮ ਸਾਹਾਂ ਬਾਦ ਵੀ ਖਤਮ ਨਹੀਂ ਹੁੰਦੇ; ਉਹ ਸਮੇਂ ਦੀ ਰੂਹ ਵਿਚ ਰਲ ਜਾਂਦੇ ਹਨ।

ਪਾਤਰ ਸਾਹਿਬ ਵੀ ਹੁਣ ਕਿਸੇ ਕਿਤਾਬ ਦੇ ਸਫ਼ੇ ਤੱਕ ਸੀਮਿਤ ਨਹੀਂ ਰਹੇ, ਉਹ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਸਾਹਾਂ ਵਿਚ ਵਸਦੇ ਹਨ।

ਉਨ੍ਹਾਂ ਦਾ ਜਾਣਾ ਐਸਾ ਸੀ, ਜਿਵੇਂ ਕਿਸੇ ਦਰਿਆ ਵਿਚੋਂ ਅਚਾਨਕ ਸੁਰ ਲਾਪਤਾ ਹੋ ਜਾਵੇ, ਜਿਵੇਂ ਬਾਗ ਵਿਚੋਂ ਕੋਇਲ ਦੀ ਕੂਕ ਚੁੱਪ ਹੋ ਜਾਵੇ, ਜਿਵੇਂ ਕਿਸੇ ਦਰਵੇਸ਼ ਦੀ ਦੁਆ ਅਸਮਾਨ ਵੱਲ ਉੱਡ ਕੇ ਖਾਮੋਸ਼ ਹੋ ਜਾਵੇ।

ਪਰ ਸੱਚ ਇਹ ਹੈ ਕਿ ਵੱਡੇ ਉੱਚੇ ਸ਼ਾਇਰ ਕਦੇ ਨਹੀਂ ਮਰਦੇ। ਉਹ ਲੋਕਾਂ ਦੀ ਯਾਦ, ਭਾਸ਼ਾ ਅਤੇ ਭਾਵਨਾਵਾਂ ਵਿਚ ਧੜਕਦੇ ਹੀ ਰਹਿੰਦੇ ਹਨ।

ਡਾਕਟਰ ਸੁਰਜੀਤ ਪਾਤਰ ਪੰਜਾਬੀ ਸਾਹਿਤ ਦੇ ਮੱਥੇ ਦਾ ਉਹ ਤਿਲਕ ਸਨ, ਜੋ ਸਮੇਂ ਦੀਆਂ ਹਨ੍ਹੇਰੀਆਂ ਵੀ ਮਿਟਾ ਨਹੀਂ ਸਕਦੀਆਂ। ਉਹ ਇੱਕ ਕਵੀ ਨਹੀਂ, ਇੱਕ ਕਵਿਤਾ ਯੁੱਗ ਸਨ ਅਤੇ ਕੁਝ ਯੁੱਗ ਕੈਲੰਡਰਾਂ ਨਾਲ ਨਹੀਂ ਮੁੱਕਦੇ।

# ਬਾਜ ਸਿੰਘ ਮਹਿਲੀਆ ਦੇ ਨਵੇਂ ਛਪੇ ਦੋ ਬਾਲ ਕਹਾਣੀ ਸੰਗ੍ਰਹਿ

-ਸੁਖਦੇਵ ਸਿੰਘ ਸ਼ਾਂਤ
ਏਵੌਨ (ਇੰਡੀਆਨਾ), ਅਮਰੀਕਾ
ਫੋਨ : +1-317-406-0002
ਪੰਜਾਬ ਮੇਲ USA





ਵਿਚਾਰ ਅਧੀਨ ਬਾਲ ਕਹਾਣੀ ਦੀਆਂ ਦੋ ਪੁਸਤਕਾਂ ਤੋਂ ਪਹਿਲਾਂ ਬਾਜ ਸਿੰਘ ਮਹਿਲੀਆ ਦੇ ਚਾਰ ਬਾਲ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਇਨ੍ਹਾਂ ਵਿਚੋਂ ਇੱਕ ਬਾਲ ਕਹਾਣੀ ਸੰਗ੍ਰਹਿ 'ਮਿਹਨਤ ਦਾ ਰੰਗ', ਭਾਸ਼ਾ ਵਿਭਾਗ ਪੰਜਾਬ ਨੇ ਅਤੇ ਇੱਕ ਬਾਲ ਕਹਾਣੀ ਸੰਗ੍ਰਹਿ 'ਛੁਪਿਆ ਹੀਰਾ', ਨੈਸ਼ਨਲ ਬੁੱਕ ਟਰਸਟ ਇੰਡੀਆ ਨੇ ਪ੍ਰਕਾਸ਼ਿਤ ਕੀਤੇ ਹਨ। ਬਾਲ ਸਾਹਿਤ ਦੇ ਖੇਤਰ ਵਿਚ ਇਨ੍ਹਾਂ ਅਦਾਰਿਆਂ ਦੁਆਰਾ ਪੁਸਤਕਾਂ ਦਾ ਪ੍ਰਕਾਸ਼ਿਤ ਕੀਤੇ ਜਾਣਾ ਲੇਖਕ ਦੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਬੱਚਿਆਂ ਲਈ ਲੇਖਕ ਦਾ ਇੱਕ ਨਰਸਰੀ ਗੀਤ ਸੰਗ੍ਰਹਿ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਬਾਲ ਸਾਹਿਤ ਦੀਆਂ ਪੁਸਤਕਾਂ ਤੋਂ ਇਲਾਵਾ ਲੇਖਕ ਦੀ ਇੱਕ ਹਾਸ-ਵਿਅੰਗ ਦੀ ਪੁਸਤਕ ਅਤੇ ਇੱਕ ਮਿੰਨੀ ਕਹਾਣੀ ਸੰਗ੍ਰਹਿ ਵੀ ਪੰਜਾਬੀ ਸਾਹਿਤ ਦਾ ਹਿੱਸਾ ਬਣ ਚੁੱਕੇ ਹਨ।

## (1) ਬਾਲ ਕਹਾਣੀ ਸੰਗ੍ਰਹਿ ਅਨਮੋਲ ਖਜ਼ਾਨਾ

ਇਸ ਬਾਲ ਕਹਾਣੀ ਸੰਗ੍ਰਹਿ ਵਿਚ ਲੇਖਕ ਦੀਆਂ ਚਾਰ ਬਾਲ ਕਹਾਣੀਆਂ ਸ਼ਾਮਲ ਹਨ। ਬਾਲ ਕਹਾਣੀ 'ਪੋਲ ਖੁੱਲ ਗਈ' ਬੜੇ ਨਾਟਕੀ ਢੰਗ ਰਾਹੀਂ ਬੱਚਿਆਂ ਅਤੇ ਵੱਡਿਆਂ ਨੂੰ ਦੂਜਿਆਂ ਦੀਆਂ ਲਿਖੀਆਂ ਸਾਹਿਤਕ ਰਚਨਾਵਾਂ ਆਪਣੇ ਨਾਂ 'ਤੇ ਛਪਵਾਉਣ ਤੋਂ ਵਰਜਦੀ ਹੈ। ਬਾਲ ਕਹਾਣੀ 'ਜਸਮੀਤ ਦੀ ਸਿਆਣਪ' ਸਾਡੇ ਸਮਾਜ ਵਿਚੋਂ ਹੱਦੋਂ ਵੱਧ ਪਸਰੀ ਖੁਦਗਰਜ਼ੀ ਦੀ ਭਾਵਨਾ ਨੂੰ ਕਟਹਿਰੇ ਵਿਚ ਖੜ੍ਹਾ ਕਰਦੀ ਹੈ। ਕੋਲਡ ਡਰਿੰਕਸ ਲਿਜਾ ਰਹੇ ਟਰੱਕ ਦੇ ਉਲਟ ਜਾਣ 'ਤੇ ਟਰੱਕ ਡਰਾਈਵਰ ਨਾਲ ਹਮਦਰਦੀ ਕਰਨ ਦੀ ਥਾਂ ਲੋਕ ਕੋਲਡ ਡਰਿੰਕਸ ਦੀਆਂ ਪੇਟੀਆਂ ਚੁੱਕ ਕੇ ਲਿਜਾਣ ਲੱਗ ਜਾਂਦੇ ਹਨ। ਜਸਮੀਤ ਨਾਂ ਦਾ ਬੱਚਾ ਆਪਣੀ ਸਿਆਣਪ ਵਰਤ ਕੇ ਇਨ੍ਹਾਂ ਲੋਕਾਂ ਦੇ ਵਿਰੁੱਧ ਕਾਰਵਾਈ ਕਰਨ ਲਈ ਪੁਲਿਸ ਦੀ ਮਦਦ ਕਰਦਾ ਹੈ। ਪੁਸਤਕ ਦੇ ਸਿਰਲੇਖ ਵਾਲੀ ਬਾਲ ਕਹਾਣੀ ਅਨਮੋਲ ਖਜ਼ਾਨਾ ਬਜ਼ੁਰਗਾਂ ਦੀ ਬੇਕਦਰੀ ਕਰਨ ਅਤੇ ਉਨ੍ਹਾਂ ਨੂੰ ਬਿਰਧ ਆਸ਼ਰਮ ਵਿਚ ਛੱਡ ਆਉਣ ਦਾ ਵਰਣਨ ਕਰਦੀ ਹੈ। ਇਸ ਬਾਲ ਕਹਾਣੀ ਦਾ ਆਸ਼ਾਵਾਦੀ ਪੱਖ ਸੰਤੁਸ਼ਟੀ ਦੇਣ ਵਾਲਾ ਹੈ, ਜਦੋਂ ਪੋਤਰਾ ਅਤੇ ਪੋਤਰੀ ਆਪਣੀ ਦਾਦੀ ਨੂੰ ਬੜੇ ਨਾਟਕੀ ਢੰਗ ਨਾਲ ਬਿਰਧ ਆਸ਼ਰਮ ਵਿਚੋਂ ਲਿਆਉਣ ਲਈ ਆਪਣੇ ਮਾਪਿਆਂ ਨੂੰ ਮਜਬੂਰ ਕਰ ਦਿੰਦੇ ਹਨ। ਬਾਲ ਕਹਾਣੀ 'ਜ਼ੁਬਾਨ ਦਾ ਰਸ', ਵਿਚ ਵੀ ਬੱਚੇ ਬੜੇ ਨਾਟਕੀ ਤਰੀਕੇ ਨਾਲ ਜਗਨ ਹਲਵਾਈ ਨੂੰ ਉਸਦੇ ਕੌੜੇ ਅਤੇ ਕੁਰਖਤ ਬੋਲਣ ਵਾਲੇ ਸੁਭਾਅ ਕਰਕੇ ਦੁਕਾਨ ਬੰਦ ਕਰਕੇ ਪਿੰਡ ਛੱਡ ਕੇ ਜਾਣ ਲਈ ਮਜਬੂਰ ਕਰਨ ਦਿੰਦੇ ਹਨ।

ਪੁਸਤਕ ਅਨਮੋਲ ਖਜ਼ਾਨਾ ਦੀਆਂ ਬਾਲ ਕਹਾਣੀਆਂ ਵਿਚ ਮੁਹਾਵਰਿਆਂ ਅਤੇ ਅਖਾਣਾ ਦੀ ਵਰਤੋਂ ਇਨ੍ਹਾਂ ਦੀ ਭਾਸ਼ਾ ਨੂੰ ਚਾਰ ਚੰਨ ਲਾਉਂਦੀ ਹੈ। ਉਦਾਹਰਣ ਵਜੋਂ, 'ਜਿੰਨੇ ਮੂੰਹ ਉਨੀਆਂ ਗੱਲਾਂ', 'ਲਾਹ-ਪਾਹ ਕਰਨੀ', ਅਤੇ 'ਬੰਦਾ ਸੋ ਜੋ ਵਕਤ ਵੀਚਾਰੇ', ਇਨ੍ਹਾਂ ਬਾਲ ਕਹਾਣੀਆਂ ਵਿਚ ਅਖਾਣਾ, ਮੁਹਾਵਰਿਆਂ ਵਜੋਂ ਵਰਨਨ ਯੋਗ ਹਨ। ਕਥਾ-ਰਸ ਅਤੇ ਨਾਟਕੀ ਅੰਸ਼ ਬਾਜ ਸਿੰਘ ਮਹਿਲੀਆ ਦੀਆਂ ਇਨ੍ਹਾਂ ਬਾਲ ਕਹਾਣੀਆਂ ਨੂੰ ਉਤਸੁਕਤਾ ਭਰਪੂਰ ਬਣਾਉਣ ਵਿਚ ਸਫਲ ਹਨ। ਬਾਲ ਕਹਾਣੀਆਂ ਦੀ ਭਾਸ਼ਾ, ਵਾਰਤਾਲਾਪ ਅਤੇ ਸ਼ਬਦਾਵਲੀ ਬੱਚਿਆਂ ਦੇ ਮਾਨਸਿਕ ਪੱਧਰ ਦੇ ਹਾਣ ਦੀ ਹੈ। ਪੁਸਤਕ ਬੱਚਿਆਂ ਨੂੰ ਸਿੱਖਿਆ ਵੀ ਦਿੰਦੀ ਹੈ ਅਤੇ ਉਨ੍ਹਾਂ ਦਾ ਆਪਣੀ ਰੌਚਕਤਾ ਸਦਕਾ ਮਨੋਰੰਜਨ ਵੀ ਕਰਦੀ ਹੈ।




**ਪੁਸਤਕਾਂ ਦੇ ਨਾਂ : (1) ਅਨਮੋਲ ਖਜ਼ਾਨਾ (2) ਕਾਠ ਦੀ ਹਾਂਡੀ**
**ਲੇਖਕ ਦਾ ਨਾਂ: ਬਾਜ ਸਿੰਘ ਮਹਿਲੀਆ**
**ਪ੍ਰਕਾਸ਼ਕ : ਨਵਰੰਗ ਪਬਲੀਕੇਸ਼ਨਜ਼ ਸਮਾਣਾ,**
**ਪ੍ਰਕਾਸ਼ਨ ਸਾਲ : 2025 ; ਦੋਹਾਂ ਪੁਸਤਕਾਂ ਦੇ ਪੰਨੇ 20 - 20**
**ਪੁਸਤਕਾਂ ਦਾ ਮੁੱਲ : 100 - 100 ਰੁਪਏ**

ਬੱਚਿਆਂ ਲਈ ਲੇਖਕ ਦਾ ਇੱਕ ਨਰਸਰੀ ਗੀਤ ਸੰਗ੍ਰਹਿ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਬਾਲ ਸਾਹਿਤ ਦੀਆਂ ਪੁਸਤਕਾਂ ਤੋਂ ਇਲਾਵਾ ਲੇਖਕ ਦੀ ਇੱਕ ਹਾਸ-ਵਿਅੰਗ ਦੀ ਪੁਸਤਕ ਅਤੇ ਇੱਕ ਮਿੰਨੀ ਕਹਾਣੀ ਸੰਗ੍ਰਹਿ ਵੀ ਪੰਜਾਬੀ ਸਾਹਿਤ ਦਾ ਹਿੱਸਾ ਬਣ ਚੁੱਕੇ ਹਨ।

## (2) ਬਾਲ ਕਹਾਣੀ ਸੰਗ੍ਰਹਿ 'ਕਾਠ ਦੀ ਹਾਂਡੀ'

ਹੱਥਲੀ ਪੁਸਤਕ 'ਕਾਠ ਦੀ ਹਾਂਡੀ', ਵਿਚ ਪੰਜ ਬਾਲ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਬਾਲ ਕਹਾਣੀ 'ਜਸਕਰਨ ਦੀ ਨਵੀਂ ਸ਼ਰਾਰਤ', ਵਿਚ ਸੜਕ 'ਤੇ ਬੈਠੇ ਢੱਠੇ ਨਾਲ ਕੀਤੀ ਸ਼ਰਾਰਤ ਜਸਕਰਨ ਨੂੰ ਬੜੀ ਮਹਿੰਗੀ ਪੈਂਦੀ ਹੈ। ਉਸ ਢੱਠੇ ਕਰਕੇ ਉਸਦੇ ਪਾਪਾ ਦਾ ਐਕਸੀਡੈਂਟ ਹੋ ਜਾਣ ਕਰਕੇ ਉਨ੍ਹਾਂ ਨੂੰ ਬਹੁਤ ਸੱਟਾਂ ਲੱਗਦੀਆਂ ਹਨ। ਇਉਂ ਬੱਚਿਆਂ ਨੂੰ ਸ਼ਰਾਰਤਾਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ ਗਈ ਹੈ। 'ਕਾਠ ਦੀ ਹਾਂਡੀ', ਬਾਲ ਕਹਾਣੀ ਵਿਚ ਬਾਜ ਸਿੰਘ ਮਹਿਲੀਆ ਨੇ ਇਹ ਸਿੱਧ ਕੀਤਾ ਹੈ ਕਿ ਕਾਠ ਦੀ ਹਾਂਡੀ ਬਾਰ-ਬਾਰ ਨਹੀਂ ਚੜ੍ਹਦੀ। ਬਗੈਰ ਟਿਕਟ ਰੇਲ ਦਾ ਸਫਰ ਕਰਨ ਦੀ ਆਦਤ ਧਰਮਵੀਰ ਨੂੰ ਇੱਕ ਦਿਨ ਆਖਰ ਕਾਰ ਚੈੱਕਰ ਦੇ ਕਾਬੂ ਵਿਚ ਕਰ ਹੀ ਦਿੰਦੀ ਹੈ। 'ਨਵਾਂ ਦੋਸਤ', ਬਾਲ ਕਹਾਣੀ ਵਿਚ ਗਲਤ ਆਦਤਾਂ ਵਾਲੇ ਵਿਅਕਤੀਆਂ ਨਾਲ ਦੋਸਤੀ ਕਰਨ ਦਾ ਨੁਕਸਾਨ ਦਰਸਾਇਆ ਗਿਆ ਹੈ। ਬਾਲ ਕਹਾਣੀ 'ਮਾਮਾ ਜੀ ਕੀਤਾ ਵਾਅਦਾ', ਵਿਚ ਬੱਚੇ ਪਰਾਲੀ ਨੂੰ ਅੱਗ ਲਾਉਣ ਦੇ ਨੁਕਸਾਨ ਤੋਂ ਜਾਣੂ ਹੋਣ ਕਰਕੇ ਆਪਣੇ ਮਾਮਾ ਜੀ ਨੂੰ ਇਹ ਕੰਮ ਕਰਨ ਤੋਂ ਰੋਕਦੇ ਹਨ। ਮੌਕੇ 'ਤੇ ਹੀ ਨਾਟਕੀ ਢੰਗ ਨਾਲ ਦੱਸਿਆ ਗਿਆ ਹੈ ਕਿ ਪਰਾਲੀ ਨੂੰ ਲਾਈ ਅੱਗ ਦੇ ਧੂੰਏਂ ਕਰਕੇ ਮਾਮਾ ਜੀ ਦੀ ਸੱਸ ਦੀ ਸਿਹਤ ਇਕਦਮ ਖਰਾਬ ਹੋ ਜਾਂਦੀ ਹੈ। 'ਪਿੰਕੀ ਵਾਪਸ ਘਰ ਪਰਤਿਆ', ਬਾਲ ਕਹਾਣੀ ਵਿਚ ਮਾਨਵੀ ਪਾਤਰਾਂ ਦੀ ਥਾਂ ਪੰਛੀਆਂ ਨੂੰ ਪਾਤਰ ਬਣਾਇਆ ਗਿਆ ਹੈ। ਪਿੰਕੀ ਇੱਕ ਬਾਲ ਤੋਤਾ ਹੈ, ਉਹ ਮਾਪਿਆਂ ਵੱਲੋਂ ਦਿੱਤੀ ਗਈ ਹਦਾਇਤ ਨੂੰ ਭੁੱਲ ਕੇ ਇਕੱਲਾ ਹੀ ਆਲ੍ਹਣੇ ਵਿਚੋਂ ਉੱਡ ਕੇ ਦੂਰ ਚਲਾ ਜਾਂਦਾ ਹੈ ਅਤੇ ਸ਼ਿਕਾਰੀ ਦੇ ਜਾਲ ਵਿਚ ਫਸ ਜਾਂਦਾ ਹੈ। ਇਸ ਬਾਲ ਕਹਾਣੀ ਰਾਹੀਂ ਬੱਚਿਆਂ ਨੂੰ ਸਿੱਖਿਆ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਦਾ ਆਗਿਆਕਾਰੀ ਬਣਨਾ ਚਾਹੀਦਾ ਹੈ ਅਤੇ ਆਪਣੀ ਮਨਮਰਜ਼ੀ ਨਹੀਂ ਕਰਨੀ ਚਾਹੀਦੀ।

ਪੁਸਤਕ 'ਅਨਮੋਲ ਖਜ਼ਾਨਾ' ਦੀਆਂ ਬਾਲ ਕਹਾਣੀਆਂ ਵਾਂਗ ਹੀ ਇਸ ਪੁਸਤਕ 'ਕਾਠ ਦੀ ਹਾਂਡੀ', ਦੀਆਂ ਕਹਾਣੀਆਂ ਵੀ ਕਥਾ-ਰਸ ਅਤੇ ਨਾਟਕੀ ਅੰਸ਼ ਨਾਲ ਭਰਪੂਰ ਹਨ। ਸ਼ੈਲੀ ਅਤੇ ਸ਼ਬਦਾਵਲੀ ਸਰਲ ਅਤੇ ਸਹਿਜ ਹੈ। ਇਨ੍ਹਾਂ ਬਾਲ ਕਹਾਣੀਆਂ ਵਿਚ ਵੀ ਅਖਾਣਾਂ ਅਤੇ ਮੁਹਾਵਰਿਆਂ ਦੀ ਭਰਪੂਰ ਵਰਤੋਂ ਹੈ, ਜਿਵੇਂ 'ਮੈਂ ਕੋਈ ਕੱਚੀਆਂ ਗੋਲੀਆਂ ਨਹੀਂ ਖੇਡਿਆ', 'ਦੋਸਤ ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ', 'ਦੋ ਪਈਆਂ ਵਿਸਰ ਗਈਆਂ ਯਾਰਾਂ ਦੀਆਂ ਦੂਰ ਬਲਾਈ ਗਈਆਂ', 'ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਹੈ', 'ਖੁਸ਼ੀ ਵਿਚ ਫੁੱਲਿਆ ਨਾ ਸਮਾਉਣਾ' ਅਤੇ 'ਜਿਨ੍ਹਾਂ ਖਾਧੀਆਂ ਗਾਜਰਾਂ ਪੇਟ ਉਨ੍ਹਾਂ ਦੇ ਪੀੜ', ਪੁਸਤਕ 'ਕਾਠ ਦੀ ਹਾਂਡੀ' ਦੀਆਂ ਬਾਲ ਕਹਾਣੀਆਂ ਵੀ ਰੌਚਕ ਹੋਣ ਕਰਕੇ ਜਿੱਥੇ ਬੱਚਿਆਂ ਦਾ ਮਨੋਰੰਜਨ ਕਰਦੀਆਂ ਹਨ, ਉੱਥੇ ਨਾਲ ਦੀ ਨਾਲ ਉਨ੍ਹਾਂ ਨੂੰ ਚੰਗੇ ਇਨਸਾਨ ਬਣਨ ਲਈ ਸਿੱਖਿਆ ਵੀ ਦਿੰਦੀਆਂ ਹਨ।

ਬਾਜ ਸਿੰਘ ਮਹਿਲੀਆ ਨੇ ਦੋਵੇਂ ਪੁਸਤਕਾਂ 'ਅਨਮੋਲ ਖਜ਼ਾਨਾ' ਅਤੇ 'ਕਾਠ ਦੀ ਹਾਂਡੀ', ਆਪਣੇ ਪੋਤਰੇ ਸਹਿਜਦੀਪ ਅਤੇ ਦੋਹਤਰੀ ਜਪਲੀਨ ਕੌਰ ਦੇ ਨਾਂ ਸਮਰਪਿਤ ਕੀਤੀਆਂ ਹੋਈਆਂ ਹਨ। ਦੋਹਾਂ ਪੁਸਤਕਾਂ ਦੇ ਸਰਵਰਕ ਅਤੇ ਬਾਲ ਕਹਾਣੀਆਂ ਨਾਲ ਲਗਾਏ ਗਏ ਚਿੱਤਰ ਪ੍ਰਸਿੱਧ ਚਿੱਤਰਕਾਰ ਸੁਖਪਾਲ ਸਿੰਘ ਪਟਿਆਲਾ ਦੇ ਬਣਾਏ ਹੋਏ ਹਨ। ਇਹ ਚਿੱਤਰ ਬੜੇ ਢੁੱਕਵੇਂ ਅਤੇ ਬੱਚਿਆਂ ਲਈ ਦਿਲ ਖਿੱਚਵੇਂ ਹਨ। ਪੁਸਤਕਾਂ ਦੀ ਛਪਾਈ ਬਹੁਤ ਵਧੀਆ ਕਾਗਜ਼ 'ਤੇ ਹੋਣ ਕਰਕੇ ਅਤੇ ਚਿੱਤਰ ਰੰਗਦਾਰ ਹੋਣ ਕਰਕੇ ਇਹ ਪੁਸਤਕਾਂ ਬੱਚਿਆਂ ਦੇ ਮਨ ਨੂੰ ਮੋਹ ਲੈਣ ਵਾਲੀਆਂ ਹਨ। ਲੇਖਕ ਚਿੱਤਰਕਾਰ ਅਤੇ ਪ੍ਰਕਾਸ਼ਕ ਤਿੰਨੇ ਹੀ ਇੰਨੀਆਂ ਸ਼ਾਨਦਾਰ ਅਤੇ ਪੜ੍ਹਨ ਯੋਗ ਪੁਸਤਕਾਂ ਬੱਚਿਆਂ ਦੀ ਝੋਲੀ ਪਾਉਣ ਲਈ ਹਾਰਦਿਕ ਵਧਾਈ ਦੇ ਹੱਕਦਾਰ ਹਨ। ਬਾਜ ਸਿੰਘ ਮਹਿਲੀਆ ਦੀ ਕਲਮ ਤੋਂ ਸਾਨੂੰ ਭਵਿੱਖ ਵਿਚ ਵੀ ਬੱਚਿਆਂ ਲਈ ਹੋਰ ਵੀ ਸਿੱਖਿਆਦਾਇਕ ਅਤੇ ਰਸਦਾਇਕ ਪੁਸਤਕਾਂ ਲਿਖਣ ਦੀ ਆਸ ਰਹੇਗੀ। ਪ੍ਰਮਾਤਮਾ ਜੀ ਉਸ ਦੀ ਸਿਹਤ ਅਤੇ ਕਲਮ ਨੂੰ ਸਦਾ ਚੜ੍ਹਦੀ ਕਲਾ ਵਿਚ ਰੱਖਣ। ਇਹੀ ਮੇਰੀ ਦੁਆ ਹੈ।

# ਪੰਜਾਬੀ ਬੋਲੀ ਰਮਜ਼ਾਂ, ਰੁਕਾਵਟਾਂ ਤੇ ਰਾਹ ਪੁਸਤਕ ਇਤਿਹਾਸਕ ਦਸਤਾਵੇਜ਼

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA






ਸੰਸਾਰ ਦੇ ਲਗਪਗ 130 ਦੇਸ਼ਾਂ ਵਿਚ ਪੰਜਾਬੀ ਬੋਲੀ ਜਾਂਦੀ ਹੈ, ਪ੍ਰੰਤੂ ਫਿਰ ਵੀ ਪੰਜਾਬੀ ਬੋਲੀ ਦੇ ਖ਼ਤਮ ਹੋਣ ਦੀਆਂ ਆ ਰਹੀਆਂ ਖ਼ਬਰਾਂ ਚਿੰਤਾਜਨਕ ਹਨ। ਪੰਜਾਬੀ ਬੋਲੀ ਨਾਲ ਸਾਡਾ ਸੱਭਿਆਚਾਰ, ਵਿਰਸਾ ਅਤੇ ਪਛਾਣ ਜੁੜੇ ਹੋਏ ਹਨ। ਇਸ ਕਰਕੇ ਪੰਜਾਬੀ ਬੋਲੀ ਦੀ ਹੋਂਦ ਨੂੰ ਬਚਾਉਣਾ ਅਤਿਅੰਤ ਜ਼ਰੂਰੀ ਹੈ। ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਵੱਖਰੇ ਕਰਕੇ ਨਹੀਂ ਵੇਖਿਆ ਜਾ ਸਕਦਾ। ਇੰਗਲੈਂਡ ਵਿਚ ਚੌਥੇ ਤੇ ਕੈਨੇਡਾ ਵਿਚ ਪੰਜਵੇਂ ਨੰਬਰ 'ਤੇ ਪੰਜਾਬੀ ਬੋਲੀ ਜਾਂਦੀ ਹੈ। ਵਿਸ਼ਵ ਪੰਜਾਬੀ ਕਾਨਫਰੰਸਾਂ 1980 ਤੋਂ ਸ਼ੁਰੂ ਹੋਈਆਂ ਤੇ ਲਗਾਤਾਰ ਹੋ ਰਹੀਆਂ ਹਨ, ਪ੍ਰੰਤੂ ਇਨ੍ਹਾਂ ਕਾਨਫ਼ਰੰਸਾਂ ਦੇ ਕੀਤੇ ਕੋਈ ਸਾਰਥਿਕ ਉਪਰਾਲੇ ਨਜ਼ਰ ਨਹੀਂ ਆਏ। ਇਹ ਸੰਤੁਸ਼ਟੀ ਦੀ ਗੱਲ ਹੈ ਕਿ ਵਿਸ਼ਵ ਪੰਜਾਬੀ ਸਭਾ ਬਰੈਂਪਟਨ ਕੈਨੇਡਾ ਦੇ ਰੂਹੇ-ਰਵਾਂ ਡਾ. ਦਲਬੀਰ ਸਿੰਘ ਕਥੂਰੀਆ ਨੇ ਆਪਣੀ ਸੰਸਥਾ ਰਾਹੀਂ 'ਪੰਜਾਬੀ ਬੋਲੀ ਰਮਜ਼ਾਂ, ਰੁਕਾਵਟਾਂ ਤੇ ਰਾਹ' ਪੁਸਤਕ ਪ੍ਰਕਾਸ਼ਿਤ ਕਰਕੇ ਇਸ ਮੰਚ ਦਾ ਸਦਉਪਯੋਗ ਕੀਤਾ ਹੈ। ਪੰਜਾਬੀ ਦੇ ਸੁਪ੍ਰਸਿੱਧ ਵਿਦਵਾਨਾਂ ਆਤਮਜੀਤ ਅਤੇ ਗੁਰਭਜਨ ਗਿੱਲ ਨੇ 'ਪੰਜਾਬੀ ਬੋਲੀ ਰਮਜ਼ਾਂ, ਰੁਕਾਵਟਾਂ ਤੇ ਰਾਹ' ਪੁਸਤਕ ਦੀ ਸੰਪਾਦਨਾ ਕਰਕੇ ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਸ਼ਲਾਘਾਯੋਗ ਉਦਮ ਕੀਤਾ ਹੈ। ਇਸ ਪੁਸਤਕ ਵਿਚ ਪੰਜਾਬੀ ਬੋਲੀ ਦੇ ਤਿੰਨ ਦਰਜਨ ਦੇਸ਼-ਵਿਦੇਸ਼ ਦੇ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਤੋਂ ਪੰਜਾਬੀ ਬੋਲੀ ਦੇ ਅਨੁਆਈ ਪ੍ਰੇਰਨਾ ਲੈ ਸਕਣਗੇ। ਇਸ ਪੁਸਤਕ ਵਿਚ ਪੰਜਾਬੀ ਭਾਸ਼ਾ ਦੇ ਗਲੋਬਲ ਸਰੋਕਾਰ, ਖੇਤਰੀ ਸਮੱਸਿਆਵਾਂ ਤੇ ਹੱਲ, ਵਿਰਸਾ ਤੇ ਵਰਤਮਾਨ ਤੋਂ ਅੱਗੇ ਭਵਿੱਖ ਮੁਖੀ ਨਿਸ਼ਾਨੇ ਵੀ ਹਨ। ਇਸ ਕਰਕੇ ਇਹ ਪੁਸਤਕ ਪੰਜਾਬੀ ਬੋਲੀ ਦੀ ਸਮੁੱਚੀ, ਸਥਿਤੀ, ਖ਼ਾਸੀਅਤਾਂ ਅਤੇ ਵਿਕਾਸ ਦੀਆਂ ਉਲਝਣਾਂ ਨੂੰ ਸਮਝਣ ਅਤੇ ਉਨ੍ਹਾਂ ਵਿਚੋਂ ਨਿਕਲਣ ਵਾਸਤੇ ਰਾਹ ਤਲਾਸ਼ਣ ਦਾ ਇੱਕ ਸਾਰਥਿਕ ਯਤਨ ਸਾਬਤ ਹੋਵੇਗੀ। ਇਸ ਪੁਸਤਕ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ 16, ਦੂਜੇ ਵਿਚ 5, ਤੀਜੇ ਵਿਚ 5, ਚੌਥੇ ਵਿਚ 5 ਅਤੇ ਪੰਜਵੇਂ ਵਿਚ ਦੋ ਵਿਦਵਾਨਾਂ ਦੇ ਲੇਖ ਹਨ, ਜਿਨ੍ਹਾਂ ਵਿਚ ਪੰਜਾਬੀ ਬੋਲੀ ਨੂੰ ਦਰਪੇਸ਼ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਵੱਖਰੇ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ। ਅਸਲ ਵਿਚ ਪੰਜਾਬੀ ਬੋਲੀ ਨੂੰ ਸੱਤਾ, ਰਾਜਨੀਤੀ, ਸਰਮਾਏਦਾਰੀ, ਵਿਸ਼ਵੀਕਰਨ, ਮੰਡੀਕਰਨ ਆਦਿ ਤਾਕਤਾਂ ਨੇ ਨੁਕਸਾਨ ਪਹੁੰਚਾਇਆ ਹੈ। ਬੋਲੀ ਨੂੰ ਧਰਮ ਨਾਲ ਜੋੜਨਾ ਵੀ ਗ਼ਲਤ ਹੈ, ਪ੍ਰੰਤੂ ਪੰਜਾਬੀਆਂ ਨੂੰ ਇਸ ਬਾਰੇ ਸਪੱਸ਼ਟ ਰੁੱਖ ਅਖਤਿਆਰ ਕਰਨਾ ਚਾਹੀਦਾ ਹੈ। ਸਿਰਫ ਸਿੱਖਾਂ ਨਾਲ ਜੋੜਨਾ ਗ਼ਲਤ ਹੈ, ਕਿਉਂਕਿ ਗ਼ੈਰ ਸਿੱਖ ਵੀ ਪੰਜਾਬੀ ਬੋਲਦੇ ਹਨ। ਅਜਿਹੀਆਂ ਕੁਝ ਬੇਸਮਝੀਆਂ ਅਤੇ ਗ਼ਲਤ ਧਾਰਨਾਵਾਂ ਤੋਂ ਮੁਕਤ ਹੋਣਾ ਪਵੇਗਾ। ਵਿਗਿਆਨਕ ਢੰਗ ਦੇ ਲੜ ਲੱਗਣਾ ਪਵੇਗਾ। ਪੰਜਾਬੀ ਰਾਜ ਭਾਸ਼ਾ ਐਕਟ ਨੂੰ ਸਰਕਾਰੀ ਦਫ਼ਤਰਾਂ ਅਤੇ ਅਦਾਲਤਾਂ ਵਿਚ ਲਾਗੂ ਨਹੀਂ ਕੀਤਾ ਜਾ ਰਿਹਾ। ਪੰਜਾਬੀ ਦੀਆਂ ਦੋ ਲਿਪੀਆਂ ਗੁਰਮੁੱਖੀ ਅਤੇ ਸ਼ਾਹਮੁਖੀ ਹਨ, ਜਿਨ੍ਹਾਂ ਦਾ ਇਕ ਦੂਜੇ ਨਾਲ ਮੇਲ ਨਹੀਂ ਹੈ। ਪਾਕਿਸਤਾਨ ਵਾਲੇ ਪੰਜਾਬ ਵਿਚ ਪੰਜਾਬੀ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਨਹੀਂ ਜਾਂਦੀ। ਹਾਇਰ ਕਲਾਸਾਂ ਵਿਚ ਆਪਸ਼ਨਲ ਵਿਸ਼ਾ ਹੈ। ਪੰਜਾਬੀ ਨੂੰ ਨੌਕਰਾਂ ਦੀ ਜ਼ੁਬਾਨ ਕਿਹਾ ਜਾਂਦਾ ਹੈ। ਗੁਰਮੁਖੀ ਪੁਰਾਣੀ ਸਿੰਧੂ, ਸ਼ਾਰਦਾ ਤੇ ਟਾਕਰੀ ਨਾਲ ਜਲਦੀ ਮਿਲਦੀ ਹੈ। ਇੱਕ ਹੋਰ ਵੱਡਾ ਨੁਕਸਾਨ ਵਿਦਵਾਨਾਂ ਅਤੇ ਆਮ ਲੋਕਾਂ ਦੀ ਬੋਲੀ ਦਾ ਜ਼ਮੀਨ-ਅਸਮਾਨ ਦਾ ਅੰਤਰ ਹੋਣਾ ਹੈ। ਬੋਲੀ ਲਚਕਦਾਰ ਹੋਣੀ ਚਾਹੀਦੀ ਹੈ, ਤਾਂ ਹੀ ਬਚ ਸਕਦੀ ਹੈ। ਪੰਜਾਬੀਆਂ ਦਾ ਆਪਣਾ ਗਿਆਨ ਵੀ ਬਨਾਵਟੀ ਜਿਹਾ ਹੈ, ਜਿਸ ਕਰਕੇ ਬੋਲੀ ਦਾ ਸੱਭਿਆਚਾਰ ਅਤੇ ਅੰਤਰ-ਮਨ ਨਾਲੋਂ ਸਿੱਧਾ ਸੰਬੰਧ ਟੁੱਟ ਚੁੱਕਾ ਹੈ। ਇਸ ਸਮੇਂ ਪੰਜਾਬੀਆਂ ਦਾ ਰੁਝਾਨ ਸ਼ਹਿਰਾਂ ਵਿਚ ਵਸਣ ਦਾ ਹੈ, ਜਿਸ ਕਰਕੇ ਪੰਜਾਬੀ 'ਤੇ ਹਿੰਦੀ ਦਾ ਪ੍ਰਭਾਵ ਪੈ ਰਿਹਾ ਹੈ। ਵਿਦਵਾਨਾਂ ਨੇ ਇਹ ਵੀ ਕਿਹਾ ਹੈ ਕਿ ਪੰਜਾਬੀ ਬੋਲੀ ਬਾਰੇ ਬਹੁਤ ਸਾਰੇ ਡਰ ਅਗਿਆਨਤਾ ਅਤੇ ਅਵੇਸਲੇਪਣ ਕਰਕੇ ਹਨ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਹੈ ਕਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿਚ ਪੰਜਾਬੀ ਨੂੰ ਇਸਦੇ ਹਾਣ ਦੀ ਬਣਾਉਣ ਦੀ ਲੋੜ ਵੀ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਸਾਨੂੰ ਘੇਰੀ ਬੈਠੀ ਹੈ। ਬੋਲੀ ਦੇ ਵਿਕਾਸ ਦੇ ਰਾਹ ਵਿਚ ਜਿਥੇ ਸਰਕਾਰਾਂ ਨੇ ਵੀ ਰੁਕਾਵਟਾਂ ਪਾਈਆਂ ਹਨ, ਉਥੇ ਸਾਡੇ ਵਿਦਵਾਨ ਅਤੇ ਲੋਕ ਵੀ ਸ਼ਾਮਲ ਹਨ। ਪੰਜਾਬੀ ਬੋਲੀ ਕੋਲ ਵਿਚਾਰਾਂ, ਸੋਚਾਂ ਅਤੇ ਸੱਭਿਆਚਾਰਕ ਪ੍ਰਗਟਾਵਿਆਂ ਦਾ ਭੰਡਾਰ ਹੈ, ਪ੍ਰੰਤੂ ਬੋਲੀ ਦਾ ਮਰਨਾ ਅੰਦਰਲੇ ਵੱਖਰੇਪਣ ਦੀ ਮੌਤ ਹੁੰਦੀ ਹੈ। ਬੋਲੀ ਨਾਲ ਜੁੜੇ ਹੋਏ ਗੰਭੀਰ ਮਸਲੇ ਹਨ, ਪ੍ਰੰਤੂ ਬੋਲੀ ਨੂੰ ਇਨ੍ਹਾਂ ਤੋਂ ਕੱਟਕੇ ਨਹੀਂ ਵੇਖਿਆ ਜਾ ਸਕਦਾ। ਵਿਦਵਾਨਾਂ ਨੇ ਪੰਜਾਬੀ ਬੋਲੀ ਦੀਆਂ ਸਾਰੀਆਂ ਰਮਜ਼ਾਂ ਨੂੰ ਪਛਾਣਿਆਂ ਹੈ, ਬਹੁਤ ਸਾਰੀਆਂ ਰੁਕਾਵਟਾਂ ਦੀ ਨਿਸ਼ਾਨਦੇਹੀ ਦੀ ਹੋਈ ਹੈ। ਜੇਕਰ ਪੰਜਾਬੀ ਕੰਪਿਊਟਰ, ਐੱਲ.ਐੱਲ.ਐੱਮ. ਡਿਜ਼ੀਟਲ ਪਲੇਟਫਾਰਮ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਆਪਣੀ ਪਹੁੰਚ ਦੇ ਰਾਹ ਵਿਚ ਆਉਣ ਵਾਲੀਆਂ ਮੁਸ਼ਕਲਾਂ ਲੱਭ ਲੈਣ, ਤਾਂ ਦੁਨੀਆਂ ਭਰ ਦੇ ਪੰਜਾਬੀ ਇਕ ਪਲੇਟਫਾਰਮ 'ਤੇ ਇਕੱਠੇ ਕੀਤੇ ਜਾ ਸਕਦੇ ਹਨ। ਬੱਚਿਆਂ ਨੂੰ ਪੰਜਾਬੀ ਬੋਲਣਾ ਸਿਖਾਉਣਾ ਮਾਂ ਦੇ ਹੱਥ ਹੁੰਦਾ ਹੈ। ਉਸਤੋਂ ਬਾਅਦ ਮੁੱਢਲੀ ਸਿੱਖਿਆ ਮਾਂ ਬੋਲੀ ਪੰਜਾਬੀ ਵਿਚ ਹੋਣੀ ਚਾਹੀਦੀ ਹੈ। ਸਮਾਜ ਵਿਗਿਆਨ, ਮਨੋਵਿਗਿਆਨ ਭੌਤਿਕ ਤੇ ਰਸਾਇਣ ਵਿਗਿਆਨ ਦੇ ਵਿਸ਼ਿਆਂ ਨੂੰ ਪੰਜਾਬੀ ਵਿਚ ਪੜ੍ਹਾਉਣਾ ਜ਼ਰੂਰੀ ਹੈ। ਵਿਗਿਆਨ ਦੀ ਪੰਜਾਬੀ ਵਿਚ ਪੜ੍ਹਾਈ ਲਈ ਮਿਆਰੀਕਰਨ, ਸ਼ਬਦਾਵਲੀ, ਅਧਿਆਪਕਾਂ ਦੀ ਟ੍ਰੇਨਿੰਗ, ਪੁਸਤਕਾਂ, ਲੋੜੀਂਦੇ ਸਰੋਤਾਂ ਦੀ ਘਾਟ ਹੈ। ਵਿਸ਼ਵੀਕਰਨ ਨੇ ਪੰਜਾਬੀ ਬੋਲੀ 'ਤੇ ਵੀ ਆਪਣਾ ਅਸਰ ਪਾਇਆ ਹੈ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਪੰਜਾਬੀ ਮਨੁੱਖ ਗਿਆਨ-ਵਿਹੂਣੀ ਤੇ ਦੂਰ-ਦ੍ਰਿਸ਼ਟਿਤਾ ਵਿਹੂਣੇ ਗਿਆਨ ਦੇ ਰਸਤੇ ਉਪਰ ਚੱਲ ਰਿਹਾ ਹੈ। ਉਪਭੋਗਤਾਵਾਦ ਨੇ ਸੰਚਾਰ ਮਾਧਿਅਮਾ ਦੇ ਜ਼ਰੀਏ ਇੱਕ ਨਵੀਂ ਭਾਸ਼ਾ ਨੂੰ ਸਿਰਜਿਆ ਹੈ, ਜਿਸਨੇ ਸੱਚ ਜਾਂ ਯਥਾਰਥ ਨੂੰ ਧੁੰਦ, ਰਹੱਸ ਜਾਂ ਰੁਮਾਂਸ ਵਿਚ ਗਲੇਫ ਕੇ ਰੱਖ ਦਿੱਤਾ ਹੈ। ਇਹ ਖਾਸ ਤਰ੍ਹਾਂ ਦੀ ਸ਼ਬਦਾਵਲੀ ਤੇ ਗਿਆਨ ਤੋਂ ਸੱਖਣੀ ਹੈ। ਇਸ ਮੰਡੀ ਨੇ ਸਾਹਿਤ ਨੂੰ ਵਪਾਰੀ ਮਾਨਸਿਕਤਾ ਵਿਚ ਬਦਲ ਦਿੱਤਾ ਹੈ। ਪੰਜਾਬੀ ਨੂੰ ਰੋਜ਼ਗਾਰ ਦੀ ਭਾਸ਼ਾ ਬਣਾਉਣ ਨਾਲ ਵਿਕਾਸ ਸੰਭਵ ਹੋ ਸਕਦਾ ਹੈ। ਪੰਜਾਬੀ ਦੀਆਂ ਦੋਵੇਂ ਲਿਪੀਆਂ ਗੁਰਮੁੱਖੀ ਅਤੇ ਸ਼ਾਹਮੁਖੀ ਸਿੱਖਣ ਨਾਲ ਵੀ ਲਾਭ ਹੋ ਸਕਦਾ ਹੈ। ਮੁਕਾਬਲੇ ਦੇ ਇਮਤਿਹਾਨਾਂ ਦਾ ਮਾਧਿਅਮ ਪੰਜਾਬੀ ਹੋਣੀ ਚਾਹੀਦੀ ਹੈ। ਪੰਜਾਬੀ ਸੰਸਾਰ ਵਿਚ ਵਸੇ ਹੋਣ ਕਰਕੇ ਆਪੋ ਆਪਣੀ ਵਿਲੱਖਣਤਾ 'ਤੇ ਜ਼ੋਰ ਦੇ ਰਹੇ ਹਨ, ਭਾਵ ਬਿਖਰਾਵ ਦਾ ਸ਼ਿਕਾਰ ਹਨ, ਜਿਸ ਨਾਲ ਪੰਜਾਬੀ ਦਾ ਨੁਕਸਾਨ ਹੋ ਰਿਹਾ ਹੈ, ਹਉਮੈ ਛੱਡਣੀ ਹੋਵੇਗੀ। ਇਸ ਲਈ ਵਰਗ-ਵਿਸ਼ੇਸ਼ ਤੋਂ ਉਪਰ ਉਠਣਾ ਹੋਵੇਗਾ। ਮਾਂ ਦੇ ਦੁੱਧ ਤੋਂ ਸਿੱਖੀ ਪੰਜਾਬੀ ਦਾ ਵਿਕਾਸ ਕਰਨਾ ਵੀ ਜ਼ਰੂਰੀ ਹੈ। ਗਿਆਨ ਸੰਚਾਰ ਅੰਦਰੂਨੀ ਤੇ ਬੈਰੂਨੀ ਦੋਹਾਂ ਪੱਖਾਂ ਦਾ ਹੋਵੇ। ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਵਿਕਾਸ ਵਿਚ ਇੱਕ ਮੀਲ ਪੱਥਰ ਹੈ। ਪੰਜਾਬੀ ਸਿਆਸਤਦਾਨ ਸੱਤਾ ਪ੍ਰਾਪਤੀ ਦੀ ਥਾਂ ਪੰਜਾਬੀ ਦੇ ਵਿਕਾਸ ਵੱਲ ਧਿਆਨ ਦੇਣ। ਘਰਾਂ ਵਿਚ ਵੀ ਠੇਠ ਪੰਜਾਬੀ ਬੋਲਣੀ ਚਾਹੀਦੀ ਹੈ। ਪੰਜਾਬੀ ਦਾ ਸੰਬੰਧ ਸੰਸਕ੍ਰਿਤ ਤੇ ਅਰਬੀ ਫਾਰਸੀ ਨਾਲ ਵੀ ਜੁੜਦਾ ਹੈ। ਪੰਜਾਬੀ ਲਚਕਦਾਰ ਹੈ, ਜਿਸਨੇ ਅਨੇਕ ਭਾਸ਼ਾਵਾਂ ਦੇ ਸ਼ਬਦਾਂ ਨੂੰ ਹਜ਼ਮ ਕਰਕੇ ਆਪਣੇ ਬਣਾ ਲਿਆ ਹੈ। ਇਨ੍ਹਾਂ ਵਿਚ ਤੁਰਕੀ, ਪੁਰਤਗੇਜ਼ੀ, ਅੰਗਰੇਜ਼ੀ, ਹਿੰਦੀ, ਉਰਦੂ ਦੇ ਵੀ ਅਨੇਕ ਸ਼ਬਦ ਹਨ। ਇਸ ਕਰਕੇ ਪੰਜਾਬੀ ਦੀ ਐਟਮਾਲੌਜੀ ਇਨ੍ਹਾਂ ਭਾਸ਼ਾਵਾਂ ਨਾਲ ਮਿਲਦੀ ਜੁਲਦੀ ਹੈ। ਪੰਜਾਬੀ ਦੇ ਖ਼ਤਮ ਹੋਣ ਦੀ ਸੰਭਾਵਨਾ ਨਹੀਂ ਹੈ, ਕਿਉਂਕਿ ਪੰਜਾਬੀ ਸੰਸਾਰ ਵਿਚ ਵਸਦੇ ਹਨ, ਇਸਦਾ ਪੀੜ੍ਹੀ ਦਰ ਪੀੜ੍ਹੀ ਸੰਚਾਰ ਨਿਰਵਿਘਨ ਹੋ ਰਿਹਾ ਹੈ। ਕਿਤਨੀਆਂ ਹੀ ਸੰਸਥਾਵਾਂ, ਅਦਾਰੇ, ਸਰਕਾਰ ਅਤੇ ਅਦੀਬ, ਅਦਬੀ ਮੇਲੇ ਕਰਵਾਕੇ ਯਤਨਸ਼ੀਲ ਹਨ। ਪੰਜਾਬੀ ਭਾਸ਼ਾ ਦਾ ਭਵਿੱਖ ਤਕਨੀਕੀ ਵਿਕਾਸ ਤੋਂ ਬਗ਼ੈਰ ਸੰਭਵ ਨਹੀਂ। ਇੱਕ ਲਿਪੀ, ਇੱਕ ਫੌਂਟ, ਇੱਕ ਕੀ-ਬੋਰਡ ਦੀ ਜ਼ਰੂਰਤ ਹੈ। ਸਾਨੂੰ ਯੂਨੀਕੋਡ ਨੂੰ ਅਪਨਾਉਣਾ ਚਾਹੀਦਾ ਹੈ। ਦੂਸਰੇ ਲੋਕਾਂ ਲਈ ਫੌਂਟ ਕਨਵਰਟਰ, ਕੀ-ਬੋਰਡ ਲੇਅ ਆਊਟ ਕਨਵਰਟਰ ਵੀ ਵਧੇਰੇ ਬਣਾਉਣੇ ਚਾਹੀਦੇ ਹਨ। ਜਿਸਨੂੰ ਅੰਗਰੇਜ਼ੀ ਆਉਂਦੀ ਹੈ, ਉਸ ਲਈ ਕੋਈ ਵੀ ਫ਼ੌਂਟ ਵਰਤਣ ਵਿਚ ਮੁਸ਼ਕਲ ਨਹੀਂ, ਪ੍ਰੰਤੂ ਵਿਸ਼ੇਸ਼ ਚਿੰਨ੍ਹਾਂ ਦੀ ਘਾਟ ਹੈ। ਲਿਪੀਆਂ ਦਾ ਰੇੜਕਾ ਦੋਹਾਂ ਦੇਸ਼ਾਂ ਦੀ ਧਾਰਮਿਕ ਤੰਗਦਿਲੀ ਦਾ ਨਤੀਜਾ ਹੈ। ਵਿਕੀਪੀਡੀਆ ਦੇ ਗੁਰਮੁਖੀ ਰੂਪ ਨੂੰ ਹੋਰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਚੈਟ ਜੀ.ਪੀ.ਟੀ. ਜਾਂ ਕਿਸੇ ਹੋਰ ਪਲੇਟਫਾਰਮ ਕੋਲ ਪੰਜਾਬੀ ਦਾ ਗਿਆਨ ਸੀਮਤ ਹੈ। ਇਸ ਵਿਚ ਸਾਡਾ ਆਪਣਾ ਕਸੂਰ ਹੈ, ਕਿਉਂਕਿ ਪੰਜਾਬੀ ਅਵੇਸਲੇ ਹਨ। ਡਿਜ਼ੀਟਲ ਲਾਇਬ੍ਰੇਰੀਆਂ ਦੀ ਲੋੜ ਹੈ। ਗੁਰਭਜਨ ਗਿੱਲ ਅਨੁਸਾਰ ਪੰਜਾਬੀਆਂ ਨੂੰ ਪੰਜਾਬੀ ਬੋਲਣ 'ਤੇ ਮਾਣ ਕਰਨ ਲਈ ਆਪਣੀ ਮਾਨਸਿਕਤਾ ਬਦਲਣੀ ਪਵੇਗੀ। ਹੀਣ ਭਾਵਨਾ ਨਹੀਂ ਰੱਖਣੀ ਚਾਹੀਦੀ। ਪੁਰਖਿਆਂ ਦੀ ਬੋਲੀ ਤੋਂ ਮੁੱਖ ਨਹੀਂ ਮੋੜਨਾ ਚਾਹੀਦਾ। ਕਚਹਿਰੀਆਂ ਵਿਚ ਦੇਸ਼ ਦੇ ਕਈ ਰਾਜਾਂ ਵਿਚ ਉਥੋਂ ਦੀਆਂ ਮਾਤ ਭਾਸ਼ਾਵਾਂ ਵਿਚ ਕੰਮ ਹੋ ਰਿਹਾ ਹੈ, ਪ੍ਰੰਤ ਪੰਜਾਬ ਵਿਚ ਅਣਗਹਿਲੀ ਵਰਤੀ ਜਾ ਰਹੀ ਹੈ। ਪੰਜਾਬੀ ਸਾਹਿਤ, ਇਤਿਹਾਸਕ ਦਸਤਾਵੇਜ਼ ਅਤੇ ਸੱਭਿਆਚਾਰਕ ਵਿਰਸੇ ਨਾਲ ਸੰਬੰਧਤ ਸੰਭਾਲ ਅਤੇ ਪ੍ਰਚਾਰ ਹਿੱਤ ਏ.ਆਈ. ਡਿਜ਼ੀਟਲ ਰੂਪ ਵਿਚ ਬਦਲਕੇ ਚੰਗਾ ਕੰਮ ਕਰ ਰਹੀ ਹੈ, ਪ੍ਰੰਤੂ ਅਨੁਵਾਦ ਤਕਨਾਲੋਜੀ ਖਾਸ ਕਰਕੇ ਪ੍ਰਾਸੈਸਿੰਗ, ਆਵਾਜ਼ ਪਛਾਣ ਉਤਨੀ ਉਨਤ ਨਹੀਂ ਹੈ। ਇਸ ਲਈ ਸਾਡੇ ਵਿਰਸੇ ਨੂੰ ਖੋਰਾ ਲੱਗ ਰਿਹਾ ਹੈ। ਇਸਨੂੰ ਵਿਕਸਿਤ ਕਰਨ ਦੀ ਲੋੜ ਹੈ। ਏ.ਆਈ. ਆਧਾਰਿਤ ਭਾਸ਼ਾ ਸਿਖਲਾਈ ਤਕਨਾਲੋਜੀ ਨੂੰ ਪਾਠਕ੍ਰਮ ਦਾ ਹਿੱਸਾ ਬਣਾਕੇ ਭਾਸ਼ਾ ਸਿਖਲਾਈ ਕਾਰਜਾਂ ਦਾ ਸਹੀ ਇਸਤੇਮਾਲ ਕਰ ਸਕਦੇ ਹਾਂ। ਪੱਛਮ ਦੀ ਅੰਨ੍ਹੇਵਾਹ ਨਕਲ ਬੰਦ ਕਰਨ ਨਾਲ ਪੰਜਾਬੀ ਭਾਸ਼ਾ ਦਾ ਵਿਕਾਸ ਹੋ ਸਕਦਾ ਹੈ। ਪਰਵਾਸ ਵਿਚ ਪੰਜਾਬੀ ਸਾਹਿਤਕ ਸਮਾਗਮਾਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਤ ਹੈ। ਕੈਨੇਡਾ ਵਿਚ ਪੰਜਾਬੀ ਜ਼ਿਆਦਾ ਬੋਲੀ ਜਾਂਦੀ ਹੈ, ਪ੍ਰੰਤੂ ਬੱਚੇ ਮਿਲਗੋਭਾ ਹੀ ਬੋਲਦੇ ਹਨ। ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਰਾਹ ਦਸੇਰਾ ਬਣ ਸਕਦੀ ਹੈ, ਪ੍ਰੰਤੂ ਇਸ ਵਿਚ ਵੀ ਵਿਦਵਾਨਾਂ ਦੀ ਭਾਸ਼ਾ ਆਮ ਪਾਠਕਾਂ ਦੀ ਸਮਝ ਤੋਂ ਬਾਹਰ ਹੈ।

**350 ਪੰਨਿਆਂ, 500 ਰੁਪਏ ਭਾਰਤੀ, ਕੈਨੇਡੀਅਨ 25 ਡਾਲਰ ਅਤੇ ਅਮਰੀਕਨ 20 ਡਾਲਰ ਕੀਮਤ ਵਾਲੀ ਇਹ ਪੁਸਤਕ ਵਿਸ਼ਵ ਪੰਜਾਬੀ ਸਭਾ ਬਰੈਂਪਟਨ, ਕੈਨੇਡਾ ਨੇ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ ਮੋਹਾਲੀ ਤੋਂ ਪ੍ਰਕਾਸ਼ਤ ਕਰਵਾਈ ਹੈ।**

*ਇਸ ਪੁਸਤਕ ਵਿਚ ਪੰਜਾਬੀ ਬੋਲੀ ਦੇ ਤਿੰਨ ਦਰਜਨ ਦੇਸ਼-ਵਿਦੇਸ਼ ਦੇ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਤੋਂ ਪੰਜਾਬੀ ਬੋਲੀ ਦੇ ਅਨੁਆਈ ਪ੍ਰੇਰਨਾ ਲੈ ਸਕਣਗੇ। ਇਸ ਪੁਸਤਕ ਵਿਚ ਪੰਜਾਬੀ ਭਾਸ਼ਾ ਦੇ ਗਲੋਬਲ ਸਰੋਕਾਰ, ਖੇਤਰੀ ਸਮੱਸਿਆਵਾਂ ਤੇ ਹੱਲ, ਵਿਰਸਾ ਤੇ ਵਰਤਮਾਨ ਤੋਂ ਅੱਗੇ ਭਵਿੱਖ ਮੁਖੀ ਨਿਸ਼ਾਨੇ ਵੀ ਹਨ। ਇਸ ਕਰਕੇ ਇਹ ਪੁਸਤਕ ਪੰਜਾਬੀ ਬੋਲੀ ਦੀ ਸਮੁੱਚੀ, ਸਥਿਤੀ, ਖ਼ਾਸੀਅਤਾਂ ਅਤੇ ਵਿਕਾਸ ਦੀਆਂ ਉਲਝਣਾਂ ਨੂੰ ਸਮਝਣ ਅਤੇ ਉਨ੍ਹਾਂ ਵਿਚੋਂ ਨਿਕਲਣ ਵਾਸਤੇ ਰਾਹ ਤਲਾਸ਼ਣ ਦਾ ਇੱਕ ਸਾਰਥਿਕ ਯਤਨ ਸਾਬਤ ਹੋਵੇਗੀ।*

# ਛੋਟਾ ਘੱਲੂਘਾਰਾ



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA



ਸਿੱਖ ਧਰਮ ਅਤੇ ਰਾਜਨੀਤੀ ਹਮੇਸ਼ਾ ਸੰਸਾਰ ਵਿਚ ਚਰਚਾ ਦੇ ਵਿਸ਼ੇ ਰਹੇ ਹਨ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਦੀ ਇਨਕਲਾਬੀ ਲਹਿਰ ਹੈ। ਇਹ ਇਕ ਮਾਨਵਵਾਦੀ ਧਰਮ ਹੈ, ਜਿਸ ਨੇ ਸਦਾ ਹੀ ਸਮਾਜ ਨੂੰ ਉਸਾਰੂ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਜੋ ਹਰ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕਲਪ ਦ੍ਰਿੜ੍ਹ ਕਰਵਾਉਂਦਾ ਹੈ। ਜ਼ਾਲਮ ਹਕੂਮਤਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹਰ ਹੱਥ-ਹਰਬਾ ਵਰਤਿਆ। ਦੂਸਰੇ ਪਾਸੇ ਅਜਿਹਾ ਫੌਜੀ ਖਾਲਸਾ ਤਿਆਰ ਹੋਇਆ, ਜਿਸ ਨੇ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ ਮਨੁੱਖੀ ਕਦਰਾਂ-ਕੀਮਤਾਂ, ਹੱਕ-ਸੱਚ, ਨਿਆਂ, ਸਵੈ-ਰੱਖਿਆ ਲਈ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦਾ ਪੰਨਾ-ਪੰਨਾ ਸਿੱਖ-ਸ਼ਹਾਦਤਾਂ ਦਾ ਗਵਾਹ ਹੈ। ਕਈ ਮੁਹਿੰਮਾਂ ਵਿਚੋਂ ਲੰਘ ਕੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਸਥਾਪਤ ਹੋਇਆ। ਇਥੇ ਤੱਕ ਪਹੁੰਚਣ ਲਈ ਕਈ ਸਾਕੇ, ਘੱਲੂਘਾਰੇ ਵਾਪਰੇ, ਜਿਨ੍ਹਾਂ ਵਿਚ 'ਛੋਟਾ ਘੱਲੂਘਾਰਾ' ਵੀ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ।

ਛੋਟਾ ਘੱਲੂਘਾਰਾ ਸਿੰਘਾਂ ਅਤੇ ਮੁਗਲਾਂ ਵਿਚਕਾਰ 17 ਮਈ, 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਬ 'ਚ ਵਾਪਰਿਆ। ਕਾਹਨੂੰਵਾਨ ਛੰਬ ਜੋ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੀ ਦੂਰੀ 'ਤੇ ਫੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿਤ ਹੈ। ਦੂਸਰੇ ਘੱਲੂਘਾਰੇ ਵੇਲੇ ਸਿੱਖਾਂ ਦਾ ਵੱਡਾ ਕਤਲੇਆਮ ਹੋਇਆ ਸੀ। ਇਸ ਲਈ ਉਸ ਘੱਲੂਘਾਰੇ ਨੂੰ ਵੱਖਰਾ ਦਰਸਾਉਣ ਲਈ ਇਸ ਘਟਨਾ ਨੂੰ 'ਛੋਟਾ ਘੱਲੂਘਾਰਾ' ਕਿਹਾ ਜਾਂਦਾ ਹੈ।

2 ਜੁਲਾਈ 1745 ਈ. ਜ਼ਕਰੀਆ ਖਾਨ ਦੀ ਮੌਤ 'ਤੇ ਉਸ ਦਾ ਪੁੱਤਰ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ ਲੱਖਪਤ ਰਾਏ ਨੂੰ ਆਪਣਾ ਗਵਰਨਰ ਨਿਯੁਕਤ ਕੀਤਾ। ਮਈ 1746 ਵਿਚ ਐਮਨਾਬਾਦ, ਸੈਦਪੁਰ ਪੱਛਮੀ ਪੰਜਾਬ ਪਾਕਿਸਤਾਨ ਨੇੜੇ 'ਗੁਰਦੁਆਰਾ ਰੋੜੀ ਸਾਹਿਬ' ਦੇ ਦਰਸ਼ਨ ਲਈ ਸਿੱਖ ਜੱਥੇ ਆਉਣ ਦੀ ਖ਼ਬਰ ਜਦ ਲੱਖਪਤ ਰਾਏ ਨੂੰ ਮਿਲੀ, ਉਸ ਨੇ ਸਿੰਘਾਂ ਨੂੰ ਦਰਸ਼ਨਾਂ ਤੋਂ ਰੋਕਣ ਲਈ ਆਪਣੇ ਭਰਾ ਜਸਪੱਤ ਦੀ ਅਗਵਾਈ ਹੇਠ ਫੌਜ ਲਾਹੌਰ ਭੇਜੀ। ਜੱਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਗੁਸਾਈਆਂ ਨੇੜੇ ਰੋਕਿਆ ਗਿਆ। ਸਿੰਘ ਲੰਮੇ ਸਫਰ ਤੋਂ ਭੁੱਖਣ-ਭਾਣੇ ਸਨ। ਉਹ ਸਿਰਫ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਲੰਗਰ ਪਾਣੀ ਛੱਕ ਕੇ ਆਰਾਮ ਲਈ ਰਾਤ ਕੱਟਣੀ ਚਾਹੁੰਦੇ ਸਨ। ਪਰ ਜਸਪੱਤ ਨੇ ਉਨ੍ਹਾਂ ਦੀ ਇਕ ਨਾ ਸੁਣੀ। ਇਸ ਝੜਪ ਵਿਚ ਨਿਭਾਹੂ ਸਿੰਘ ਯੋਧੇ ਨੇ ਹਾਥੀ 'ਤੇ ਬੈਠੇ ਜਸਪੱਤ ਦਾ ਸਿਰ ਲਾਹ ਦਿੱਤਾ।

ਲੱਖਪਤ ਰਾਏ ਨੂੰ ਜਦ ਆਪਣੇ ਭਰਾ ਦੇ ਮਾਰੇ ਜਾਣ ਦੀ ਖ਼ਬਰ ਮਿਲੀ, ਉਸ ਨੇ ਕ੍ਰੋਧ ਵਿਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸੌਂਹ ਖਾਧੀ ਕਿ ਉਹ ਹੁਣ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ। ਉਸ ਨੇ ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਫੌਜ ਮੰਗੀ। ਅਗਲੇ ਹੀ ਦਿਨ ਲਾਹੌਰ ਵਿਚ ਮੱਸਿਆ ਦੇ ਦਿਨ ਉਸ ਨੇ ਬਾਜ਼ਾਰ ਜਾਂਦੇ ਹਰ ਸਿੱਖ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ। ਇਸ ਦਰਦਨਾਕ ਦੁਖਦਾਈ ਘਟਨਾ ਦੀ ਖ਼ਬਰ ਜਰਨੈਲ ਨਵਾਬ ਕਪੂਰ ਸਿੰਘ ਜੀ ਨੂੰ ਮਿਲੀ। ਉਨ੍ਹਾਂ ਨੇ ਸਾਰੇ ਜਰਨੈਲਾਂ ਨੂੰ ਸੁਨੇਹੇ ਭੇਜੇ ਕਿ ਫੌਜਾਂ ਲੈ ਕੇ ਕਾਹਨੂੰਵਾਨ ਪਹੁੰਚਣ। ਜਰਨੈਲ 25 ਹਜ਼ਾਰ ਦੀ ਫੌਜ ਨਾਲ ਪਹੁੰਚੇ। ਦੂਸਰੇ ਪਾਸੇ ਦੀਵਾਨ ਲੱਖਪਤ ਰਾਏ ਦੀ ਲੱਖਾਂ ਦੀ ਫੌਜ ਨੇ ਸਿੰਘਾਂ ਨੂੰ ਘੇਰਾ ਪਾ ਲਿਆ। ਸ਼ਾਹੀ ਫੌਜ ਨੇ ਕਾਹਨੂੰਵਾਨ, ਹਰਗੋਬਿੰਦ ਪੁਰ, ਗੁਰਦਾਸਪੁਰ ਬਿਆਸ ਦਰਿਆ ਨਾਲ ਜੁੜੇ ਵਿਸ਼ਾਲ ਛੰਬ ਵਿਚ ਫੌਜੀ ਚੌਕੀਆਂ ਬਣਾ ਕੇ ਤੋਪਾਂ ਬੀੜ ਦਿੱਤੀਆਂ। ਛੰਬ ਦੇ ਨੇੜਲੇ ਇਲਾਕੇ ਦੇ ਲੋਕਾਂ ਨੂੰ ਸਿੱਖਾਂ ਦੀ ਜਾਣਕਾਰੀ ਦਿੰਦੇ ਰਹਿਣ ਲਈ ਕਹਿ ਦਿੱਤਾ। ਪਹਾੜੀ ਰਾਜਿਆਂ ਨਾਲ ਸੰਪਰਕ ਬਣਾ ਕੇ ਸਿੱਖਾਂ ਨੂੰ ਮੁਕਾਉਣਾ ਸ਼ੁਰੂ ਕਰ ਦਿੱਤਾ। ਛੰਬ ਸੰਘਣੇ ਜੰਗਲਾਂ ਦੇ ਇਲਾਕੇ ਪਹਿਲਾਂ ਵੀ ਮੁਸੀਬਤਾਂ ਵੇਲੇ ਸਿੰਘਾਂ ਦੀ ਪਨਾਹਗਾਹ ਰਿਹਾ ਸੀ। ਸਿੰਘ ਜੰਗਲਾਂ ਵਿਚ ਰਹਿਣ ਕਰਕੇ ਵੀ ਜੰਗੀ ਅਭਿਆਸ ਵਿਚ ਸਨ ਅਤੇ ਫੌਜੀ ਰਣਨੀਤੀ ਦੇ ਦਾਅਪੇਚ ਸਭ ਜਾਣਦੇ ਸਨ। ਸਿੰਘ ਰਾਤਾਂ ਨੂੰ ਜੰਗਲਾਂ ਤੋਂ ਬਾਹਰ ਨਿਕਲਦੇ, ਦੁਸ਼ਮਣ ਦੀਆਂ ਫੌਜਾਂ ਦਾ ਕਤਲੇਆਮ ਕਰਕੇ, ਰਾਸ਼ਨ ਅਤੇ ਹਥਿਆਰ ਲੁੱਟ ਕੇ ਟਿਕਾਣਿਆਂ 'ਤੇ ਚਲੇ ਜਾਂਦੇ। ਉਹ ਫੜੇ ਨਾ ਜਾਂਦੇ ਕਿਉਂਕਿ ਉਨ੍ਹਾਂ ਦੇ ਘਰ ਨਹੀਂ ਸਨ। ਇਸ ਕੰਡਿਆਲੇ ਜੰਗਲ ਵਿਚ ਸਿੰਘ ਭੁੱਖਣ-ਭਾਣੇ ਗੁਰੀਲਾ ਯੁੱਧ ਦੀ ਰਣਨੀਤੀ ਵਰਤਦੇ ਸਨ। ਲੱਖਪਤ ਰਾਏ ਆਪਣੀ ਹਾਰ ਨੂੰ ਵੇਖ ਕੇ ਘਟੀਆਪਨ 'ਤੇ ਉਤਰ ਆਇਆ। ਉਸ ਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲ ਦੇ ਰੁੱਖ ਕਟਵਾ ਕੇ ਚੁਫੇਰਿਉਂ ਜੰਗਲ ਨੂੰ ਹੀ ਅੱਗ ਲਾ ਦਿੱਤੀ। ਲਗਭਗ 5 ਹਜ਼ਾਰ ਸਿੰਘਾਂ ਦੀ ਫੌਜ ਮੁਸੀਬਤ ਵਿਚ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਫਿਰ ਵੀ ਸਿੰਘਾਂ ਨੇ ਮੁਗਲ ਫੌਜਾਂ ਦਾ ਟਾਕਰਾ ਬੜੀ ਹੀ ਬਹਾਦਰੀ ਨਾਲ ਕੀਤਾ। ਇਕ ਤਾਂ ਅਤਿ ਦੀ ਗਰਮੀ, ਦੂਸਰਾ ਜੰਗਲ ਦੀ ਭਿਆਨਕ ਅੱਗ, ਤੀਸਰਾ ਉੱਚਾ, ਸਿੱਧਾ ਪਹਾੜ ਤੇ ਵਿਰੋਧੀ ਰਾਜੇ, ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ। ਛੰਬ ਛੱਡ ਕੇ ਜਾਣ ਦਾ ਕੋਈ ਵੀ ਰਸਤਾ ਨਹੀਂ ਸੀ। ਲਖਪਤ ਦੀਆਂ ਫੌਜਾਂ ਬੜੀ ਤੇਜ਼ੀ ਨਾਲ ਮਾਰੋ-ਮਾਰ ਕਰਦੀਆਂ ਵੱਧ ਰਹੀਆਂ ਸਨ। ਇਸ ਵਿਸ਼ਾਲ ਜੰਗੀ ਘੇਰੇ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੀ, ਸਰਦਾਰ ਗੁਰਦਿਆਲ ਸਿੰਘ ਡੱਲੇਵਾਲੀਆ ਅਗਵਾਈ ਕਰ ਰਹੇ ਸਨ।

ਕੁੱਝ ਸਿੰਘਾਂ ਨੇ ਇਹ ਬਿਖੜਾ ਪੈਂਡਾ ਤਹਿ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੌਲੀ ਵੱਲ ਚਾਲੇ ਪਾ ਦਿੱਤੇ। ਅੱਗੋਂ ਪਹਾੜੀ ਰਾਜਿਆਂ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸਿੰਘ ਫਿਰ ਵੀ ਚੜ੍ਹਦੀ ਕਲਾ ਵਿਚ ਜੈਕਾਰੇ ਲਾਉਂਦਿਆਂ ਦੁਸ਼ਮਣ 'ਤੇ ਟੁੱਟ ਪਏ। ਉਹ ਰਣਭੂਮੀ ਵਿਚ ਸਿਰ ਦੀ ਬਾਜ਼ੀ ਲਾ ਕੇ ਜੂਝ ਰਹੇ ਸਨ। ਇਸ ਘਮਸਾਨ ਦੇ ਜੰਗ ਵਿਚ 7 ਹਜ਼ਾਰ ਸਿੰਘ ਸ਼ਹੀਦੀ ਪਾ ਗਏ। ਲਖਪਤ ਰਾਏ ਦੀ ਫੌਜ ਦੇ ਨਾਮੀ ਜਰਨੈਲ ਵੀ ਮਾਰੇ ਗਏ। ਲਗਭਗ 3 ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਾਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ। ਕਈ ਸਿੰਘ ਜੰਗਲ ਦੀ ਅੱਗ ਤੇ ਦਰਿਆ ਦੀ ਮਾਰ ਹੇਠ ਸ਼ਹੀਦੀਆਂ ਪਾ ਗਏ। ਪਹਿਲਾਂ ਇਸ ਜੰਗ ਨੂੰ ਸਿਰਫ ਘੱਲੂਘਾਰਾ ਕਿਹਾ ਜਾਂਦਾ ਸੀ। ਮੁਗਲਾਂ ਦੇ ਦੋ ਦਹਾਕੇ ਚਲੇ ਇਸ ਤਸ਼ੱਦਦ ਵਿਚ ਫਿਰ 1762 ਈ. ਵਿਚ ਕੁੱਪਰਹੀੜੇ ਦੇ ਅਸਥਾਨ 'ਤੇ ਸਿੰਘਾਂ ਦੇ ਹੋਏ ਭਾਰੀ ਕਤਲੇਆਮ ਤੋਂ ਬਾਅਦ ਇਹ ਛੋਟਾ ਘੱਲੂਘਾਰਾ ਕਿਹਾ ਜਾਣ ਲੱਗ ਪਿਆ। ਘੱਲੂਘਾਰੇ ਦਾ ਅਰਥ ਹੈ "ਸਭ ਕੁੱਝ ਬਰਬਾਦ ਹੋ ਜਾਣਾ"। ਘੱਲੂਘਾਰਾ ਅਫਗਾਨੀ ਬੋਲੀ ਵਿਚੋਂ ਹੈ।

ਅੰਤਿਕਾ:- ਇਤਿਹਾਸ ਗਵਾਹ ਹੈ ਕਿ ਸਿੰਘ ਜਦ ਵੀ ਜੰਗ ਵਿਚ ਜੂਝੇ, ਉਨ੍ਹਾਂ ਆਪਣੀ ਨਿੱਜ-ਹੋਂਦ ਨੂੰ ਧਰਮ-ਯੁੱਧ ਵਿਚ ਸਮਰਪਣ ਕੀਤਾ ਹੈ। ਉਨ੍ਹਾਂ ਕਦੇ ਵੀ ਮੌਤ ਨਾਲ ਸਮਝੌਤਾ ਨਹੀਂ ਕੀਤਾ। ਜੂਝ ਕੇ ਸ਼ਹੀਦ ਹੋਣ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਗਾਉਂਦੇ ਸਨ:-

ਸਿਰੁ ਜਾਵੇ ਤਾ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।

# ਮਨੁੱਖੀ ਦੁਖਾਂਤ ਮਨੁੱਖ ਦੇ ਆਪਣੇ ਹੀ ਹੱਥੋਂ



-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਗਰੇ। ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਮਨੁੱਖ ਕੋਲ ਕੁਦਰਤੀ ਆਫਤਾਂ ਭਾਵ ਵਰਖਾ, ਹਨੇਰੀ, ਝੱਖੜ, ਗਰਮੀ, ਸਰਦੀ ਅਤੇ ਬਿਮਾਰੀਆਂ ਦਾ ਕੋਈ ਹੱਲ ਨਹੀਂ। ਪਰ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਦਜਿਆਂ ਲਈ ਵੀ ਜਿਊਣਾ ਸਿੱਖੇ । ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇ ਮਨੁੱਖ ਪੂਰਨ ਮਨੁੱਖ ਹੋਵੇ, ਭਾਵ ਮਨੁੱਖ ਵਿਚ ਮਨੁੱਖਤਾ ਤਾਂ ਹੋਵੇ। ਪਰ ਸਦੀਆਂ ਬੀਤ ਗਈਆਂ, ਅਜਿਹਾ ਨਹੀਂ ਹੋਇਆ। ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ, ਇਸਲਾਮ ਅਤੇ ਸਿੱਖ ਧਰਮ, ਜਿਹੜਾ ਹਿੰਦੂ ਧਰਮ ਦੀਆਂ ਊਣਤਾਈਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾ ਨੇ ਸਥਾਪਿਤ ਕੀਤਾ ਸੀ, ਪਰ ਮਨੁੱਖ ਅਜੇ ਤੱਕ ਪੂਰਨ ਮਨੁੱਖ ਨਹੀਂ ਬਣਿਆ, ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁੱਝ ਹੋ ਰਿਹਾ ਹੈ? ਮਨੁੱਖ ਦੇ ਹੱਥੋਂ ਮਨੁੱਖ ਦਾ ਹੀ ਘਾਣ ਹੈ। ਰਿਹਾ ਹੈ। ਮਨੁੱਖ ਇੱਕ ਸਿਰ, ਇੱਕ ਮੂੰਹ, ਇੱਕ ਨੱਕ, ਦੋ ਹੱਥ, ਦੇ ਪੈਰ, ਦੋ ਅੱਖਾਂ, ਦੋ ਬਾਹਵਾਂ ਅਤੇ ਦੋ ਲੱਤਾਂ ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ। ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ, ਨੈਤਿਕਤਾ, ਅਹਿਸਾਸ ਅਤੇ ਜਜ਼ਬਾ ਹੋਵੇ।

ਆਦਮੀ ਮੇਂ ਲਾਖੋਂ ਜੌਹਰ ਹੋ,
ਅਗਰ ਆਦਮੀਅਤ ਨਹੀਂ ਤੋਂ ਕੁੱਛ ਭੀ ਨਹੀਂ।
ਔਰ ਭੀ ਗ਼ਮ ਹੈ ਜ਼ਮਾਨੇ ਮੇਂ, ਮੁਹੱਬਤ ਕੇ ਸਿਵਾ।
ਰਾਹਤੇਂ ਔਰ ਭੀ ਹੈ, ਵਸਲ ਕੀ ਰਾਹਤ ਕੇ ਸਿਵਾ।

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੀਂ ਨਹੀ ਹੋਣਾ ਚਾਹੀਦਾ। ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਦੂਜਿਆਂ ਨਾਲ ਅਜਿਹਾ ਵਤੀਰਾ ਕਰੋ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਮਨੁੱਖ ਦੇ ਕੋਲ ਕੁਦਰਤੀ ਆਫਤਾਂ ਭਾਵ ਵਰਖਾ, ਹਨ੍ਹੇਰੀ, ਝੱਖੜ, ਗਰਮੀ, ਸਰਦੀ ਅਤੇ ਬਿਮਾਰੀਆਂ ਆਦਿ ਦਾ ਕੋਈ ਹੱਲ ਨਹੀਂ। ਪਰ ਮਨੁੱਖ ਮਨੁੱਖ ਦਾ ਬੁਰਾ ਤਾਂ ਨਾ ਕਰੇ। ਦੂਜਿਆਂ ਲਈ ਵੀ ਜਿਊਣਾ ਸਿੱਖੋ।

"ਜੀਵਨ ਉਸ ਦਾ ਜੀਵਨ ਹੈ, ਜੋ ਔਰ ਕੋ ਜੀਵਨ ਦੇਤਾ ਹੈ।"

ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇ ਮਨੁੱਖ ਪੂਰਨ ਮਨੁੱਖ ਹੋਵੇ। ਭਾਵ ਮਨੁੱਖ ਵਿੱਚ ਮਨੁੱਖਤਾ ਹੋਵੇ। ਪਰ ਸਦੀਆਂ ਬੀਤ ਗਈਆਂ ਅਜਿਹਾ ਨਹੀਂ ਹੋਇਆ। ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀਆਂ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ, ਇਸਲਾਮ ਅਤੇ ਆਧੁਨਿਕ ਸਿੱਖ ਧਰਮ ਜਿਹੜਾ ਹਿੰਦੂ ਧਰਮ ਦੀਆਂ ਊਣਤਾਈਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾ ਨੇ ਸਥਾਪਿਤ ਕੀਤਾ ਸੀ। ਪਰ ਮਨੁੱਖ ਹੁਣ ਤੱਕ ਪੂਰਾ ਨਹੀਂ ਬਣਿਆ। ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁੱਝ ਹੋ ਰਿਹਾ ਹੈ, ਮਨੁੱਖ ਦੇ ਹੱਥੋਂ ਮਨੁੱਖ ਦਾ ਘਾਣ ਹੋ ਰਿਹਾ ਹੈ।

ਸਦੀਆਂ ਬੀਤ ਗਈਆਂ ਨੇ ਜਦੋਂ ਗੁਰੂ ਸਾਹਿਬਾਨ ਜੀ ਨੇ ਮਨੁੱਖ ਨੂੰ ਸ਼ੁੱਭ ਅਮਲ ਕਰਨ ਦੀ ਸਿੱਖਿਆ ਦਿੱਤੀ ਸੀ। ਸਿਆਣੇ ਕਹਿੰਦੇ ਹਨ "ਸ਼ੁੱਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ ਤਾਂ ਗੁਰੂ ਜੀ ਦਾ ਉੱਤਰ ਸੀ: "ਸੁਭ ਅਮਲਾ ਬਾਝਹੁ ਦੋਨੋ ਰੋਈ॥" ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਸਮਾਪਤ ਨਹੀਂ ਹੋ ਸਕਦਾ, ਜਦੋਂ ਤੱਕ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ। ਪੂਰਨ ਮਨੁੱਖ ਬਣਨਾ ਸੌਖਾ ਨਹੀਂ, ਜਿਵੇਂ ਫਰਿਸ਼ਤੋ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ। ਸਿੱਖ ਧਰਮ ਵਿਚ ਆਚਾਰੁ ਨੂੰ ਬਹੁਤ ਉੱਤਮ ਸਮਝਿਆ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥"

ਅੰਗਰੇਜ਼ੀ ਕਵੀ ਕੈਂਸਰ ਇਸ ਨੂੰ ਇਸ ਪ੍ਰਕਾਰ ਆਖਦੇ ਹਨ:

If wealth is lost, nothing is lost.
If health is lost, something is lost.
If character is lost, everything is lost.

ਆਪਣੇ ਵਿਚ ਮਨੁੱਖਤਾ ਪੈਦਾ ਕਰੋ। ਭਾਵ ਮਨੁੱਖ ਦੇ ਕੰਮ ਚੰਗੇ ਹੋਣੇ ਚਾਹੀਦੇ ਹਨ। ਇੱਕ ਚੰਗਾ ਅਧਿਆਪਕ, ਚੰਗਾ ਡਾਕਟਰ, ਚੰਗਾ ਲੇਖਕ, ਚੰਗਾ ਗੀਤਕਾਰ, ਚੰਗਾ ਗਾਇਕ ਹੋਣਾ ਹੋਰ ਗੱਲ ਹੈ। ਇੱਕ ਚੰਗਾ ਮਨੁੱਖ ਹੋਣਾ ਹੋਰ ਗੱਲ ਹੈ। Be honest, humble, helpful, kind, diligent, Responsible, sympathetic, humanitarian, Respectful.

ਮਨੁੱਖ ਦੀ ਪਛਾਣ ਮਨੁੱਖ ਦੇ ਕੰਮ ਅਤੇ ਮਨੁੱਖ ਦੀ ਸੰਗਤ ਹੁੰਦੀ ਹੈ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਸਤ ਸੰਗਤਿ ਮਿਲੇ ਸੋ ਤਰਿਆ। ਜੈਸੀ ਸੰਗਤ ਵੈਸੀ ਰੰਗਤ। ਜੇ ਤੁਸੀਂ ਅੰਮ੍ਰਿਤ ਨਹੀਂ ਛੱਕ ਸਕਦੇ ਅਤੇ ਸ਼ਰਾਬ ਵੀ ਨਹੀਂ ਛੱਡ ਸਕਦੇ, ਪਰ ਬੰਦਾ ਘੱਟੋ-ਘੱਟ ਬੰਦੇ ਦਾ ਬੁਰਾ ਤਾਂ ਨਾ ਕਰੇ। ਗਲਤ ਕੰਮ ਨਾ ਕਰੇ, ਭਾਵ ਬਦੀ ਤੇ ਨੇਕੀ, ਚੰਗਾ ਤੇ ਮਾੜਾ, ਸੱਚ ਤੇ ਝੂਠ, ਠੀਕ ਤੇ ਗਲਤ ਦੀ ਪਛਾਣ ਮਨੁੱਖ ਨੂੰ ਜ਼ਰੂਰ ਹੋਣੀ ਚਾਹੀਦੀ ਹੈ। ਜਿਵੇਂ ਗੁਰਬਾਣੀ ਵਿਚ ਵੀ ਮਨੁੱਖ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਹਨ, ਜਿਵੇਂ ਗੁਰਮੁਖਿ ਤੇ ਮਨਮੁਖਿ। ਜਿਹੜਾ ਵੀ ਹੁਣ ਤੱਕ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਸ ਦਿਨ ਮਨੁੱਖ ਪੂਰਨ ਮਨੁੱਖ ਬਣ ਗਿਆ, ਉਸ ਦਿਨ ਇਹ ਦੁਨੀਆਂ ਸਵਰਗ ਬਣ ਜਾਵੇਗੀ। ਇਨਸਾਫ ਚਾਹੁਣ ਵਾਲੇ ਲੋਕੋ, ਇਨਸਾਫ ਦੀ ਕੁਰਸੀ 'ਤੇ ਕਾਤਲ ਕਿਉਂ ਬਿਠਾਇਆ ਹੈ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

Be a nice person. A nice person is he who possesses a good moral character and good conscience.

# ਗੁਰਮਤਿ ਵਿਚ ਮਨੁੱਖੀ ਸਮਾਨਤਾ ਦੀ ਵਿਲੱਖਣ ਦ੍ਰਿਸ਼ਟੀ


ਡਾ. ਸਤਿੰਦਰ ਪਾਲ ਸਿੰਘ
ਈ-1716, ਰਾਜਾਜੀਪੁਰਮ
ਲਖਨਊ - 226017
akaalpurkh.7@gmail.com
ਪੰਜਾਬ ਮੇਲ USA






ਗੁਰੂ ਨਾਨਕ ਸਾਹਿਬ ਨੇ ਸ੍ਰਿਸ਼ਟੀ ਦੀ ਰਚਨਾ ਦੀ ਵਿਆਖਿਆ ਕਰਦਿਆਂ ਕਿਹਾ ਕਿ ਪ੍ਰਮਾਤਮਾ ਦੀ ਆਗਿਆ ਅਤੇ ਇੱਛਾ ਨਾਲ ਹੀ ਸਮੂਹ ਸਿਰਜਨ ਅਤੇ ਵਿਨਾਸ਼ ਹੋ ਰਿਹਾ ਹੈ। ਉਸ ਦੀ ਆਗਿਆ ਅਨੁਸਾਰ ਹੀ ਕਿਸੇ ਨੂੰ ਸ਼੍ਰੇਸ਼ਠਤਾ ਅਤੇ ਨਿਕ੍ਰਿਸ਼ਟਤਾ ਪ੍ਰਾਪਤ ਹੁੰਦੀ ਹੈ ਅਤੇ ਸੁੱਖ-ਦੁੱਖ ਮਿਲਦੇ ਹਨ। ਗੁਰੂ ਸਾਹਿਬ ਨੇ ਇਸ ਨੂੰ ਅਸਮਾਨਤਾ ਦੇ ਰੂਪ ਵਿਚ ਨਹੀਂ, ਪ੍ਰਮਾਤਮਾ ਦੀ ਵਿਵਸਥਾ ਦੇ ਰੂਪ ਵਿਚ ਵੇਖਿਆ ਅਤੇ ਕਿਹਾ ਕਿ ਸਾਰਾ ਸੰਸਾਰ ਉਸ ਦੀ ਆਗਿਆ ਨਾਲ ਬੱਝਿਆ ਹੋਇਆ ਹੈ। ਸੰਸਾਰ ਵਿਚ ਜਿਸ ਨੂੰ ਵੀ ਜੋ ਕੁਝ ਪ੍ਰਾਪਤ ਹੋਇਆ ਹੈ, ਉਸ ਵਿਚ ਉਸ ਦੀ ਯੋਗਤਾ ਜਾਂ ਸਮਰਥਾ ਦੀ ਕੋਈ ਭੂਮਿਕਾ ਨਹੀਂ ਹੈ, ਕਿਉਂਕਿ ਉਸ ਨੂੰ ਜੋ ਕੁਝ ਵੀ ਮਿਲਿਆ ਹੈ, ਉਹ ਪ੍ਰਮਾਤਮਾ ਨੇ ਦਿੱਤਾ ਹੈ।

"ਸਭਨਾ ਜੀਆ ਕਾ ਇਕੁ ਦਾਤਾ" ਉਹ ਸਭ ਦਾ ਦਾਤਾ ਹੈ। ਉਹ ਇੱਕੋ ਦਾਤਾ ਹੈ ਅਤੇ ਸਾਰੇ ਹੀ ਉਸ ਦੇ ਸਾਹਮਣੇ ਭਿਖਾਰੀ ਬਣ ਕੇ ਖੜ੍ਹੇ ਹਨ। ਸਭ ਦਾ ਭਿਖਾਰੀ ਹੋਣਾ ਆਪਸੀ ਸਮਾਨਤਾ ਦਾ ਇੱਕ ਅਜਿਹਾ ਆਧਾਰ ਹੈ, ਜਿਸ ਨੂੰ ਕੋਈ ਵੀ ਅਸਵੀਕਾਰ ਨਹੀਂ ਕਰ ਸਕਦਾ। ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਮਨੁੱਖ ਆਪਣੀ ਹੋਂਦ ਲਈ ਪੂਰੀ ਤਰ੍ਹਾਂ ਪ੍ਰਮਾਤਮਾ ਉੱਤੇ ਨਿਰਭਰ ਹੈ:—

ਕਹਿਆ ਕਰਣਾ ਦਿਤਾ ਲੈਣਾ ॥
ਗਰੀਬਾ ਅਨਾਥਾ ਤੇਰਾ ਮਾਣਾ ॥
ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ
ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੮)

ਮਨੁੱਖ ਨੂੰ ਅਕਸਰ ਆਪਣੇ ਕਰਮਾਂ ਉੱਤੇ ਅਭਿਮਾਨ ਹੁੰਦਾ ਹੈ। ਇਸ ਅਹੰਕਾਰ ਵਿਚ ਉਹ ਹੋਰਾਂ ਨੂੰ ਤੁੱਛ ਸਮਝਣ ਲੱਗ ਪੈਂਦਾ ਹੈ। ਉਸ ਨੂੰ ਜੋ ਉਪਲਬਧੀਆਂ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਦਾ ਸਿਹਰਾ ਵੀ ਉਹ ਆਪਣੇ ਸਿਰ 'ਤੇ ਬੰਨ੍ਹ ਲੈਂਦਾ ਹੈ ਅਤੇ ਆਪਣੇ ਆਪ ਨੂੰ ਹੋਰਾਂ ਨਾਲੋਂ ਸ਼੍ਰੇਸ਼ਠ ਮੰਨਣ ਲੱਗ ਪੈਂਦਾ ਹੈ। ਇਸ ਅਹੰਕਾਰ ਤੋਂ ਹੀ ਆਪਸ ਦੀ ਉਚ-ਨੀਚ 'ਤੇ ਅਸਮਾਨਤਾ ਜਨਮ ਲੈਂਦੀ ਹੈ।

ਸਮਾਜ ਵਿਚ ਅਸਮਾਨਤਾ ਦੀ ਭਾਵਨਾ ਸਭ ਤੋਂ ਵੱਡੀ ਤ੍ਰਾਸਦੀ ਹੈ, ਜਿਸ ਨੇ ਦੁੱਖ ਅਤੇ ਸੰਤਾਪ ਪੈਦਾ ਕੀਤੇ ਹਨ। ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਇਹ ਮੂਲਤः ਅਸੱਤ ਹੈ। ਮਨੁੱਖ ਜੀਵਨ ਵਿਚ ਉਹੀ ਕਰਦਾ ਹੈ, ਜੋ ਪ੍ਰਮਾਤਮਾ ਉਸ ਤੋਂ ਕਰਾਂਦਾ ਹੈ। ਪ੍ਰਮਾਤਮਾ ਦੀ ਇੱਛਾ ਅਤੇ ਹੁਕਮ ਤੋਂ ਬਿਨਾਂ ਉਹ ਕੁਝ ਵੀ ਨਹੀਂ ਕਰ ਸਕਦਾ। ਉਸ ਨੂੰ ਉਹੀ ਪ੍ਰਾਪਤ ਹੁੰਦਾ ਹੈ, ਜੋ ਪ੍ਰਮਾਤਮਾ ਦਿੰਦਾ ਹੈ। ਪ੍ਰਮਾਤਮਾ ਦੇ ਹੁਕਮ ਅਤੇ ਇੱਛਾ ਤੋਂ ਬਿਨਾਂ ਮਨੁੱਖ ਨੂੰ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਮਨੁੱਖ ਆਪਣੇ ਆਪ ਵਿਚ ਦੀਨ ਹੈ। ਉਸ ਦਾ ਮਾਣ ਪ੍ਰਮਾਤਮਾ ਦੀ ਕਿਰਪਾ ਵਿਚ ਹੈ।

ਮਨੁੱਖ ਨੂੰ ਸਭ ਤੋਂ ਵੱਧ ਅਹੰਕਾਰ ਆਪਣੀ ਬੁੱਧੀ ਉੱਤੇ ਹੁੰਦਾ ਹੈ। ਸੰਸਾਰ ਵਿਚ ਸ਼ਾਇਦ ਕੋਈ ਹੀ ਹੋਵੇਗਾ, ਜੋ ਆਪਣੇ ਆਪ ਨੂੰ ਬੁੱਧੀਮਾਨ ਨਾ ਸਮਝਦਾ ਹੋਵੇ। ਮਨੁੱਖ ਹੰਕਾਰ ਵੱਸ ਆਪਣੇ ਆਪ ਨੂੰ ਤਾਂ ਬੁੱਧੀਮਾਨ ਸਮਝਦਾ ਹੀ ਹੈ, ਪਰ ਹੋਰਾਂ ਨੂੰ ਮੂਰਖ ਵੀ ਸਮਝਦਾ ਹੈ। ਇਸ ਨਾਲ ਉਹ ਆਪਣੇ ਆਪ ਨੂੰ ਹੋਰਾਂ ਤੋਂ ਵੱਖ ਕਰ ਲੈਂਦਾ ਹੈ ਅਤੇ ਭੇਦਭਾਵ ਭਰਿਆ ਵਿਵਹਾਰ ਕਰਦਾ ਹੈ।

ਗੁਰੂ ਅਰਜਨ ਸਾਹਿਬ ਨੇ ਇਸ ਭਰਮ ਦਾ ਵੀ ਖੰਡਨ ਕੀਤਾ:—

ਨਾ ਕੋ ਮੂਰਖੁ ਨਾ ਕੋ ਸਿਆਣਾ ॥
ਵਰਤੈ ਸਭ ਕਿਛੁ ਤੇਰਾ ਭਾਣਾ ॥
ਅਗਮ ਅਗੋਚਰ ਬੇਅੰਤ ਅਥਾਹਾ
ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੮)

ਗੁਰੂ ਸਾਹਿਬ ਦੇ ਅਨੁਸਾਰ ਕੋਈ ਮੂਰਖ ਨਹੀਂ ਅਤੇ ਕੋਈ ਬੁੱਧਿਮਾਨ ਨਹੀਂ। ਪ੍ਰਮਾਤਮਾ ਨੇ ਜਿਸ ਨੂੰ ਜਿਵੇਂ ਬਣਾਇਆ ਹੈ, ਉਹ ਉਹੋ ਜਿਹਾ ਹੀ ਹੈ। ਇਹ ਪ੍ਰਮਾਤਮਾ ਦੀ ਰਚੀ ਹੋਈ ਵਿਵਸਥਾ ਹੈ, ਜਿਸ ਨੂੰ ਉਹ ਆਪ ਹੀ ਜਾਣਦਾ ਹੈ। ਮਨੁੱਖ ਇਸ ਦਾ ਰਹੱਸ ਨਹੀਂ ਸਮਝ ਸਕਦਾ। ਪ੍ਰਮਾਤਮਾ ਦੀ ਵਿਵਸਥਾ ਦਾ ਆਧਾਰ ਅਨੰਤ, ਅਗਮ ਅਤੇ ਦ੍ਰਿਸ਼ਟੀ ਤੋਂ ਪਰੇ ਹੈ। ਉਸ ਦਾ ਮੁਲਾਂਕਣ ਕਰ ਪਾਉਣਾ ਮਨੁੱਖ ਦੇ ਵੱਸ ਵਿਚ ਨਹੀਂ। ਇਸ ਲਈ ਪ੍ਰਮਾਤਮਾ ਦੀ ਵਿਵਸਥਾ ਉੱਤੇ ਪ੍ਰਸ਼ਨ ਉਠਾਉਣ ਦਾ ਵੀ ਮਨੁੱਖ ਨੂੰ ਅਧਿਕਾਰ ਨਹੀਂ। ਕੌਣ ਮੂਰਖ ਹੈ ਅਤੇ ਕੌਣ ਬੁੱਧੀਮਾਨ ਹੈ, ਇਹ ਪ੍ਰਮਾਤਮਾ ਹੀ ਜਾਣ ਸਕਦਾ ਹੈ। ਇਸ ਦਾ ਸਪੱਸ਼ਟ ਅਰਥ ਇਹ ਹੈ ਕਿ ਮਨੁੱਖ ਕਿਸੇ ਦਾ ਤਿਰਸਕਾਰ ਨਹੀਂ ਕਰ ਸਕਦਾ ਅਤੇ ਨਾ ਹੀ ਕਿਸੇ ਨਾਲ ਭੇਦਭਾਵ ਕਰ ਸਕਦਾ ਹੈ। ਅਜਿਹਾ ਕਰਨਾ ਪ੍ਰਮਾਤਮਾ ਦੀ ਰਚਨਾ ਅਤੇ ਵਿਧਾਨ ਦੇ ਵਿਰੁੱਧ ਹੈ।

ਗੁਰੂ ਨਾਨਕ ਸਾਹਿਬ ਨੇ ਵੀ ਇਸੇ ਤੱਤ ਨੂੰ ਦ੍ਰਿੜ੍ਹ ਕੀਤਾ:—

ਨਾ ਜਾਣਾ ਮੂਰਖੁ ਹੈ ਕੋਈ ਨ ਜਾਣਾ ਸਿਆਣਾ ॥
ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥ ੧ ॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥
ਤੂ ਕਰਤਾ ਤੂ ਦਾਣਾ ਬੀਣਾ ਤੈਰੇ ਨਾਮਿ ਤਰਾਉ ॥ ੧ ॥ ਰਹਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੧੫)

ਗੁਰੂ ਸਾਹਿਬ ਨੇ ਸੇਧ ਦਿੱਤੀ ਕਿ ਮਨੁੱਖ ਕਿਸੇ ਨੂੰ ਅਜਾਣ ਜਾਂ ਗਿਆਨੀ ਸਮਝ ਕੇ ਆਪਣੇ ਮਨ ਵਿਚ ਉੱਚ-ਨੀਚ ਦੀ ਭਾਵਨਾ ਨਾ ਪੈਦਾ ਕਰੇ। ਕਿਸੇ ਮਨੁੱਖ ਦੇ ਸੁਭਾਅ ਜਾਂ ਸਮਰੱਥਾ ਨੂੰ ਪਰਖਣ ਵਿਚ ਸਮਾਂ ਗੁਆਉਣ ਦੀ ਥਾਂ ਮਨੁੱਖ ਨੂੰ ਪ੍ਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ ਅਤੇ ਆਪਣੇ ਮਨ ਨੂੰ ਉਸ ਦੇ ਨਾਮ ਵਿਚ ਇਕਾਗਰ ਕਰਨਾ ਚਾਹੀਦਾ ਹੈ। ਜੇ ਕੋਈ ਅਜਾਣ ਹੈ, ਤਾਂ ਅਸਲ ਵਿਚ ਉਹ ਮਨੁੱਖ ਆਪ ਹੀ ਹੈ, ਕਿਉਂਕਿ ਅਜੇ ਤੱਕ ਉਸ ਨੂੰ ਪ੍ਰਮਾਤਮਾ ਦੀ ਸ਼ਰਨ ਨਹੀਂ ਮਿਲੀ। ਆਪਣੇ ਆਪ ਨੂੰ ਅਜਾਣ ਸਮਝ ਕੇ ਜਦੋਂ ਮਨੁੱਖ ਪ੍ਰਮਾਤਮਾ ਦੀ ਮਹਿਮਾ ਦੇ ਦਰਸ਼ਨ ਕਰਦਾ ਹੈ, ਤਾਂ ਉਸ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਕ ਪ੍ਰਮਾਤਮਾ ਹੀ ਗਿਆਨ ਦਾ ਸਾਗਰ ਹੈ ਅਤੇ ਉਹੀ ਸ੍ਰਿਸ਼ਟੀ ਦਾ ਸੰਚਾਲਨ ਕਰ ਰਿਹਾ ਹੈ। ਜੇ ਹਰ ਮਨੁੱਖ ਇਸ ਸੱਚ ਨੂੰ ਹਿਰਦੇ ਵਿਚ ਧਾਰਨ ਕਰ ਲਵੇ, ਤਾਂ ਸਮਾਜ ਵਿਚ ਸਮਰਸਤਾ ਵਿਆਪਤ ਹੋ ਜਾਵੇਗੀ ਅਤੇ ਆਪਸੀ ਪ੍ਰੇਮ ਦੀ ਅਵਸਥਾ ਬਣੇਗੀ। ਮਨੁੱਖ ਵੱਲੋਂ ਬਣਾਏ ਗਏ ਭੇਦਭਾਵ ਨਿਰਰਥਕ ਹਨ। ਇਨ੍ਹਾਂ ਤੋਂ ਸਮਾਜ ਵਿਚ ਸ਼ੋਸ਼ਣ ਅਤੇ ਅਨਿਆਂ ਦੀ ਪ੍ਰਵਿਰਤੀ ਜਨਮ ਲੈਂਦੀ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ "ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ" ਭਾਵ ਸਭ ਇਕ ਜੋਤ ਤੋਂ ਹੀ ਪੈਦਾ ਹੋਏ ਹਨ। ਉਨ੍ਹਾਂ ਦੇ ਰੂਪ ਅਤੇ ਰੰਗ ਵੱਖ ਹੋ ਸਕਦੇ ਹਨ, ਪਰ ਹਕੀਕਤ ਵਿਚ ਕੋਈ ਅੰਤਰ ਨਹੀਂ। ਉਹ ਇਕ ਹੀ ਪਿਤਾ ਦੀ ਸੰਤਾਨ ਹਨ। ਭਗਤ ਕਬੀਰ ਜੀ ਨੇ ਇਸ ਤੱਤ ਨੂੰ ਹੋਰ ਸਪੱਸ਼ਟ ਕਰਦਿਆਂ ਪ੍ਰਮਾਤਮਾ ਨੂੰ ਕੁੰਭਾਰ ਤੇ ਜੀਵਾਂ ਨੂੰ ਮਿੱਟੀ ਦੇ ਭਾਂਡਿਆਂ ਦੀ ਉਪਮਾ ਦਿੱਤੀ।

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੯)

ਪ੍ਰਮਾਤਮਾ ਨੇ ਕੁੰਭਾਰ ਦੀ ਤਰ੍ਹਾਂ ਜੀਵ ਰਚੇ ਹਨ। ਜਿਵੇਂ ਕੁੰਭਾਰ ਇਕ ਵਾਰ ਮਿੱਟੀ ਗੁੰਨਦਾ ਹੈ ਅਤੇ ਉਸੇ ਮਿੱਟੀ ਤੋਂ, ਉਸੇ ਚਾਕ ਉੱਤੇ ਅਤੇ ਉਸੇ ਵਿਧੀ ਨਾਲ ਵੱਖ-ਵੱਖ ਆਕਾਰ ਦੇ ਭਾਂਡੇ ਤਿਆਰ ਕਰ ਲੈਂਦਾ ਹੈ, ਉਸੇ ਤਰ੍ਹਾਂ ਪ੍ਰਮਾਤਮਾ ਨੇ ਵੀ ਸਭ ਦੇ ਤਨ ਪੰਜ ਤੱਤਾਂ—ਜਲ, ਵਾਯੂ, ਅਗਨੀ, ਧਰਤੀ ਅਤੇ ਆਕਾਸ਼ ਤੋਂ ਰਚੇ ਹਨ। ਕੋਈ ਵੀ ਐਸਾ ਨਹੀਂ, ਜਿਸ ਵਿਚ ਇਹ ਤੱਤ ਨਾ ਹੋਣ। ਸਭ ਨੂੰ ਸਮਾਨ ਅੰਗ ਦਿੱਤੇ ਗਏ ਹਨ ਅਤੇ ਸਭ ਦੇ ਤਨ ਇਕੋ ਸਮਾਨ ਪ੍ਰਕ੍ਰਿਆ ਨਾਲ ਗਤੀਸ਼ੀਲ ਹਨ। ਭਗਤ ਕਬੀਰ ਜੀ ਨੇ ਅੱਗੇ ਕਿਹਾ ਕਿ ਪ੍ਰਮਾਤਮਾ ਇਕ ਕੁਸ਼ਲ ਰਚਨਹਾਰ ਹੈ। ਨਾ ਉਸ ਵਿਚ ਕੋਈ ਤਰੁਟੀ ਹੈ ਅਤੇ ਨਾ ਉਸ ਦੀ ਰਚਨਾ ਵਿਚ ਕੋਈ ਭੁੱਲ ਹੋ ਸਕਦੀ ਹੈ। ਪਰ ਵਿਡੰਬਨਾ ਇਹ ਹੈ ਕਿ ਮਨੁੱਖ ਇਸ ਸੱਚ ਨੂੰ ਜਾਣਦਾ ਹੋਇਆ ਵੀ ਸਵਿਕਾਰ ਨਹੀਂ ਕਰਦਾ। ਮਾਇਆ ਦਾ ਪ੍ਰਭਾਵ ਇੰਨਾ ਗਹਿਰਾ ਹੈ ਕਿ ਮਨ ਭਟਕਦਾ ਰਹਿੰਦਾ ਹੈ ਅਤੇ ਇਸ ਸੱਚ ਉੱਤੇ ਟਿਕਦਾ ਨਹੀਂ। ਮਨੁੱਖ ਆਤਮਕੇਂਦ੍ਰਿਤ ਹੋ ਜਾਂਦਾ ਹੈ। ਉਹ ਐਸਾ ਜੀਵਨ ਜੀਉਂਦਾ ਹੈ, ਜਿਵੇਂ ਉਸ ਨੂੰ ਸੰਸਾਰ ਤੋਂ ਕਦੇ ਜਾਣਾ ਹੀ ਨਹੀਂ। ਧਨ, ਦੌਲਤ, ਸ਼ੋਹਰਤ, ਬਲ ਅਤੇ ਸੱਤਾ ਇਕੱਠੀ ਕਰਨ ਵਿਚ ਉਹ ਦਿਨ-ਰਾਤ ਇਕ ਕਰ ਦਿੰਦਾ ਹੈ ਅਤੇ ਪ੍ਰਮਾਤਮਾ ਨੂੰ ਭੁੱਲ ਕੇ ਦੁੱਖ ਭੋਗਦਾ ਹੈ।

ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥
ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੨੯)

ਗੁਰੂ ਨਾਨਕ ਸਾਹਿਬ ਨੇ ਸੁਚੇਤ ਕੀਤਾ ਕਿ ਜਦੋਂ ਮਨੁੱਖ ਦਾ ਮਨ ਤ੍ਰਿਸ਼ਨਾ ਅਤੇ ਲਾਲਸਾ ਵਿਚ ਲਿਪਤ ਹੋ ਕੇ ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ ਅਤੇ ਆਪਣੇ ਸਵਾਰਥਾਂ ਦੀ ਪੂਰਤੀ ਵਿਚ ਲੱਗ ਜਾਂਦਾ ਹੈ, ਤਾਂ ਇਸ ਦਾ ਨਤੀਜਾ ਦੁੱਖ ਅਤੇ ਸੰਤਾਪ ਦੇ ਰੂਪ ਵਿਚ ਹੀ ਨਿਕਲਦਾ ਹੈ। ਉਸ ਸਮੇਂ ਨਾ ਧਨ ਕੰਮ ਆਉਂਦਾ ਹੈ, ਨਾ ਸੰਪੱਤੀ, ਨਾ ਸੱਤਾ ਅਤੇ ਨਾ ਹੀ ਬਲ ਸਾਥ ਰਹਿੰਦਾ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਇਹ ਸਭ ਕੁਝ ਮਦਾਰੀ ਦੇ ਤਮਾਸ਼ੇ ਵਾਂਗ ਹੈ। ਮਾਇਆ ਮਦਾਰੀ ਦੀ ਤਰ੍ਹਾਂ ਮਨੁੱਖ ਨੂੰ ਨਚਾਂਦੀ ਹੈ ਅਤੇ ਭੀੜ ਇਕੱਠੀ ਹੋ ਜਾਂਦੀ ਹੈ, ਪਰ ਖੇਡ ਖਤਮ ਹੋਣ ਨਾਲ ਹੀ ਸਭ ਕੁਝ ਛਿੰਨ-ਭਿੰਨ ਹੋ ਜਾਂਦਾ ਹੈ। ਸੱਚ ਇਹ ਹੈ "ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ" ਮਾਇਆ ਕਦੇ ਕਿਸੇ ਦੀ ਸੰਗੀ ਨਹੀਂ ਬਣੀ। ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਿਆ, ਪਰ ਨਾਲ ਹੀ ਜੀਵਨ ਦੀ ਸਦਵਰਤੋਂ ਦੀ ਪ੍ਰੇਰਣਾ ਵੀ ਦਿੱਤੀ। ਇਵੇਂ ਮਨ ਅੰਦਰ ਪ੍ਰਮਾਤਮਾ ਲਈ ਤੇ ਨਾਲ ਹੀ ਉਸ ਦੀ ਰਚੀ ਸਾਰੀ ਸ੍ਰਿਸ਼ਟੀ, ਸਾਰੇ ਜੀਆਂ ਪ੍ਰਤੀ ਪ੍ਰੇਮ ਦੀ ਭਾਵਨਾ ਜਨਮ ਲੈਂਦੀ ਹੈ, ਜੋ ਮਨੁੱਖੀ ਸਮਾਨਤਾ ਦਾ ਅਡੋਲ ਆਧਾਰ ਬਣਦੀ ਹੈ। ਗੁਰਬਾਣੀ ਸਮਾਨਤਾ ਦੇ ਸਿਧਾਂਤ ਨੂੰ ਵਿਵਹਾਰ ਨਾਲ ਜੋੜ ਕੇ ਸਮਾਨਤਾ ਦੇ ਚਿੰਤਨ ਨੂੰ ਪੂਰਨ ਤੇ ਪਰਿਪੱਕ ਬਣਾਉਂਦੀ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੪੫)

ਗੁਰੂ ਸਾਹਿਬਾਨ ਨੇ ਸਦਾ ਪਰ-ਹਿਤ ਦੀ ਪ੍ਰੇਰਣਾ ਦਿੱਤੀ। ਇਕ ਵਾਰ ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਸਾਹਿਬ ਨਾਲ ਮਿਲਣ ਦੀ ਇੱਛਾ ਜਤਾਈ। ਗੁਰੂ ਅਮਰਦਾਸ ਸਾਹਿਬ ਨੇ ਆਪ ਨਾ ਜਾ ਕੇ ਭਾਈ ਜੇਠਾ ਜੀ (ਗੁਰੂ ਰਾਮਦਾਸ ਸਾਹਿਬ) ਨੂੰ ਲਾਹੌਰ ਭੇਜਿਆ। ਅਕਬਰ ਨੇ ਧਰਮ ਅਤੇ ਸਿੱਖ ਪੰਥ ਬਾਰੇ ਕਈ ਪ੍ਰਸ਼ਨ ਕੀਤੇ, ਜਿਨ੍ਹਾਂ ਦੇ ਉੱਤਰ ਭਾਈ ਜੇਠਾ ਜੀ ਨੇ ਬਹੁਤ ਵਿਦਵਤਾ ਅਤੇ ਸਪੱਸ਼ਟਤਾ ਨਾਲ ਦਿੱਤੇ। ਅਕਬਰ ਪ੍ਰਭਾਵਿਤ ਹੋਇਆ ਅਤੇ ਕੁਝ ਮੰਗਣ ਲਈ ਕਿਹਾ। ਗੁਰੂ ਰਾਮਦਾਸ ਜੀ ਨੇ ਆਪਣੇ ਲਈ ਕੁਝ ਨਾ ਮੰਗ ਕੇ ਹਿੰਦੂਆਂ ਉੱਤੇ ਲਗਾਏ ਵਿਸ਼ੇਸ਼ ਕਰ ਨੂੰ ਮਾਫ਼ ਕਰਨ ਦੀ ਬੇਨਤੀ ਕੀਤੀ। ਅਕਬਰ ਨੇ ਤੁਰੰਤ ਇਹ ਮੰਗ ਸਵੀਕਾਰ ਕਰ ਲਈ ਅਤੇ ਕਰ ਮੁਆਫ਼ੀ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਰਾਮਦਾਸ ਸਾਹਿਬ ਨੇ ਗੁਰੂ ਘਰ ਦੀ ਮਹਾਨਤਾ ਵੀ ਕਾਇਮ ਰੱਖੀ, ਅਨਿਆਂ ਸਹਿ ਰਹੇ ਹਿੰਦੂਆਂ ਦੀ ਵੀ ਬਿਨ ਮੰਗੀਆਂ ਮਦਦ ਕਰ ਦਿੱਤੀ। ਇਹੋ "ਘਾਲਿ ਖਾਇ ਕਿਛੁ ਹਥਹੁ ਦੇਇ" ਦੀ ਗੁਰਮਤਿ ਪ੍ਰੇਰਿਤ ਜੀਵਨ-ਪ੍ਰਣਾਲੀ ਹੈ। ਇਹ ਮਨੁੱਖੀ ਸਮਾਨਤਾ ਨੂੰ ਸਨਮਾਨ ਨਾਲ ਵੀ ਜੋੜਦੀ ਹੈ। ਹਰ ਮਨੁੱਖ ਬਰਾਬਰੀ ਦੇ ਸਨਮਾਨ ਦਾ ਵੀ ਹੱਕਦਾਰ ਹੈ।

ਸੰਸਾਰ ਵਿਚ ਪਹਿਲਾਂ ਪ੍ਰੰਪਰਾ ਸੀ ਕਿ ਗੁਰੂ ਗਿਆਨ ਦਾ ਮਾਲਕ ਰਹਿੰਦਾ ਸੀ ਅਤੇ ਆਪਣੇ ਅਨੁਆਈਆਂ ਨੂੰ ਸੀਮਿਤ ਗਿਆਨ ਦਿੰਦਾ ਸੀ, ਤਾਂ ਜੋ ਗੁਰੂ ਦਾ ਮਹੱਤਵ ਬਣਿਆ ਰਹੇ। ਗੁਰੂ ਸਾਹਿਬਾਨ ਨੇ ਆਪਣੇ ਸਿੱਖ ਨੂੰ ਆਪਣੇ ਵਰਗਾ ਬਣਾਇਆ ਅਤੇ ਆਪਣਾ ਸਮੂਹ ਗਿਆਨ ਗੁਰਬਾਣੀ ਰਾਹੀਂ ਉਨ੍ਹਾਂ ਨੂੰ ਸੌਂਪ ਦਿੱਤਾ। ਇਸ ਨਾਲ ਗੁਰੂ ਅਤੇ ਸਿੱਖ ਇਕ ਸਮਾਨ ਤਲ ਉੱਤੇ ਆ ਗਏ। ਗੁਰਸਿੱਖ ਭਗਤੀ ਆਪਣੇ ਤੱਕ ਹੀ ਸੀਮਤ ਨਹੀਂ ਰੱਖਦਾ, ਹੋਰਨਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਦਾ ਹੈ, ਤਾਂ ਜੋ ਇੱਕ ਸ੍ਰੇਸ਼ਟ ਸਮਾਜ ਵਿਕਸਿਤ ਹੋ ਸਕੇ।

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੯੮)

ਮਨੁੱਖ ਦਾ ਆਪਣੇ ਆਪ ਵਿਚ ਸੀਮਤ ਨਾ ਰਹਿ ਕੇ ਸਮੂਹ ਮਨੁੱਖਤਾ ਨੂੰ ਆਪਣਾ ਅੰਗ ਬਣਾ ਲੈਣਾ ਹੀ ਗੁਰਮਤਿ ਅਨੁਸਾਰ ਸਭ ਤੋਂ ਉੱਚੀ ਆਤਮਿਕ ਅਵਸਥਾ ਹੈ।

> ਸਮਾਜ ਵਿਚ ਅਸਮਾਨਤਾ ਦੀ ਭਾਵਨਾ ਸਭ ਤੋਂ ਵੱਡੀ ਤ੍ਰਾਸਦੀ ਹੈ, ਜਿਸ ਨੇ ਦੁੱਖ ਅਤੇ ਸੰਤਾਪ ਪੈਦਾ ਕੀਤੇ ਹਨ। ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਇਹ ਮੂਲਤः ਅਸੱਤ ਹੈ। ਮਨੁੱਖ ਜੀਵਨ ਵਿਚ ਉਹੀ ਕਰਦਾ ਹੈ, ਜੋ ਪ੍ਰਮਾਤਮਾ ਉਸ ਤੋਂ ਕਰਾਂਦਾ ਹੈ। ਪ੍ਰਮਾਤਮਾ ਦੀ ਇੱਛਾ ਅਤੇ ਹੁਕਮ ਤੋਂ ਬਿਨਾਂ ਉਹ ਕੁਝ ਵੀ ਨਹੀਂ ਕਰ ਸਕਦਾ।

# ਮਾਂ ਦੀ ਯਾਦ

ਮਾਂਵਾਂ ਬੋਹੜ ਦੀਆਂ ਠੰਡੀਆਂ ਛਾਵਾਂ
ਛਾਵਾਂ ਕੌਣ ਕਰੇ

ਮਾਂਵਾਂ ਬਿਨਾਂ ਕੌਣ ਲਾਡ ਲਡਾਵੇ
ਮਾਂਵਾਂ ਬਿਨਾਂ ਕੌਣ ਚਾਅ-ਮਲ੍ਹਾਰ ਕਰੇ

ਮਾਂ ਹੁੰਦੀ ਹੈ ਮੋਹ-ਮਮਤਾ
ਚਾਵਾਂ, ਮਲ੍ਹਾਰ, ਸੱਧਰਾਂ, ਉਮੰਗਾਂ

ਰੀਝਾਂ ਤੇ ਇੱਛਾਵਾਂ ਦੀ ਮੂਰਤ
ਮਾਂ ਜਦੋਂ ਤੇਰੀ ਯਾਦ ਆਉਂਦੀ

ਲੱਗ ਜਾਂਦੀ ਹੰਝੂਆਂ ਦੀ ਝੜੀ
ਕਦੀ ਕਿਸੇ ਬੱਚੇ ਦੀ ਮਾਂ ਨਾ ਮਰੇ

ਮਾਂ ਬਿਨਾਂ ਜੀਵਨ ਵਿੱਚ ਹੁੰਦਾ ਹੈ ਹਨ੍ਹੇਰਾ
ਮਾਂ ਨੂੰ ਦੇਖਦਿਆਂ ਹੀ ਚੜ੍ਹ ਜਾਂਦਾ ਹੈ ਚਾਅ

ਮਾਂ ਬਿਨਾਂ
ਜੀਵਨ ਉਸ ਬਿਰਖ ਵਾਂਗ ਹੋ ਜਾਂਦਾ ਹੈ

ਜਿਸ ਉੱਤੇ ਪੱਤਝੜ ਦਾ ਮੌਸਮ ਹੋਵੇ
ਉਸ ਉੱਤੇ ਕਿਸੇ ਫੁੱਲ ਤੇ ਫਲ

ਆਉਣ ਦੀ ਹੁਣ ਕੋਈ ਆਸ ਨਾ ਹੋਵੇ
ਮਾਂ ਤੇਰੇ ਪਰਉਪਕਾਰ ਭੁਲਾਏ ਨਹੀਂ ਜਾ ਸਕਦੇ

ਮਾਂ ਤੇਰਾ ਕਰਜ਼ਾ ਕਦੀ ਵੀ ਉਤਾਰਿਆ ਨਹੀਂ ਜਾ ਸਕਦਾ।
ਮਾਂ ਤੇਰਾ ਮੇਰੇ ਨਾਲ ਪਿਆਰਾ


ਬਾਕੀ ਪਰਿਵਾਰ ਨਾਲੋਂ ਵੱਖਰਾ ਹੀ ਸੀ
ਜਦ ਕਿਸੇ ਦਿਨ ਮੈਂ ਸਕੂਲ ਤੋਂ ਲੇਟ ਹੋ ਜਾਂਦਾ

ਤਾਂ ਤੂੰ ਮੇਰਾ ਸਕੂਲ ਦਾ ਰਾਹ ਤੱਕਦੀ ਰਹਿੰਦੀ
ਮਾਂ ਤੂੰ ਬਾਕੀ ਪਰਿਵਾਰ ਨਾਲੋਂ ਮੇਰੇ ਖਾਣ-ਪੀਣ

ਦਾ ਵੀ ਵੱਧ ਖਿਆਲ ਰੱਖਦੀ
ਸਵੇਰ ਨੂੰ ਦਹੀ ਵਿਚ ਮੱਖਣ ਪਾਉਣਾ

ਅਤੇ ਰਾਤ ਨੂੰ ਦੁੱਧ ਦਾ ਗਿਲਾਸ ਦੇਣਾ ਵੀ ਕਦੀ ਨਾ ਭੁੱਲਦੀ
ਮਾਂ ਤੇਰੇ ਪਾਸ ਭਾਵੇਂ ਸਕੂਲੀ ਵਿਦਿਆ ਨਹੀਂ ਸੀ

ਪਰ ਮਾਂ ਤੂੰ ਮੈਨੂੰ ਬਹੁਤ ਵਧੀਆ ਸੰਸਕਾਰ ਦਿੱਤੇ
ਮਾਂ ਅੱਜ ਮੈਂ ਜੋ ਵੀ ਹਾਂ, ਤੇਰੇ ਕਰਕੇ ਹੀ ਹਾਂ
ਮਾਂ ਜਦੋਂ ਤੇਰੀ ਯਾਦ ਆਉਂਦੀ, ਲੱਗ ਜਾਂਦੀ ਹੰਝੂਆਂ ਦੀ ਝੜੀ



-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955

ਪੰਜਾਬ ਮੇਲUSA

# ਸਕੂਨ

ਛੱਡ ਘਰਬਾਰ ਨ ਜੰਗਲੀਂ ਲੱਭੇ।
ਬੁਰਾ ਪਾਇਆ ਹੈ ਜੱਗ ਨੂੰ ਖੱਭੇ।
ਰਿਸ਼ੀਮੁਨੀ ਬੀਆਬਾਨੀ ਖੱਪਦੇ।
ਜੋਗੀ ਧੂਣੀਆਂ ਲਾ ਲਾ ਥੱਕਦੇ।

ਭਸਮ ਬਿਭੂਤੀ ਮਲ ਮਲ ਸੀਨੇ।
ਰਿਧੀ ਸਿਧੀ ਕਰਕੇ ਥੱਕੇ ਦੀਨੇ।
ਦੀਨ ਗੁਆਚਾ ਦੁਨੀ ਗੁਆਈ।
ਜੋਗੀ ਨੂੰ ਵੀ ਸਮਝ ਨਾ ਆਈ।

ਹਾਰ ਗਏ ਨ ਹੋਈ ਮੁਕਤੀ ਹੈ।
ਹੰਭ ਗਏ ਨ ਚੱਲੀ ਜੁਗਤੀ ਹੈ।
ਬਹੁਤੇ ਭੇਖੀ ਹੋ ਗਏ ਸਵਾਮੀ।
ਮੱਤਾਂ ਦੇ ਭਰਮਾਉਂਦੇ ਅਵਾਮੀਂ।

ਸਕੂਨ ਦੀ ਭਾਸ਼ਾ ਮਿੱਠੀ ਖੀਰ।
ਬੋਲ ਗਏ ਗੁਰੂ ਪੀਰ ਫ਼ਕੀਰ।
ਦੁੱਖ ਗ਼ਮ ਹੈ ਜੇ ਮਨ ਅਧੀਰ।
ਮਨ ਦੀ ਸਾਧਨਾ ਹੈ ਅਖ਼ੀਰ।

ਇਹਦੀ ਕੋਈ ਖ਼ਾਸ ਥਾਂ ਨਹੀਂ ਹੈ।
ਤਨ ਮਿੱਟੀ ਮਨ ਦੀ ਮਾਂ ਨਹੀਂ ਹੈ।
ਇਹ ਅਹਿਸਾਸਾਂ ਦਾ ਮੰਜ਼ਰ ਹੈ।
ਬੱਸ ਵਸਦਾ ਸਭ ਤੇਰੇ ਅੰਦਰ ਹੈ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲUSA

# ਟੁੱਟੀ ਡੋਰ

ਟੁੱਟੀ ਡੋਰ ਦੇ ਦੋ ਕਿਨਾਰੇ, ਮੁੜ ਮਿਲਣਾ ਚਾਹੁੰਦੇ ਨੇ।
ਨਫ਼ਰਤ ਦੀ ਦੱਲ ਦੱਲ ਵਿਚੋਂ, ਫੁੱਲ ਖਿੜਨਾ ਚਾਹੁੰਦੇ ਨੇ।
ਸੁੰਨੀਆਂ ਰਾਹਵਾਂ, ਪੈੜ ਕੋਈ ਕੋਈ, ਮੱਧਮ ਜਾਪ ਰਹੀ,
ਢਲਦੇ ਸੂਰਜ ਦੀ ਲਾਲੀ, ਕੁਝ ਹੋਰ ਹੀ ਆਖ ਰਹੀ।
ਸੁੱਕੇ ਬਿਰਖ 'ਤੇ ਬੈਠੇ ਪਰਿੰਦੇ ਨਵੀਂ ਉਡਾਣ ਦੇ ਲਈ,
ਅੰਬਰ ਉਨ੍ਹਾਂ ਨੂੰ ਛੋਟਾ ਜਾਪੇ ਗੀਤ ਗਾਉਣ ਦੇ ਲਈ।
ਡਰਦੇ ਡਰਦੇ ਉਹ ਨਵੇਂ ਪੂਰਨੇ ਪਾਉਣਾ ਚਾਹੁੰਦੇ ਨੇ,
ਟੁੱਟੀ ਡੋਰ ਦੇ ਦੋ ਕਿਨਾਰੇ, ਮੁੜ ਮਿਲਣਾ ਚਾਹੁੰਦੇ ਨੇ।

ਵਕਤ ਹੀ ਬੜਾ ਭਾਰਾ ਸੀ, ਜੋ ਲੰਘ ਗਿਆ ਸੱਜਣਾ,
ਕੋਠੇ ਸਾਡੇ ਕੱਚੇ ਸਨ, ਵਿਹੜੇ ਗਾਰਾ ਸੀ ਸੱਜਣਾ।
ਪਸੰਦ ਉਨ੍ਹਾਂ ਨੂੰ ਆਇਆ ਨਹੀਂ ਦਿੱਤਾ ਪਾਣੀ ਸੱਜਣਾ,
ਲਿਖੇ ਲੇਖ ਉਸ ਤਾਈਂ ਦਰਦ ਹੰਢਾਇਆ ਵੇ ਸੱਜਣਾ।
ਤੱਕ ਦੀਦਾਰ ਤੇਰੇ ਦੀਦ ਦੀ ਮੋਰ ਪੈਲਾ ਪਾਉਂਦੇ ਨੇ।
ਟੁੱਟੀ ਡੋਰ ਦੇ ਦੋ ਕਿਨਾਰੇ, ਮੁੜ ਮਿਲਣਾ ਚਾਹੁੰਦੇ ਨੇ।

ਤੈਨੂੰ ਜਦ ਵੀ ਤੱਕ ਲੈਂਦੇ ਸਾਰੀ ਭੁੱਖ ਮਿਟ ਜਾਂਦੀ,
ਉਦਾਸ ਰੁੱਤਾਂ ਵਿਚ ਵੀ ਮਹਿਫ਼ਿਲ ਖਿੜ ਜਾਂਦੀ।
ਪੱਤਾ ਪੱਤਾ ਚਹਿਕ ਰਿਹਾ, ਬੂਰ ਅੰਬਾਂ ਨੂੰ ਆਇਆ ਏ,
ਅੱਜ ਫੇਰ ਫੇਰਾ ਯਾਰੋ ਕੋਇਲ ਨੇ ਪਾਇਆ ਏ।
ਸਤਰੰਗੀ ਪੀਂਘ ਦੇ ਕਿਨਾਰੇ ਵਧਣਾ ਚਾਹੁੰਦੇ ਨੇ,
ਟੁੱਟੀ ਡੋਰ ਦੇ ਦੋ ਕਿਨਾਰੇ, ਮੁੜ ਮਿਲਣਾ ਚਾਹੁੰਦੇ ਨੇ।

ਯਾਦਵਿੰਦਰ ਸਿੰਘ ਕਲੌਲੀ
81684-33853

ਪੰਜਾਬ ਮੇਲUSA

# ਮੈਂ-ਕਾਲ: ਤ੍ਰੈਕਾਲ

ਦਰ ਸਾਡੇ 'ਤੇ ਆ ਗਏ,
ਦਰਿਆਵਾਂ ਦੇ ਵਹਿਣ!

"ਬਣ ਤੂੰ ਵੀ ਦਰਿਆ",
ਇਹ ਲਹਿਰਾਂ ਕਹਿਣ!!!

ਸ਼ਬਦਾਂ ਵਿਚ ਜੁ ਵੱਗਦੇ,
ਕੰਢੀਂ ਕਦੇ ਨਾ ਰਹਿਣ।

ਮੇਰਾ ਇਕ, ਇਕ ਸ਼ਬਦ ਹੀ,
ਹੈ ਵਗਦਾ "ਦਰਿਆ"।
ਸੋਚ ਮੇਰੀ 'ਚੋਂ ਜਨਮਿਆ,
ਇਹ ਸ਼ਬਦ: "ਖੁਦਾ"।

ਕੰਢਿਆਂ ਵਿਚ ਨਾ ਬੱਝਦਾ,
ਅਰਥਾਂ ਦਾ ਬਹਾਅ।
ਫਲਸਫੇ ਵਿਚੋਂ ਫਲਸਫਾ,
ਇੰਞ ਹੀ ਰਹਿੰਦਾ ਮੌਲਦਾ।

॥ ਰਹਾਓ ॥

ਈਸਾ ਬੁੱਧ ਤੇ ਨਾਨਕ ਵੀ,
ਅਰਥਾਂ ਦੇ ਹੀ ਨਾਮ।

1. ਨਿਤਸ਼ੇ, 2. ਮਾਰਕਸ ਤੇ 3. ਸਾਰਤ ਵੀ,
4. ਸੂਤਰ ਬਣੇ 5. ਪੈਗ਼ਾਮ।

ਆਦਿ-ਕਾਲ ਤੋਂ ਜਾਰੀ ਹੈ,
ਚਿੰਤਨ ਦਾ ਇਹ ਸਿਲਸਿਲਾ।
ਤ੍ਰੈਕਾਲੀ ਦ੍ਰਿਸ਼ਟੀ ਦੇ ਅੰਦਰ,
ਸਮਾਂ ਨਿਰੰਤਰ ਚੱਲ ਰਿਹਾ!!!

------

*1. ਨਿਤਸ਼ੇ: ਫਰੈਡਰਿਕ ਨਿਤਸ਼ੇ - ਜਰਮਨ ਫਿਲਾਸਫਰ*
*2. ਮਾਰਕਸ: ਕਾਰਲ ਮਾਰਕਸ - ਜਰਮਨ ਫਿਲਾਸਫਰ*
*3. ਸਾਰਤ: ਜਾਂ ਪਾਲ ਸਾਰਤ - ਫਰਾਂਸੀਸੀ ਫਿਲਾਸਫਰ*
*4. ਸੂਤਰ: ਫਾਰਮੂਲਾ, ਮੂਲ ਅਰਥ, ਤੱਤ ਸਾਰ*
*5. ਪੈਗ਼ਾਮ: ਸੰਦੇਸ਼, ਸੁਨੇਹਾ*



-ਰਵਿੰਦਰ ਰਵੀ, ਕੈਨੇਡਾ
250-635-4455

ਪੰਜਾਬ ਮੇਲUSA

PUNJAB MAIL USA

TV Channel, Newspaper, Radio

24 Hours 7 Days




All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

+1-916-320-9444



FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa

REALTOR CA DRE licence # 01490567

916-320-9444